# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 20 | 16 May 2018 to 22 May 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਆਖ਼ਰ ਅਦਾਲਤੀ ਸਿਕੰਜੇ ਚੋਂ ਮੁਕਤ ਹੋਇਆ ਨਵਜੋਤ ਸਿੱਧੂ

### *ਸੁਪਰੀਮ ਕੋਰਟ ਨੇ ਇਰਾਦਾ ਕਤਲ ਕੇਸ 'ਚ ਲਾਇਆ ਮਹਿਜ਼ ਇਕ ਹਜ਼ਾਰ ਰੁਪਏ ਦਾ ਜੁਰਮਾਨਾ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਪੰਜਾਬ ਦੇ ਟੂਰਿਜ਼ਮ ਮੰਤਰੀ ਅਤੇ ਉਘੇ ਕ੍ਰਿਕਟ ਖਿਡਾਰੀ ਨਵਜੋਤ ਸਿੰਘ ਸਿੱਧੂ ਨੂੰ 30 ਸਾਲ ਪੁਰਾਣੇ ਰੋਡਰੇਜ ਮਾਮਲੇ ਵਿੱਚ ਵੱਡੀ ਰਾਹਤ ਦਿੰਦਿਆਂ ਕੋਈ ਸਜ਼ਾ ਨਹੀਂ ਦਿੱਤੀ ਪਰ ਅਪਰਾਧ ਦੇ ਲਈ ਇੱਕ ਹਜ਼ਾਰ ਰੁਪਏ ਜੁਰਮਾਨਾ



ਕੀਤਾ ਹੈ। ਅਦਾਲਤ ਨੇ ਸ੍ਰੀ ਸਿੱਧੂ ਨੂੰ ਭਾਰਤੀ ਦੰਡਾਵਲੀ ਦੀ ਧਾਰਾ 323 ਤਹਿਤ ਦੋਸ਼ੀ ਮੰਨਿਆ ਪਰ ਨਾਲ ਹੀ ਧਾਰਾ 304 ਤਹਿਤ ਦਰਜ ਗ਼ੈਰ-ਇਰਾਦਤਨ ਕਤਲ ਦੇ ਦੋਸ਼ ਤੋਂ ਉਸ ਨੂੰ ਬਰੀ ਕਰ ਦਿੱਤਾ। ਜਸਟਿਸ ਜੇ. ਚੇਲਾਮੇਸ਼ਵਰ ਤੇ ਜਸਟਿਸ ਸੰਜੇ ਕਿਸ਼ਨ ਕੌਲ ਦੇ ਬੈਂਚ ਨੇ ਮੰਗਲਵਾਰ ਨੂੰ ਅਪਣਾ ਫੈਸਲਾ ਸੁਣਾਉਂਦਿਆਂ ਕਿਹਾ ਕਿ ਧਾਰਾ 323, ਜਿਸ ਤਹਿਤ ਨਵਜੋਤ ਸਿੰਘ ਸਿੱਧੂ ਸਵੈ-ਇੱਛਾ ਨਾਲ ਸੱਟ ਮਾਰਨ ਦਾ ਦੋਸ਼ੀ ਹੈ ਅਤੇ ਉਸ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ ਪਰ ਇੱਕ ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ ਸਾਥੀ ਰੁਪਿੰਦਰ ਸਿੰਘ ਸੰਧੂ ਨੂੰ ਸੁਪਰੀਮ ਕੋਟ ਨੇ ਦੋਸ਼ਮੁਕਤ ਕਰਾਰ ਦਿੰਦਿਆਂ ਬਰੀ ਕਰ ਦਿੱਤਾ ਹੈ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਨੂੰ ਉਲਟਾ ਦਿੱਤਾ ਹੈ। ਸਿੱਧੂ ਉਤੇ ਧਾਰਾ 323 ਤਹਿਤ ਕਿਸੇ ਨਾਲ

**ਬਾਕੀ ਸਫ਼ਾ 29 'ਤੇ**

# ਕਰਨਾਟਕ ਚੋਣਾਂ ਦੇ ਨਤੀਜਿਆਂ ਬਾਅਦ ਭੰਬਲਭੂਸਾ

## *ਅੱਡੀ ਚੋਟੀ ਦਾ ਜ਼ੋਰ ਲਾ ਕੇ ਵੀ ਕਾਂਗਰਸ ਹਾਰੀ, ਭਾਜਪਾ ਦੇ ਹੱਥਾਂ 'ਚੋਂ ਨਿਕਲੀ ਜਿੱਤ*

- **ਕਾਂਗਰਸ ਤੇ ਜੇਡੀਯੂ ਦੀ ਇੱਕਮੁਠਤਾ ਨੇ ਮੋਦੀਕਿਆਂ ਨੂੰ ਪਾਇਆ ਵਖ਼ਤ**
- **ਸਰਕਾਰ ਬਣਾਉਣ ਲਈ ਬਜਿੱਦ ਭਾਜਪਾ ਵਲੋਂ ਵਿਧਾਇਕਾਂ ਦਾ 'ਸ਼ਿਕਾਰ' ਸ਼ੁਰੂ**

**ਬੰਗਲੁਰੂ/ਬਿਊਰੋ ਨਿਊਜ਼ :**
ਕਰਨਾਟਕ ਵਿਧਾਨ ਸਭਾ ਚੋਣਾਂ ਦੇ ਆਏ ਨਤੀਜਿਆਂ ਵਿੱਚ ਕਿਸੇ ਪਾਰਟੀ ਨੂੰ ਮੁਕੰਮਲ ਬਹੁਮਤ ਨਹੀਂ ਮਿਲਿਆ ਹੈ। ਭਾਵੇਂ ਬੀਜੇਪੀ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ ਪਰ ਪੂਰਨ ਬਹੁਮਤ ਲੈਣ ਤੋਂ ਖੁੰਝ ਗਈ ਹੈ। ਕਰਨਾਟਕ ਵਿਧਾਨ ਸਭਾ ਦੇ ਤਾਜ਼ਾ ਨਤੀਜਿਆਂ ਵਿਚ ਭਾਜਪਾ ਨੂੰ 222 ਵਿਚੋਂ 104 ਸੀਟਾਂ ਮਿਲੀਆਂ ਹਨ ਜਦਕਿ ਕਾਂਗਰਸ 78 ਸੀਟਾਂ ਲੈ ਕੇ ਦੂਜੇ ਥਾਂ ਉਤੇ ਰਹੀ ਹੈ। ਸਾਬਕਾ ਪ੍ਰਧਾਨ ਮੰਤਰੀ ਐਚ. ਡੀ. ਦੇਵੇਗੌੜਾ ਦੀ ਪਾਰਟੀ ਜਨਤਾ ਦਲ ਯੂਨਾਇਟਡ ਨੂੰ 38 ਸੀਟਾਂ ਮਿਲੀਆਂ ਹਨ। ਦੋ ਸੀਟਾਂ ਆਜ਼ਾਦ ਉਮੀਦਵਾਰਾਂ ਦੇ ਖਾਤੇ ਵਿਚ ਗਈਆਂ ਹਨ। ਸਰਕਾਰ ਬਣਾਉਣ ਲਈ 112 ਸੀਟਾਂ ਦੀ ਲੋੜ ਹੈ ਜੋ ਕਿਸੇ ਵੀ ਪਾਰਟੀ ਕੋਲ ਨਹੀਂ ਹਨ। ਹੁਣ ਸਾਰੀਆਂ ਨਜ਼ਰਾਂ ਰਾਜਪਾਲ ਵਜੂਭਾਈ ਵਾਲਾ ਵੱਲ ਲੱਗ ਗਈਆਂ



ਹਨ, ਕਿ ਕੀ ਉਹ ਸਭ ਤੋਂ ਵੱਡੀ ਪਾਰਟੀ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੰਦੇ ਹਨ ਜਾਂ ਸਪਸ਼ਟ ਬਹੁਮਤ ਵਾਲੇ ਜਨਤਾ ਦਲ (ਐਸ)-ਕਾਂਗਰਸ ਦੇ ਗੱਠਜੋੜ ਨੂੰ। ਦੂਜੀ ਵੱਡੀ ਪਾਰਟੀ ਰਹੀ ਕਾਂਗਰਸ ਨੇ ਪਿਛਲੇ ਤਜਰਬਿਆਂ ਤੋਂ ਸਬਕ ਲੈਂਦਿਆਂ ਬਿਨਾਂ ਕੋਈ ਵਕਤ ਗੁਆਏ ਭਾਜਪਾ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਤੀਜੇ ਨੰਬਰ ਉਤੇ ਰਹੀ ਜੇਡੀ(ਐਸ) ਨੂੰ ਐਚ. ਡੀ. ਕੁਮਾਰਾਸਵਾਮੀ ਦੀ ਅਗਵਾਈ ਹੇਠ ਸਰਕਾਰ ਬਣਾਉਣ ਲਈ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਬਾਅਦ ਗੱਠਜੋੜ ਨੇ ਰਾਜਪਾਲ ਨੂੰ ਮਿਲ ਕੇ ਸਰਕਾਰ ਬਣਾਉਣ ਲਈ ਦਾਅਵਾ ਵੀ ਪੇਸ਼ ਕਰ ਦਿੱਤਾ। ਭਾਜਪਾ ਨੇ ਵੀ ਰਾਜਪਾਲ ਨੂੰ ਮਿਲ ਦੇ ਦਾਅਵਾ ਜਤਾਇਆ ਹੈ।

ਚੋਣ ਨਤੀਜਿਆਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਭਾਜਪਾ ਦਾ ਜੇਤੂ ਰੱਥ ਇਸ ਦੱਖਣੀ ਸੂਬੇ ਵਿੱਚ ਬਹੁਮਤ ਦੇ ਅੰਕੜੇ ਤੱਕ ਪੁੱਜਣ ਵਿੱਚ ਨਾਕਾਮ ਰਿਹਾ। ਸੂਬਾਈ ਵਿਧਾਨ ਸਭਾ ਦੀਆਂ ਕੁੱਲ 224 ਸੀਟਾਂ ਵਿੱਚੋਂ 12 ਮਈ ਨੂੰ 222 ਸੀਟਾਂ ਲਈ ਚੋਣ ਹੋਈ ਸੀ। ਇਸ ਦੌਰਾਨ ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਤਾਂ ਉੱਭਰੀ ਪਰ ਇਹ 104 ਸੀਟਾਂ ਨਾਲ ਪੂਰਨ ਬਹੁਮਤ ਲਈ ਲੋੜੀਂਦੀਆਂ 112 ਸੀਟਾਂ ਦੇ ਅੰਕੜੇ ਤੋਂ ਪਿਛਾਂਹ ਰਹਿ ਗਈ। ਦੂਜੇ ਪਾਸੇ ਹਾਕਮ ਕਾਂਗਰਸ ਨੂੰ 78, ਜੇਡੀ(ਐਸ) ਨੂੰ 38 ਸੀਟਾਂ ਮਿਲਣ ਤੋਂ ਬਾਅਦ ਉਨ੍ਹਾਂ ਗੱਠਜੋੜ ਕਰ ਲਿਆ ਹੈ ਅਤੇ ਦੋ ਸੀਟਾਂ 'ਤੇ ਜੇਤੂ ਰਹੇ ਆਜ਼ਾਦ ਉਮੀਦਵਾਰ ਵੀ ਉਨ੍ਹਾ ਦੇ ਨਾਲ ਆ ਗਏ ਦੱਸੇ ਜਾਦੇ ਹਨ। ਇਹ

**ਬਾਕੀ ਸਫ਼ਾ 29 'ਤੇ**

## ਭਾਰਤ ਦੇ ਅਕਸ ਨੂੰ ਵਿਗਾੜ ਕੇ ਪੇਸ਼ ਕਰਦਾ ਹੈ ਅਮਰੀਕੀ ਮੀਡੀਆ-ਰਾਜਦੂਤ ਸਰਨਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਵਿਚਲੇ ਭਾਰਤੀ ਰਾਜਦੂਤ ਨਵਤੇਜ ਸਿੰਘ ਸਰਨਾ ਨੇ ਇੱਥੋਂ ਦੇ ਮੀਡੀਆ ਦੀ ਨੁਕਤਾਚੀਨੀ ਕਰਦਿਆਂ ਇਸ 'ਤੇ ਭਾਰਤ ਦਾ ਗ਼ਲਤ ਅਕਸ ਪੇਸ਼ ਕਰਨ ਦਾ ਇਲਜ਼ਾਮ ਲਾਇਆ ਹੈ। ਭਾਰਤ ਵਿਚਲੇ ਵਿਦੇਸ਼ੀ ਪੱਤਰਕਾਰਾਂ ਅੰਦਰ ਇਹ ਆਮ ਰੁਝਾਨ ਹੈ ਕਿ ਉਹ ਕੁਝ ਖ਼ਾਸ ਖ਼ਬਰਾਂ ਨੂੰ ਲੈਂਦੇ ਹਨ ਜਦਕਿ ਵਿਕਾਸਮੁਖੀ ਖ਼ਬਰਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਸਰਨਾ ਨੇ ਇਹ ਬਿਆਨ ਇਕ ਅਮਰੀਕੀ ਵਿਚਾਰਸ਼ੀਲ ਸੰਸਥਾ ਸੈਂਟਰ ਫਾਰ ਸਟ੍ਰੈਟੇਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼ ਦੇ ਸਮਾਗਮ ਨੂੰ ਸੰਬੋਧਨ ਕਰਦਿਆਂ



ਦਿੱਤਾ। ਜਦੋਂ ਮੁੱਖਧਾਰਾ ਦੇ ਅਮਰੀਕੀ ਮੀਡੀਆ ਵਿੱਚ ਭਾਰਤ ਦੇ ਅਕਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ " ਹੁਣ ਤਾਂ ਇਹ ਚਿੰਤਾ ਨਾਲੋਂ ਤਰਸ ਦੀ ਹਾਲਤ ਜ਼ਿਆਦਾ ਜਾਪਦੀ ਹੈ। ਭਾਰਤ ਅੱਗੇ ਵਧ ਚੁੱਕਿਆ ਹੈ ਪਰ ਤੁਸੀਂ ਨਹੀਂ ਵਧੇ।" ਭਾਰਤੀ ਰਾਜਦੂਤ ਨੇ ਆਖਿਆ " ਸਮਾਜਕ ਘਟਨਾਵਾਂ ਨੂੰ ਪਰਖਣ ਦਾ ਇਕ ਰੁਝਾਨ ਚਲਿਆ ਆ ਰਿਹਾ ਹੈ। ਦਾਜ ਦਾ ਕੇਸ ਲੈ ਲਓ ਜਾਂ ਫਿਰ ਜਾਤ ਦਾ ਮਾਮਲਾ। ਇਸ ਲਈ ਇਸ ਨੂੰ ਫੜੋ ਤੇ ਛਾਪ ਦਿਓ... ਪਰ ਜੇ ਕੋਈ ਮਿਸਾਲ ਦੇ ਤੌਰ 'ਤੇ ਸਟਾਰਟ-ਅਪ ਦੀ ਸਟੋਰੀ ਆਉਂਦੀ

**ਬਾਕੀ ਸਫ਼ਾ 29 'ਤੇ**

### *ਸਿੱਖ ਪਰਚਾਰਕ ਦੀ ਮਾਰਕੁੱਟ ਦਾ ਮਾਮਲਾ*

## ਦੋਵੇਂ ਧਿਰਾਂ ਪਹੁੰਚੀਆਂ ਅਕਾਲ ਤਖਤ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਇੰਗਲੈਂਡ ਦੇ ਸ਼ਹਿਰ ਲੰਡਨ ਸਥਿਤ ਸਾਊਥਾਲ ਦੇ ਗੁਰਦੁਆਰੇ ਵਿੱਚ ਪ੍ਰਚਾਰਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਨਾਲ ਦੁਰਵਿਹਾਰ ਅਤੇ ਮਾਰ-ਕੁੱਟ ਦੀ ਵਾਪਰੀ ਘਟਨਾ ਦਾ ਮਾਮਲਾ ਅਕਾਲ ਤਖ਼ਤ ਕੋਲ ਪਹੁੰਚ ਗਿਆ ਹੈ। ਇਸ ਮਾਮਲੇ ਨੂੰ ਸਿੱਖ ਧਿਰਾਂ ਦੋ ਹਿੱਸਿਆਂ ਵਿੱਚ ਵੰਡੀਆਂ ਗਈਆਂ ਹਨ। ਦਮਦਮੀ ਟਕਸਾਲ ਦੇ ਇਕ ਵਫਦ ਜਿਸ ਵਿੱਚ ਕਥਾਵਾਚਕ ਗਿਆਨੀ ਪਰਵਿੰਦਰਪਾਲ ਸਿੰਘ ਬੁੱਟਰ, ਗਿਆਨੀ ਹਰਦੀਪ ਸਿੰਘ ਅਨੰਦਪੁਰ ਅਤੇ ਪ੍ਰੋਥ ਸਰਚਾਂਦ ਸਿੰਘ ਸ਼ਾਮਲ ਸਨ, ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਕੇ ਇਸ ਸਬੰਧੀ ਮੰਗ ਪੱਤਰ ਦਿੱਤਾ ਹੈ। ਸਿੱਖ ਆਗੂਆਂ ਨੇ ਦੋਸ਼ ਲਾਇਆ ਕਿ ਇਸ ਸਿੱਖ ਪ੍ਰਚਾਰਕ ਵੱਲੋਂ ਸ਼ੰਕਾ ਪਾਊ ਪ੍ਰਚਾਰ ਰਾਹੀਂ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ। ਦੂਜੇ ਪਾਸੇ ਸਿੱਖ ਆਗੂ ਅਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪ੍ਰਚਾਰਕ ਅਮਰੀਕ ਸਿੰਘ ਚੰਡੀਗੜ੍ਹ ਉਤੇ ਹੋਏ ਹਮਲੇ ਨੂੰ ਗੰਭੀਰ ਮਾਮਲਾ ਦੱਸਦਿਆਂ ਜਥੇਦਾਰ-

**ਬਾਕੀ ਸਫ਼ਾ 29 'ਤੇ**

## ਸਿੱਖ ਕੌਮ ਵਿਚਲੇ ਵਿਵਾਦ ਸਿਰਫ ਤਿਆਗ ਭਾਵ ਨਾਲ ਹੀ ਖਤਮ ਹੋ ਸਕਦੇ ਹਨ: ਪੰਚ ਪਰਧਾਨੀ ਯੂ. ਕੇ.

**ਲੰਡਨ/ਬਿਊਰੋ ਨਿਊਜ਼:** ਸਿੱਖ ਕੌਮ ਦੇ ਨਿਸ਼ਾਨੇ ਨੂੰ ਸਪਰਪਿਤ ਪੰਥਕ ਜਥੇਬੰਦੀ ਪੰਚ ਪਰਧਾਨੀ ਯੂ. ਕੇ. ਨੇ ਸਿੱਖਾਂ ਵਿਚਲੇ ਮੌਜੂਦਾ ਵਾਦ ਵਿਵਾਦ ਤੇ ਟਕਰਾਅ ਵਾਲੀ ਸਥਿੱਤੀ ਉੱਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਵਿਵਾਦ ਸਿਰਫ ਤਿਆਗ ਭਾਵ ਨਾਲ ਹੀ ਖਤਮ ਹੋ ਸਕਦੇ ਹਨ।

ਜਥੇਬੰਦੀ ਦਾ ਕਹਿਣਾ ਹੈ ਕਿ ਗਾਹੇ ਬਗਾਹੇ ਜਦੋਂ ਸਿੱਖ ਕੌਮ ਵਿੱਚ ਕਈ ਵਿਵਾਦ ਖੜ੍ਹੇ ਹੋ ਜਾਂਦੇ ਹਨ ਜਾਂ ਕੁਝ ਵਿਵਾਦ ਹਿੰਸਕ ਘਟਨਾਵਾਂ ਵਿੱਚ ਤਬਦੀਲ ਹੋ ਜਾਂਦੇ ਹਨ ਤਾਂ ਆਮ ਸਿੱਖ ਦਾ ਹਿਰਦਾ ਪੀੜ ਨਾਲ ਦੁਖਣ ਲਗ ਜਾਂਦਾ ਹੈ। ਇਸ ਵੇਲੇ ਜਦੋਂ ਸਿੱਖ ਕੌਮ ਆਪਣੀ ਇੱਕ ਪੀੜ੍ਹੀ ਦਾ ਵੱਡਾ ਹਿੱਸਾ ਸ਼ਹੀਦ ਕਰਵਾ ਕੇ, ਆਪਣੇ ਚੰਗੇ ਭਵਿੱਖ ਲਈ ਯਤਨਸ਼ੀਲ ਹੈ ਉਸ ਵੇਲੇ ਕੌਮ ਨੂੰ ਆਪਸੀ ਇੱਕਜੁੱਟਤਾ ਅਤੇ ਸਵੈ-ਵਿਸ਼ਵਾਸ਼ ਦੀ ਬਹੁਤ ਜਰੂਰਤ ਹੈ। ਪਰ ਜਦੋਂ ਕੁਝ ਦੁਖਦਾਈ ਵਾਪਰ ਜਾਂਦਾ ਹੈ ਤਾਂ ਉਸ ਤੋਂ ਤਾਂ ਇਹ ਹੀ ਝਲਕ ਮਿਲਦੀ ਹੈ ਕਿ ਕੌਮ ਦੇ ਰਾਹ ਵਿੱਚ ਹਾਲੇ ਬਹੁਤ ਕੰਡੇ ਹਨ ਜਿਨ੍ਹਾਂ ਨੂੰ ਗੁਰੂ ਸਾਹਿਬ ਦੀ ਬਖਸ਼ਿਸ ਅਤੇ ਅਪਾਰ ਕਿਰਪਾ ਨਾਲ ਹੀ ਚੁਗਿਆ ਜਾ ਸਕਦਾ ਹੈ। ਪੰਚ ਪਰਧਾਨੀ ਯੂ.ਕੇ. ਇਹ ਗੱਲ ਮੰਨਦੀ ਹੈ ਕਿ ਜਿਸ ਕਿਸਮ ਦੇ ਵਿਵਾਦ ਇਸ ਵੇਲੇ ਸਿੱਖ ਕੌਮ ਵਿੱਚ ਪੈਦਾ ਹੋਏ ਹਨ ਉਹ ਕੇਵਲ ਇਸੇ ਕੌਮ ਦੇ ਹਿੱਸੇ ਨਹੀ ਆਏ ਬਲਕਿ ਸਾਰੀਆਂ ਕੌਮਾਂ ਨੂੰ ਹੀ ਅਜਿਹੇ ਵਿਵਾਦਾਂ ਅਤੇ ਝਮੇਲਿਆਂ ਦਾ ਸਾਹਮਣਾਂ ਕਰਨਾ ਪੈਂਦਾ ਰਿਹਾ ਹੈ ਅਤੇ ਪੈ ਰਿਹਾ ਹੈ। ਇਸ ਸਬੰਧ ਵਿੱਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਤਤਕਾਲੀ ਸਮੇਂ ਦੇ ਧਾਰਮਕ ਉਪੱਦਰ ਦੀ ਇਤਿਹਾਸਕ ਗਵਾਹੀ ਦੇਂਦੀਆਂ ਹਨ।

**'ਸਵੈ-ਵਿਸ਼ਵਾਸ਼ ਅਤੇ ਆਪਸੀ ਇੱਕਜੁੱਟਤਾ ਦੀ ਬਹੁਤ ਜਰੂਰਤ'**

ਉਘੇ ਸਿੱਖ਼ ਚਿੰਤਕ ਅਤੇ ਵਿਦਵਾਨ ਡਾਕਟਰ ਸੇਵਕ ਸਿੰਘ ਦੇ ਸ਼ਬਦਾਂ ਵਿੱਚ, ਭਾਈ ਗੁਰਦਾਸ ਜੀ ਦੀ ਗਵਾਹੀ ਤੋਂ ਬਿਨਾ ਵੀ ਜੇ ਦੁਨੀਆਂ ਦੇ ਧਰਮਾਂ ਦੇ ਇਤਿਹਾਸ ਤੇ ਝਾਤ ਮਾਰੀ ਜਾਵੇ ਤਾਂ ਸਾਨੂੰ ਪਾਰਸੀਆਂ ਦੇ ਵੀ ਧੜੇ ਨਜ਼ਰ ਆਉਂਦੇ ਹਨ। ਯਹੂਦੀ ਇੱਕ ਖਾਨਦਾਨੀ ਧਰਮ ਹੈ ਜਿਨ੍ਹਾਂ ਦੀ ਅਕਲ ਅਤੇ ਏਕਤਾ ਦੀਆਂ ਸਾਡੇ ਕੁਝ ਲੋਕ ਬੜੇ ਚਾਅ ਨਾਲ ਮਿਸਾਲਾਂ ਦੇਂਦੇ ਹਨ। ਪੁਰਾਣੀ ਖਾਨਦਾਨੀ ਦੀਆਂ ਆਪਸੀ ਲੜਾਈਆਂ ਕਰਕੇ ਉਨ੍ਹਾਂ ਨੂੰ ਰਾਜ ਗੁਆ ਕੇ ਸਦੀਆਂ ਤੱਕ ਭਟਕਣਾਂ ਪਿਆ। ਇਸਾਈਆਂ ਦੇ ਵੀ ਨਾ ਸਿਰਫ ਤਿੰਨ ਵੱਡੇ ਅਤੇ ਵੱਖਰੇ ਫਿਰਕੇ

**ਬਾਕੀ ਸਫ਼ਾ 29 'ਤੇ**

















ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black
Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW

# ਯਾਦਗਾਰੀ ਹੋ ਨਿਬੜਿਆ ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ ਦਾ ਵਿਸਾਖੀ ਮੇਲਾ








**ਡੈਲਸ/ਹਰਜੀਤ ਸਿੰਘ ਢੇਸੀ:** ਪੰਜਾਬੀ ਸਭਿਆਚਾਰਕ ਨੂੰ ਸਮਰਪਿਤ ਸਥਾਨਕ ਸੰਸਥਾ ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ ਵਲੋਂ ਪਲੈਨੋ ਸਵਿਕ ਸੈਂਟਰ ਦੇ ਆਡੀਟੋਰੀਅਮ ਵਿਚ ਕਰਵਾਏ ਗਏ 'ਵਿਸਾਖੀ ਮੇਲੇ' ਵਿਚ ਵੱਖ-ਵੱਖ ਉਮਰ ਵਰਗ ਦੇ ਅਦਾਕਾਰਾਂ ਵਲੋਂ ਗੀਤ-ਸੰਗੀਤ, ਗਿੱਧੇ-ਭੰਗੜੇ, ਨ੍ਰਿਤ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ ਅਤੇ ਪੰਜਾਬੀ ਵਿਰਸੇ ਅਤੇ ਸਭਿਆਚਾਰ ਦੇ ਵੰਨ-ਸੁਵੰਨੇ ਰੰਗ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤੇ ਗਏ। ਸਮਾਗਮ ਦੀ ਸ਼ੁਰੂਆਤ ਅਰਦਾਸ ਨਾਲ ਹੋਈ। ਉਪਰੰਤ ਛੋਟੇ ਬੱਚਿਆਂ ਦੀਆਂ ਨ੍ਰਿਤ ਆਈਟਮਾਂ ਦੀ ਝੜੀ ਲੱਗ ਗਈ। ਗੱਭਰੂਆਂ ਅਤੇ ਮੁਟਿਆਰਾਂ ਨੇ ਭੰਗੜੇ ਅਤੇ ਗਿੱਧੇ ਦੀ ਅਜਿਹੀ ਧਮਾਲ ਪਾਈ ਕਿ ਦਰਸ਼ਕ ਵਾਹ-ਵਾਹ ਕਰ ਉਠੇ ਬੱਚਿਆਂ ਨੇ ਬਾਲੀਵੁੱਡ ਡਾਂਸ ਵੀ ਕੀਤਾ। ਮੰਚ ਸੰਚਾਲਨ ਦੀ ਸੇਵਾ ਬੀਬੀ ਆਸ਼ਾ ਸ਼ਰਮਾ ਅਤੇ ਮਨਧੀਰ ਬੱਲ ਨੇ ਬਾ-ਖ਼ੂਬੀ ਨਿਭਾਈ। ਉਨ੍ਹਾਂ ਆਪਣਿਆਂ ਕਾਵਿਕ ਟੋਟਕਿਆਂ ਨਾਲ ਪਹੁੰਚੇ ਹੋਏ ਮਹਿਮਾਨਾਂ ਦਾ ਖ਼ੂਬ ਮਨੋਰੰਜਨ ਕੀਤਾ। ਇਸ ਮੌਕੇ ਸਿਰਮੌਰ ਗਾਇਕ ਸੁਖਸ਼ਿੰਦਰ ਛਿੰਦਾ ਅਤੇ ਬੀਬੀ ਜੈਲੀ ਜੌਹਲ ਨੇ ਆਪਣੀ ਸਭਿਆਚਾਰਕ ਗਾਇਕੀ ਰਾਹੀਂ ਦਰਸ਼ਕਾਂ ਨੂੰ ਨੱਚਣ 'ਤੇ ਮਜਬੂਰ ਕਰ ਦਿੱਤਾ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਅਤੇ ਕਲਾਕਾਰਾਂ ਨੂੰ ਮੈਡਲਾਂ ਅਤੇ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਮੇਲੇ ਦੌਰਾਨ ਹਾਲ ਖਚਾ-ਖਚ ਭਰਿਆ ਹੋਇਆ ਸੀ ਅਤੇ ਕਈ ਦਰਸ਼ਕਾਂ ਨੂੰ ਸਾਰਾ ਮੇਲਾ ਪਿੱਛੇ ਖੜ੍ਹ ਕੇ ਹੀ ਵੇਖਣਾ ਪਿਆ। ਵੱਖ-ਵੱਖ ਗਰੁੱਪਾਂ ਦਾ ਸਨਮਾਨ ਪੰਜਾਬੀ ਐਸੋਸੀਏਸ਼ਨ 'ਹੱਸਦਾ ਪੰਜਾਬ' ਦੀ ਪ੍ਰਬੰਧਕੀ ਟੀਮ ਵਲੋਂ ਕੀਤਾ ਗਿਆ। ਮੇਲੇ ਦੇ ਪ੍ਰਬੰਧਕਾਂ ਨੇ ਸਥਾਨਕ ਭਾਈਚਾਰੇ ਵਲੋਂ ਮਿਲੇ ਭਰਵੇਂ ਸਹਿਯੋਗ ਲਈ ਧੰਨਵਾਦ ਕਰਦਿਆਂ ਮੇਲੇ ਦੀ ਸਫ਼ਲਤਾ ਲਈ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਸੰਸਥਾ ਦੀ ਚੜ੍ਹਦੀ ਕਲਾ ਲਈ ਅਤੇ ਪ੍ਰੋਗਰਾਮਾਂ ਨੂੰ ਹੋਰ ਵਧੀਆ ਬਣਾਉਣ ਲਈ ਭਰਪੂਰੀ ਯਤਨ ਕੀਤੇ ਜਾਣਗੇ। ਸਾਰੇ ਸਪਾਂਸਰਾਂ ਅਤੇ ਮਹਿਮਾਨ ਦਰਸ਼ਕਾਂ ਦਾ ਵੀ ਵਿਸ਼ੇਸ ਧੰਨਵਾਦ ਕੀਤਾ ਗਿਆ। ਮੇਲੇ ਨੂੰ ਕਾਮਯਾਬ ਕਰਨ ਲਈ 'ਹੱਸਦਾ ਪੰਜਾਬ' ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।

## ਪੱਤਰਕਾਰ ਢੇਸੀ ਦਾ ਸਨਮਾਨ



ਪੱਤਰਕਾਰ ਹਰਜੀਤ ਸਿੰਘ ਢੇਸੀ ਦਾ ਸਨਮਾਨ ਕਰਦੇ ਹੋਏ ਸੰਸਥਾ ਦੇ ਮੈਂਬਰ।

**ਡੈਲਸ/ਬਿਊਰੋ ਨਿਊਜ਼:**
ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ ਵਲੋਂ ਪਿਛਲੇ ਦਿਨੀਂ ਕਰਵਾਏ ਗਏ ਵਿਸਾਖੀ ਮੇਲੇ ਦੌਰਾਨ ਇਥੋਂ ਦੇ ਉੱਘੇ ਬਿਜ਼ਨਿਸਮੈਨ ਅਤੇ ਪੱਤਰਕਾਰ ਹਰਜੀਤ ਸਿੰਘ ਢੇਸੀ ਨੂੰ ਉਨ੍ਹਾਂ ਵਲੋਂ ਪੱਤਰਕਾਰੀ ਦੇ ਖੇਤਰ ਵਿਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸੰਸਥਾ ਵਲੋਂ ਉਨ੍ਹਾਂ ਦੀ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਬਿੱਲੂ ਬੈਨੀਪਾਲ, ਹਰਦੀਪ ਸਿੰਘ ਗੁਰਨਾ, ਗੁਰਸ਼ਰਨ ਸਿੰਘ ਬਗਲੀ, ਹਰਭਜਨ ਸਿੰਘ ਨਿੱਝਰ ਅਤੇ ਰਾਜਾ ਸਿੰਘ ਨਿੱਝਰ ਹਾਜ਼ਰ ਸਨ।

## ਸ਼ਬਾਨਾ ਆਜ਼ਮੀ ਔਰਤਾਂ ਬਾਰੇ ਆਲਮੀ ਸੰਸਥਾ ਦੀ ਅੰਤਰਰਾਸ਼ਟਰੀ ਅੰਬੈਸਡਰ ਬਣੀ

**ਮੁੰਬਈ/ਬਿਊਰੋ ਨਿਊਜ਼ :** ਮਸ਼ਹੂਰ ਅਦਾਕਾਰਾ ਤੇ ਸਮਾਜਕ ਕਾਰਕੁੰਨ ਸ਼ਬਾਨਾ ਆਜ਼ਮੀ ਨੂੰ ਹਿਲੇਰੀ ਕਲਿੰਟਨ ਫਾਊਂਡੇਸ਼ਨ ਦੇ ਨਵੀਂ ਪੀੜ੍ਹੀ ਦੀਆਂ ਔਰਤਾਂ ਦੇ ਸਸ਼ਕਤੀਕਰਨ ਬਾਰੇ ਆਲਮੀ ਪੱਧਰ ਦੇ ਪ੍ਰੋਗਰਾਮ "ਵੋਮੈਨ ਇਨ ਪਬਲਿਕ ਸਰਵਿਸ ਪ੍ਰੋਜੈਕਟ" ਦੀ ਅੰਤਰਰਾਸ਼ਟਰੀ ਅੰਬੈਸਡਰ ਚੁਣਿਆ ਗਿਆ ਹੈ।



ਡਬਲਿਊਪੀਐਸਪੀ ਦੇ ਦੀ ਵੈਬਸਾਇਟ ਮੁਤਾਬਕ ਇਹ ਸੰਸਥਾ ਵਿਸ਼ਵ ਭਰ ਦੀਆਂ ਸਰਕਾਰਾਂ ਅਤੇ ਸਿਵਲ ਸੰਸਥਾਵਾਂ ਵਿੱਚ ਔਰਤਾਂ ਦੀ ਪ੍ਰਭਾਵੀ ਸਥਿਤੀ ਨੂੰ ਵਧਾਉਣ ਲਈ ਇਕ ਨਵੀਂ ਪਹਿਲਕਦਮੀ ਹੈ। ਹਿਲੇਰੀ ਕਲਿੰਟਲ ਵੱਲੋਂ ਅਮਰੀਕਾ ਦੇ ਸਟੇਟ ਵਿਭਾਗ ਅਤੇ "ਸੈਵਨ ਸਿਸਟਰਜ਼" ਭਾਈਵਾਲ ਬਰਨਾਰਡ ਕਾਲਜ, ਬਰਾਇਨ ਮਵਰ ਕਾਲਜ, ਮਾਊਂਟ ਹੌਲੀਓਕੇ ਕਾਲਜ, ਸਮਿੱਥ ਕਾਲਜ ਅਤੇ ਵੈਲੇਸਲੇਅ ਕਾਲਜ ਨਾਲ ਮਿਲ ਕੇ ਇਹ ਸੰਸਥਾ ਬਣਾਈ ਹੈ। ਆਪਣੀ ਇਸ ਨਿਯੁਕਤੀ ਦੇ ਮੌਕੇ ਸ਼ਬਾਨਾ ਆਜ਼ਮੀ ਨੇ ਕਿਹਾ ਕਿ, " ਮੈ ਅਤੇ ਤੁਸੀਂ ਸਾਰੇ ਜਾਣਦੇ ਹਾਂ ਕਿ ਔਰਤਾਂ ਇਕ ਆਗੂ ਦੇ ਤੌਰ 'ਤੇ ਦੁਨੀਆ ਨੂੰ ਬਦਲ ਸਕਦੀਆਂ ਹਨ। ਔਰਤਾਂ ਨੂੰ ਜਦੋਂ ਮੌਕਾ ਮਿਲਦਾ ਹੈ ਤਾਂ ਉਹ ਆਪਣੀਆਂ ਵੱਖਰੀਆਂ ਨੀਤੀਆਂ ਨਾਲ ਸਮਾਜ਼ ਅਤੇ ਰੋਜ਼ਮਰ੍ਹਾ ਦੇ ਜੀਵਨ ਉਤੇ ਚੰਗਾ ਪ੍ਰਭਾਵ ਪਾਉਂਦੀਆਂ ਹਨ। ਅਸੀਂ ਜਾਣਦੇ ਹਾਂ ਕਿ ਸੰਸਾਰ ਨੂੰ ਔਰਤ ਆਗੂਆਂ ਦੀ ਜ਼ਰੂਰਤ ਹੈ। ਹੁਣ ਇਹ ਸਮਾਂ ਹੈ ਕੰਮ ਕਰਨ ਦਾ ਹੈ। ਮੈਂ ਇਸ ਜਨਤਕ ਕੰਮ ਵਾਸਤੇ ਖੁਦ

ਬਾਕੀ ਸਫ਼ਾ 29 'ਤੇ



# ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਧਾਰਮਿਕ ਕਵੀ ਦਰਬਾਰ

**ਸੈਨਹੋਜ਼ੇ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਕਵੀਆਂ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਸ਼ਾਇਰ ਪਰਮਿੰਦਰ ਸਿੰਘ ਪਰਵਾਨਾ ਨੇ ਮੰਚ ਸੰਭਾਲਦਿਆਂ ਗੁਰੂ ਜੀ ਦੇ ਜੀਵਨ ਦਾ ਇਤਿਹਾਸ ਸਾਂਝਾ ਕਰਦਿਆਂ ਦਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਬਚਪਨ ਤੋਂ ਹੀ ਸੰਗ ਬਿਰਤੀ, ਸ਼ਾਂਤ ਚਿੱਤ, ਠਹਿਰਾਉ ਵਿਚ ਰਹਿਣ ਵਾਲੇ, ਸ਼ਾਂਤੀ ਦੇ ਪੁੰਜ ਸਨ। ਆਪ ਜੀ ਨੇ ਸਦਾ ਰੱਬ ਨਾਲ ਜੁੜੇ ਰਹਿਣ ਅਤੇ ਰੱਬ ਦੇ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਗਏ ਧਰਮ ਦੇ ਸੰਕਲਪ ਨੂੰ ਅਗਾਂਹ ਤੋਰਨ ਲਈ ਲਾਸਾਨੀ ਕੁਰਬਾਨੀ ਦਿੱਤੀ।




ਇਸ ਮੌਕੇ ਕਵੀਆਂ ਗੁਰਦਿਆਲ ਸਿੰਘ ਨੂਰਪੁਰੀ, ਤਰਸਮੇ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪਰਮਿੰਦਰ ਸਿੰਘ ਪ੍ਰਵਾਨਾ ਤੇ ਤੇਜਿੰਦਰ ਸਿੰਘ ਨੇ ਸੰਗਤਾਂ ਨਾਲ ਰਚਨਾਵਾਂ ਦੀ ਸਾਂਝ ਪਾਈ। ਪ੍ਰਵਾਨਾ ਵਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਕਵੀਆਂ ਦਾ ਸਨਮਾਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਰਾਜਿੰਦਰ ਸਿੰਘ ਨੇ ਧੰਨਵਾਦੀ ਸ਼ਬਦਾਂ ਵਿਚ ਕਿਹਾ ਕਿ ਇੱਥੋਂ ਦੇ ਅਮਰੀਕੀ ਪੰਜਾਬੀ ਕਵੀਆਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੱਸ ਗਾਉਂਦੀਆਂ ਰਚਨਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਹੈ। ਅਜਿਹੇ ਪ੍ਰੋਗਰਾਮਾਂ ਤੋਂ ਸਾਨੂੰ ਹਮੇਸ਼ਾ ਸਿੱਖਿਆ ਮਿਲਦੀ ਹੈ। ਇਨ੍ਹਾਂ ਵਲੋਂ ਸਮੇਂ ਸਮੇਂ ਇਸ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ, ਇਸ ਲਈ ਇਨ੍ਹਾਂ ਦੇ ਧੰਨਵਾਦੀ ਹਾਂ।'

## ਕੈਨੇਡੀਅਨ ਸਿੱਖ ਮੰਤਰੀ ਨੂੰ ਪੱਗ ਲੁਹਾ ਕੇ ਤਲਾਸ਼ੀ ਦੇਣ ਲਈ ਕਹਿਣ ਦੀ ਘਟਨਾ 'ਤੇ ਅਮਰੀਕਾ ਨੂੰ ਮੰਗਣੀ ਪਈ ਮੁਆਫੀ

**ਟੋਰਾਂਟੋ/ਬਿਊਰੋ ਨਿਊਜ਼ :** ਕੈਨੇਡਾ ਦੇ ਇਕ ਸਿੱਖ ਮੰਤਰੀ ਨੂੰ ਹਵਾਈ ਯਾਤਰਾ ਦੌਰਾਨ ਅਮਰੀਕਾ ਦੇ ਡੈਟਰੌਇਟ ਹਵਾਈ ਅੱਡੇ ਉਤੇ ਸੁਰੱਖਿਆ ਸਬੰਧੀ ਜਾਂਚ ਲਈ ਆਪਣੀ ਪੱਗ ਲਾਹੁਣ ਲਈ ਕਿਹਾ ਗਿਆ ਜਦੋਂ ਕਿ ਹਵਾਈ ਅੱਡੇ ਦਾ ਮੈਟਲ ਡਿਟੈਕਟਰ ਬਿਲਕੁਲ ਸਹੀ



ਕੰਮ ਕਰ ਰਿਹਾ ਸੀ। ਕੈਨੇਡਾ ਦੇ ਸਾਇੰਸ, ਖੋਜ ਅਤੇ ਆਰਥਿਕ ਵਿਕਾਸ ਮੰਤਰੀ ਨਵਦੀਪ ਬੈਂਸ ਨੇ ਇਥੇ ਫਰੈਂਚ ਭਾਸ਼ਾ ਦੇ ਇਕ ਅਖ਼ਬਾਰ ਨੂੰ ਦੱਸਿਆ ਕਿ ਉਹ ਅਪਰੈਲ ਵਿੱਚ ਜਦੋਂ ਮਿਸ਼ੀਗਨ ਸਟੇਟ ਦੇ ਆਗੂਆਂ ਨਾਲ ਮੀਟਿੰਗ ਤੋਂ ਬਾਅਦ ਟੋਰਾਂਟੋ ਪਰਤ ਰਹੇ ਸਨ ਤਾਂ ਡੈਟਰੌਇਟ ਮੈਟਰੋ ਹਵਾਈ ਅੱਡੇ ਉਤੇ ਉਨ੍ਹਾਂ ਸਾਰੀ ਸੁਰੱਖਿਆ ਪ੍ਰਕਿਰਿਆ ਪੂਰੀ ਕਰ ਲਈ ਪਰ ਪੱਗ ਬੰਨ੍ਹੇ ਹੋਣ ਕਾਰਨ ਉਨ੍ਹਾਂ ਨੂੰ ਵਾਧੂ ਸੁਰੱਖਿਆ ਜਾਂਚ ਕਰਾਉਣ ਲਈ ਕਿਹਾ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਆਪਣੀ ਪੱਗ ਲਾਹ ਕੇ ਜਾਂਚ ਕਰਾਉਣ।

ਇਸ 'ਤੇ ਸ੍ਰੀ ਬੈਂਸ ਨੇ ਕਿਹਾ, "ਜਦੋਂ ਤੁਹਾਡੇ ਸਾਰੇ ਮੈਟਲ ਡਿਟੈਕਟਰ ਸਹੀ ਕੰਮ ਕਰ ਰਹੇ ਹਨ ਤਾਂ ਮੈਂ ਆਪਣੀ ਪੱਗ ਕਿਉਂ ਲਾਹਵਾਂ।" ਅਮਰੀਕਾ ਨੇ ਸਾਲ 2007 ਵਿੱਚ ਆਪਣੀ ਯਾਤਰਾ ਪਾਲਸੀ ਵਿੱਚ ਬਦਲਾਅ ਕੀਤਾ ਸੀ ਜਿਸ ਵਿੱਚ ਸਿੱਖਾਂ ਨੂੰ ਪੱਗ ਸਮੇਤ ਸੁਰੱਖਿਆ ਪ੍ਰਕਿਰਿਆ ਚੋਂ ਨਿਕਲਣ ਦੀ ਆਗਿਆ ਦਿੱਤੀ ਗਈ ਸੀ। ਸ੍ਰੀ ਬੈਂਸ ਨੇ ਕਿਹਾ ਕਿ ਜਦੋਂ ਉਹ ਯਾਤਰਾ ਕਰਦੇ ਹਨ ਤਾਂ ਆਮ ਤੌਰ ਉਤੇ ਕੈਬਨਿਟ ਮੰਤਰੀ ਵਜੋਂ ਆਪਣੀ ਪਛਾਣ ਜਨਤਕ ਨਹੀਂ ਕਰਦੇ ਕਿਉਂ ਜੋ ਇਸ ਨਾਲ ਆਮ ਜਨਤਾ ਵੱਲੋਂ ਯਾਤਰਾ ਦੌਰਾਨ ਝੱਲੀਆਂ ਜਾਂਦੀਆਂ ਪ੍ਰੇਸ਼ਾਨੀਆਂ ਦਾ ਪਤਾ ਲੱਗਦਾ ਹੈ। ਇਸ ਘਟਨਾ ਨੂੰ ਲੈ ਕੇ ਕੈਨੇਡਾ ਦੇ ਵਿਦੇਸ਼ ਮੰਤਰੀ ਨੇ ਅਮਰੀਕਾ ਕੋਲ ਰੋਸ ਪ੍ਰਗਟ ਕੀਤਾ ਜਿਸ ਤੋਂ ਬਾਅਦ ਅਮਰੀਕਾ ਦੇ ਸੁਰੱਖਿਆ ਅਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੇ ਮੁਆਫ਼ੀ ਮੰਗੀ ਹੈ।

## ਹਿੰਦੂਜਾ ਭਰਾਵਾਂ ਨੂੰ ਸਭ ਤੋਂ ਵੱਧ ਅਮੀਰਾਂ ਦੀ ਸੂਚੀ 'ਚ ਦੂਜੀ ਥਾਂ ਮਿਲੀ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਵੱਲੋਂ ਜਾਰੀ ਕੀਤੀ ਗਈ ਅਮੀਰਾਂ ਦੀ ਸਾਲਾਨਾ ਸੂਚੀ ਵਿੱਚ ਭਾਰਤ ਦੇ ਜੰਮਪਲ ਹਿੰਦੂਜਾ ਭਰਾਵਾਂ ਨੂੰ ਦੂਜੀ ਥਾਂ ਦਿੱਤੀ ਗਈ ਹੈ। 'ਸੰਡੇ ਟਾਈਮਜ਼ ਰਿੱਚ ਲਿਸਟ' ਵਿੱਚ ਕੈਮੀਕਲਜ਼ ਨਾਲ ਸਬੰਧਤ ਸਨਅਤਕਾਰ ਜਿਮ ਰੈਟਕਲਿਫ਼ ਨੇ ਇਨ੍ਹਾਂ ਨੂੰ ਪਛਾੜ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਲੰਡਨ ਵਿੱਚ ਰਹਿਣ ਵਾਲੇ ਹਿੰਦੂਜਾ ਭਰਾਵਾਂ ਸ੍ਰੀਚੰਦ ਅਤੇ ਗੋਪੀ ਚੰਦ ਨੂੰ ਅੰਦਾਜ਼ਨ 20.64 ਅਰਬ ਪੌਂਡ ਨਾਲ ਰੈਟਕਲਿਫ਼ ਦੇ 21.05 ਅਰਬ ਪੌਂਡ ਦੇ ਮੁਕਾਬਲੇ ਦੂਜੇ ਸਥਾਨ 'ਤੇ ਰੱਖਿਆ ਗਿਆ ਹੈ। ਬ੍ਰਿਟੇਨ ਦੇ ਇਨ੍ਹਾਂ ਇਕ ਹਜ਼ਾਰ ਅਮੀਰਾਂ ਦੀ ਇਸ ਸਾਲ 2018 ਦੀ ਜਾਰੀ ਸੂਚੀ ਵਿੱਚ 47 ਭਾਰਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਸੂਚੀ ਬਣਾਉਣ ਵਾਲੇ ਰੌਬਰਟ ਵਾਟਸ ਦਾ ਕਹਿਣਾ ਹੈ ਕਿ ਬ੍ਰਿਟੇਨ ਤੇਜ਼ੀ ਨਾਲ ਬਦਲ ਰਿਹਾ ਹੈ। ਛੋਟੇ ਛੋਟੇ ਕੰਮ ਕਰਨ ਵਾਲੇ ਵਪਾਰੀ ਅੱਜ ਵੱਡੇ ਉਦਯੋਗਪਤੀ ਬਣ ਗਏ ਹਨ। ਰੈਟਕਲਿਫ਼ ਖੁਦ ਬ੍ਰਿਟੇਨ ਵਿੱਚ ਜੰਮਿਆ ਪਲਿਆ ਸਨਅਤਕਾਰ ਹੈ ਜਿਸ ਨੇ ਮਿਹਨਤ ਕਰਕੇ ਕੈਮੀਕਲ ਕੰਪਨੀ ਦੀ ਸ਼ੁਰੂਆਤ ਕੀਤੀ ਤੇ 2017 ਵਿੱਚ ਇਸ ਕਾਰੋਬਾਰ 'ਚ ਸਿਖਰਲੇ ਸਥਾਨ 'ਤੇ ਪੁੱਜਿਆ, ਜਦੋਂ ਕਿ ਗੋਪੀ (78) ਅਤੇ ਸ੍ਰੀਚੰਦ (82) ਜਨੇਵਾ ਅਤੇ ਮੁੰਬਈ ਦੇ ਪ੍ਰਕਾਸ਼ (72) ਅਤੇ ਅਸ਼ੋਕ (67) ਦੇ ਭਰਾ ਹਨ। ਪਿਛਲੇ ਸਾਲ ਹਿੰਦੂਜਾ ਭਰਾ ਇਸ ਲਿਸਟ ਵਿੱਚ ਸਿਖਰ 'ਤੇ ਸਨ।

ਭਾਰਤੀ ਸਨਅਤਕਾਰ ਭਰਾ ਡੈਵਿਡ ਅਤੇ ਸਾਈਮਨ ਰਿਉਬੇਨ ਤੀਜੇ ਸਥਾਨ ਤੋਂ ਖਿਸਕ ਕੇ ਚੌਥੇ ਸਥਾਨ 'ਤੇ ਪਹੁੰਚ ਗਏ ਹਨ। ਇਸੇ ਤਰ੍ਹਾਂ ਸਟੀਲ ਸਨਅਤ ਦੇ ਧਨਾਢ ਲਕਸ਼ਮੀ ਐਨ ਮਿੱਤਲ 14.66 ਅਰਬ ਪੌਂਡ ਚੌਥੇ ਸਥਾਨ ਤੋਂ ਖਿਸਕ ਕੇ ਪੰਜਵੇਂ ਸਥਾਨ 'ਤੇ ਪਹੁੰਚ ਗਏ ਹਨ। 67 ਸਾਲਾ ਮਿੱਤਲ ਦੁਨੀਆ ਦੀ ਕਾਰ ਇੰਡਸਟਰੀ ਨੂੰ ਇਕ ਚੌਥਾਈ ਹਿੱਸਾ ਸਟੀਲ ਦਾ ਮੁਹੱਈਆ ਕਰਾਉਂਦੇ ਹਨ। ਇਸ ਲਿਸਟ ਵਿੱਚ ਸ਼ਾਮਲ ਹੋਰਨਾਂ ਭਾਰਤੀਆਂ ਵਿੱਚ 25ਵੇਂ ਸਥਾਨ 'ਤੇ ਸ੍ਰੀ ਪ੍ਰਕਾਸ਼ ਲੋਹੀਆ, 59ਵੇਂ ਸਥਾਨ 'ਤੇ ਭਵਗੁਥੂ ਸ਼ੇਟੀ, 60ਵੇਂ ਸਥਾਨ 'ਤੇ ਸਿਮਨ, ਬੌਬੀ, ਅਤੇ ਰੌਬਿਨ ਅਰੋੜਾ, 75ਵੇਂ ਸਥਾਨ 'ਤੇ ਕਿਰਨ ਮਜੂਮਦਾਰ ਸ਼ਾਵ, 90ਵੇਂ ਸਥਾਨ 'ਤੇ ਲਾਰਡ ਸਵਰਾਜ ਪੌਲ, 96ਵੇਂ ਸਥਾਨ 'ਤੇ ਨਵੀਨ ਅਤੇ ਵਰਸ਼ਾ ਇੰਜਨੀਅਰ, 105ਵੇਂ ਸਥਾਨ 'ਤੇ ਟੋਨੀ ਅਤੇ ਹਰਪਾਲ ਮਠਾਰੂ ਅਤੇ 131ਵੇਂ ਸਥਾਨ 'ਤੇ ਜਸਮਿੰਦਰ ਸਿੰਘ ਦਾ ਪਰਿਵਾਰ ਸਮੇਤ ਹੋਰ ਸ਼ਾਮਲ ਹਨ।

## ਨਿਊਜ਼ੀਲੈਂਡ ਦੇ ਬੰਦ ਕੀਤੇ ਨੈਸ਼ਨਲ ਕਾਲਜ 'ਚੋਂ ਵਿਦਿਆਰਥੀਆਂ ਦੀ ਫ਼ੀਸ ਵਾਪਸ ਮਿਲਣੀ ਸ਼ੁਰੂ

**ਆਕਲੈਂਡ/ਬਿਊਰੋ ਨਿਊਜ਼ :** ਨਿਊਜ਼ੀਲੈਂਡ ਕੁਆਲੀਫਿਕੇਸ਼ਨ ਅਥਾਰਿਟੀ ਵੱਲੋਂ ਲੰਬੀ ਜਾਂਚ-ਪੜਤਾਲ ਕਰਨ ਮਗਰੋਂ ਬੰਦ ਕੀਤੇ ਗਏ ਆਕਲੈਂਡ ਸਥਿਤ 'ਨਿਊਜ਼ੀਲੈਂਡ ਨੈਸ਼ਨਲ ਕਾਲਜ' ਦੇ ਵਿਦਿਆਰਥੀਆਂ ਦੀ ਫ਼ੀਸ ਵਾਪਸ ਕਰਨੀ ਸ਼ੁਰੂ ਕਰ ਦਿੱਤੀ ਹੈ। ਅਥਾਰਿਟੀ ਦਾ ਕਹਿਣਾ ਹੈ ਕਿ ਇਹ ਕਾਲਜ ਮਿਆਰੀ ਸਿੱਖਿਆ ਮੁਹੱਈਆ ਨਹੀਂ ਕਰਵਾ ਰਿਹਾ ਸੀ, ਜਿਸ ਕਾਰਨ ਇਸ ਕਾਲਜ ਨੂੰ ਬੰਦ ਕਰਨਾ ਪਿਆ ਸੀ। ਇਸ ਦੇ ਨਾਲ ਹੀ ਕਾਲਜ ਦੀ ਮਾਨਤਾ ਵੀ ਰੱਦ ਕਰ ਦਿੱਤੀ ਗਈ ਸੀ। ਦੱਸਣਯੋਗ ਹੈ ਕਿ ਉਸ ਵੇਲੇ ਕਰੀਬ 40 ਕੌਮਾਂਤਰੀ ਵਿਦਿਆਰਥੀਆਂ ਦੀ ਫੀਸ ਛੇ ਹਜ਼ਾਰ ਡਾਲਰ (ਹਰੇਕ ਵਿਦਿਆਰਥੀ) ਇਹ ਤਰਕ ਦਿੰਦੇ ਹੋਏ ਵਾਪਸ ਨਹੀਂ ਕੀਤੀ ਸੀ ਕਿ ਉਨ੍ਹਾਂ ਦੇ ਪੈਸੇ ਨੂੰ ਟਰੱਸਟ ਫੰਡ (ਸਰਕਾਰੀ) ਵਿੱਚ ਪਾ ਦਿੱਤਾ ਗਿਆ ਹੈ, ਜਿਸ ਨੂੰ ਪਬਲਿਕ ਟਰੱਸਟ ਸੰਸਥਾ ਚਲਾਉਂਦੀ ਹੈ। ਇਸ ਹਫ਼ਤੇ ਕਾਲਜ ਦੇ ਡਾਇਰੈਕਟਰ ਇਵਾਨ-ਵੂ ਵੱਲੋਂ ਵਿਦਿਆਰਥੀਆਂ ਨੂੰ ਪੈਸੇ ਮੋੜਨ ਦੀ ਪੁਸ਼ਟੀ ਈਮੇਲ ਰਾਹੀਂ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਬੀਤੇ ਦਿਨੀਂ ਕਈ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪੈਸੇ ਮੋੜ ਵੀ ਦਿੱਤੇ ਗਏ ਹਨ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205

# ਕਾਂਗਰਸ ਸਰਕਾਰ ਸਿੱਖ ਨੌਜਵਾਨਾਂ ਨੂੰ ਜਾਣਬੁੱਝ ਕੇ ਝੂਠੇ ਮਾਮਲਿਆਂ ’ਚ ਫਸਾਉਣਾ ਬੰਦ ਕਰੇ: ਦਲ ਖ਼ਾਲਸਾ

**ਫਰੀਦਕੋਟ/ਸਿੱਖ ਸਿਆਸਤ ਬਿਊਰੋ:** ਫਰੀਦਕੋਟ ਪੁਲਿਸ ਵਲੋਂ ਅੰਮ੍ਰਿਤਸਰ ਸਾਹਿਬ ਤੋਂ ਆ ਰਹੇ ਸਿੱਖ ਨੌਜਵਾਨ ਸੰਦੀਪ ਸਿੰਘ ਤੇ ਅਮਰ ਸਿੰਘ ਨੂੰ ਗ੍ਰਿਫਤਾਰ ਕੀਤੇ ਜਾਣ ਦੇ ਸਬੰਧ ਵਿਚ ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਦਲ ਖ਼ਾਲਸਾ ਦੇ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਗੁਰੂਸਰ ਮਹਿਰਾਜ ਨੇ ਕਿਹਾ ਕਿ ਅੰਮ੍ਰਿਤਧਾਰੀ ਸਮਾਜਿਕ ਕਾਰਕੁੰਨ ਸਿੱਖ ਨੌਜਵਾਨਾਂ ਨੂੰ ਕਾਂਗਰਸ ਹਕੂਮਤ ਵਲੋਂ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰਿਕ ਢੰਗ ਨਾਲ ਕੋਈ ਵੀ ਕੌਮ ਆਪਣੇ ਹੱਕਾਂ ਅਤੇ ਅਜ਼ਾਦੀ ਦੀ ਮੰਗ ਕਰ ਸਕਦੀ ਹੈ। ਇਸ ਦੌਰਾਨ ਸੰਦੀਪ ਸਿੰਘ ਬੰਗੀ ਨਿਹਾਲ ਸਿੰਘ ਦੇ ਘਰ ਜਾ ਕੇ ਦਲ ਖਾਲਸਾ ਦੀ ਟੀਮ ਨੇ ਪਰਿਵਾਰ ਨਾਲ ਗੱਲਬਾਤ ਕੀਤੀ।ਪਰਿਵਾਰ ਨੇ ਦੱਸਿਆ ਕਿ ਸੰਦੀਪ ਸਿੰਘ ਦਾ ਪਰਿਵਾਰ ਬੜਾ ਗਰੀਬ ਹੈ ਪਰ ਸੰਦੀਪ ਸਿੰਘ ਪੂਰੀ ਚੜ੍ਹਦੀ ਕਲਾ ਵਾਲਾ ਅੰਮ੍ਰਿਤਧਾਰੀ ਸਿੰਘ ਹੈ ਤੇ ਆਈ. ਐੱਸ. ਐੱਫ ਨਾਲ ਜੁੜਿਆ ਹੋਣ ਕਰਕੇ ਸਮਾਜ ਭਲਾਈ ਦੇ ਕੰਮਾਂ ਵਿੱਚ ਜ਼ਿਆਦਾ ਸਮਾਂ ਗੁਜਾਰਦਾ ਹੈ।

ਸੰਦੀਪ ਸਿੰਘ ਦੀ ਵੱਡੀ ਭੈਣ ਜੀ ਨੇ ਦੱਸਿਆ ਕਿ ਜੋ ਫੰਡ ਦੀ ਗੱਲ ਪੁਲਿਸ ਕਰ ਰਹੀ ਹੈ ਕਿ ਵਿਦੇਸ਼ਾਂ ਵਿੱਚੋਂ ਸੰਦੀਪ ਸਿੰਘ ਨੇ ਹਥਿਆਰਾਂ ਲਈ ਮੰਗਵਾਇਆ ਸੀ, ਉਹ ਗੱਲ ਬਿਲਕੁੱਲ ਨਿਰਮੂਲ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹਦੇ ਕੋਲ ਬਾਹਰੋਂ ਪੈਸੇ ਆਏ ਸਨ ਪਰ ਉਹਨੇ ਉਹ ਪੈਸੇ ਪਿੰਡ ਦੇ ਇੱਕ ਡੇਰੇ ਵਿੱਚ ਗਰੀਬ ਲੜਕੀਆਂ ਦੇ ਵਿਆਹ ਲਈ ਅਤੇ ਗਰੀਬ ਬੱਚਿਆਂ ਦੀ ਫੀਸ ਭਰਨ ਦਿੱਤੇ ਸਨ, ਜਿਸ ਦੇ ਕਈ ਸਬੂਤ ਵੀ ਉਹਨਾਂ ਕੋਲ ਹਨ। ਇਸ ਤੋਂ ਇਲਾਵਾ ਇਸੇ ਹੀ ਪਿੰਡ ਦਾ ਇੱਕ ਹੋਰ ਨੌਜਵਾਨ ਵਕੀਲ ਸਿੰਘ ਵੀ ਫਰੀਦਕੋਟ ਪੁਲਿਸ ਦੀ ਹਿਰਾਸਤ ਵਿੱਚ ਹੈ ਪਰ ਉਸ ਦਾ ਨਾਮ ਪ੍ਰੈਸ ਵਿੱਚ ਨਸ਼ਰ ਨਹੀਂ ਕੀਤਾ ਗਿਆ। ਬਾਬਾ ਹਰਦੀਪ ਸਿੰਘ ਨੇ ਕਿਹਾ ਕਿ ਕਾਂਗਰਸ ਹਕੂਮਤ ਸਿੱਖ ਨੌਜਵਾਨਾਂ ’ਤੇ ਝੂਠੇ ਮੁਕੱਦਮੇ



ਦਰਜ ਕਰਕੇ ਉਨ੍ਹਾਂ ’ਤੇ ਤਸ਼ੱਦਦ ਢਾਹੁਣ, ਜੇਲ੍ਹਾਂ ਵਿਚ ਸੁੱਟਣ ਤੋਂ ਬਾਝ ਆਵੇ। ਇਸ ਤੋਂ ਇਲਾਵਾ ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਨਿਰਦੋਸ਼ ਨੌਜਵਾਨਾਂ ਵਿਰੁੱਧ ਝੂਠੇ ਮੁਕੱਦਮੇ ਦਰਜ ਕਰਕੇ ਤਰੱਕੀਆਂ ਲੈਣੀਆਂ ਤੇ ਬਹੁ ਗਿਣਤੀ ਵਰਗ ਨੂੰ ਖ਼ੁਸ਼ ਕਰਨ ਦੀ ਨੀਤੀ ਬੰਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਸਰਕਾਰ ਸਿੱਖ ਨੌਜਵਾਨਾਂ ਨੂੰ ਝੂਠੇ ਕੇਸਾਂ ਵਿੱਚ ਫਸਾਕੇ ਸਿੱਖਾਂ ਵਿੱਚ ਦਹਿਸ਼ਤ ਪਾਉਣ ਦੀ ਕੋਸ਼ਿਸ ਕਰ ਰਹੀ ਹੈ ਤੇ ਇਹ ਤਿੰਨੋ ਨੌਜਵਾਨਾਂ ਨੂੰ ਵੀ ਇਸੇ ਕੜੀ ਤਹਿਤ ਚੁੱਕਿਆ ਗਿਆ ਹੈ। ਬਾਬਾ ਹਰਦੀਪ ਸਿੰਘ ਨੇ ਕਿਹਾ ਕਿ ਸਿੱਖ ਨੌਜਵਾਨ ਸੰਦੀਪ ਸਿੰਘ (25 ਸਾਲ) ਪੁੱਤਰ ਨਿਰਮਲ ਸਿੰਘ ਪਿੰਡ ਬੰਗੀ ਨਿਹਾਲ ਸਿੰਘ (ਬਠਿੰਡਾ) ਗਰੀਬ ਪਰਿਵਾਰ ਨਾਲ ਸਬੰਧਿਤ ਹੈ। ਜੋ ਆਪਣੀ ਮਿਹਨਤ ਦੀ ਰੋਜੀ ਰੋਟੀ ਕਮਾ ਕੇ ਗੁਜਾਰਾ ਕਰ ਰਿਹਾ ਤੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਪੜ੍ਹਾਉਣ ਤੇ ਗਰੀਬ ਲੜਕੀਆਂ ਦੇ ਵਿਆਹ ਕਰਨ ਲਈ ਮਦਦ ਦਾ ਸਮਾਜਿਕ ਕਾਰਜ ਵੀ ਕਰ ਰਿਹਾ ਸੀ। ਇਸ ਮੌਕੇ ਸੁਰਿੰਦਰ ਸਿੰਘ ਨਥਾਣਾ, ਗੁਰਵਿੰਦਰ ਸਿੰਘ ਬਠਿੰਡਾ ਅਤੇ ਪਰਮਜੀਤ ਸਿੰਘ ਜੱਗੀ ਕੋਟਫੱਤਾ ਵੀ ਹਾਜਿਰ ਸਨ।

# ਸਿੱਖ ਯੂਥ ਆਫ ਪੰਜਾਬ ਦੇ ਨਵੇਂ ਜਥੇਬੰਦਕ ਢਾਂਚੇ ਦਾ ਗਠਨ

**ਮੋਗਾ/ਸਿੱਖ ਸਿਆਸਤ ਬਿਊਰੋ:**
ਸਿੱਖ ਯੂਥ ਆਫ ਪੰਜਾਬ ਨੇ ਆਪਣੇ ਨਵੇਂ ਜਥੇਬੰਦਕ ਢਾਂਚੇ ਦਾ ਗਠਨ ਕਰਦਿਆਂ 15 ਮੈਂਬਰੀ ਪ੍ਰਬੰਧਕ ਕਮੇਟੀ ਅਤੇ 20 ਮੈਂਬਰੀ ਵਰਕਿੰਗ ਕਮੇਟੀ ਅਹੁਦੇਦਾਰਾਂ ਦਾ ਐਲਾਨ ਕੀਤਾ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਨਵਾਂ ਢਾਂਚਾ ਜਥੇਬੰਦੀ ਦੇ ਜ਼ਮੀਨੀ ਆਧਾਰ ਨੂੰ ਮਜ਼ਬੂਤ ਅਤੇ ਵਿਸ਼ਾਲ ਕਰਨ ਦਾ ਕਾਰਜ ਕਰੇਗਾ। ਉਨ੍ਹਾਂ ਕਿਹਾ ਕਿ ਪਾਰਟੀ ਨੇ ਨੌਜਵਾਨਾਂ ਨੂੰ ਅਗਵਾਈ ਦੇ ਸਮਰੱਥ ਬਣਾਉਣ ਦਾ ਜੋ ਸੰਕਲਪ ਲਿਆ ਸੀ ਉਸ ਉੱਪਰ ਅੱਜ ਵੀ ਅਮਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਰਕਿੰਗ ਕਮੇਟੀ ਮੈਂਬਰ ਜਲਦ ਹੀ ਜਥੇਬੰਦੀ ਨੂੰ ਜ਼ਿਲ੍ਹਾ ਅਤੇ ਬਲਾਕ ਪੱਧਰ ਤੇ ਨਵੇਂ ਸਿਰੇ ਤੋਂ ਸੰਗਠਨ ਕਰਨਾ ਆਰੰਭ ਕਰਨਗੇ।

ਪਰਮਜੀਤ ਸਿੰਘ ਮੰਡ ਨੇ ਭਾਈ ਅਮਰੀਕ ਸਿੰਘ ਚੰਡੀਗੜ੍ਹ ਉੱਪਰ ਇੰਗਲੈਂਡ ਵਿੱਚ ਹੋਏ ਹਮਲੇ ਦੀ ਨਿਖੇਧੀ ਕਰਦਿਆਂ ਪੰਜਾਬ ਅਤੇ ਪੰਜਾਬ ਤੋਂ ਬਾਹਰ



ਵੱਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਵਿਵਾਦਾਂ ਤੋਂ ਉੱਪਰ ਉੱਠ ਕੇ ਪੰਥਕ ਨਿਸ਼ਾਨੇ ਨੂੰ ਹਾਂਸਲ ਕਰਨ ਲਈ ਯਤਨਸ਼ੀਲ ਹੋਣ।

ਇਸ ਦੌਰਾਨ ਪਾਰਟੀ ਮੀਤ ਪ੍ਰਧਾਨ ਸੁਖਰਾਜ ਸਿੰਘ ਨਿਆਮੀਵਾਲ ਨੇ ਕਿਹਾ ਕਿ ਬੇਸ਼ੱਕ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਕਿਤਾਬ ਦੇ ਮਸਲੇ ਨੂੰ ਉੱਚਾ ਚੁੱਕ ਕੇ ਚੰਗਾ ਕੰਮ ਕੀਤਾ ਹੈ ਪਰ ਫਿਲਮ “ਨਾਨਕ ਸ਼ਾਹ ਫਕੀਰ” ਬਾਰੇ ਧਾਰੀ ਗਈ ਚੁੱਪ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਉੱਪਰ ਵੱਡੇ ਸਵਾਲ ਖੜ੍ਹੇ ਕੀਤੇ ਹਨ । ਉਨ੍ਹਾਂ ਸਿੱਖ ਪੰਥ ਨੂੰ ਅਗਾਹ ਕਰਦਿਆਂ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਏ ਜਾ ਰਹੇ ਅਖੌਤੀ ਪੰਥਕ ਝਾਂਸੇ ਵਿੱਚ ਨਾ ਆਉਣ।

ਜਨਰਲ ਸਕੱਤਰ ਗੁਰਨਾਮ ਸਿੰਘ ਮੂਨਕਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਤਾਬ ਤੇ ਲਾਈ ਗਈ ਆਰਜ਼ੀ ਪਾਬੰਦੀ ਸ਼ਾਹਕੋਟ ਜਿਮਨੀ ਚੋਣ ਨੂੰ ਲੰਘਾਉਣ ਲਈ ਖੇਡੀ ਗਈ ਇੱਕ ਚਾਲ ਹੈ ਅਤੇ ਜਿੰਨਾ ਚਿਰ ਤੱਕ ਇਸ ਕਿਤਾਬ ਦਾ ਕੋਈ ਪੱਕਾ ਹੱਲ ਨਹੀਂ ਹੋ ਜਾਂਦਾ ਉਹ ਆਪਣਾ ਸੰਘਰਸ਼ ਜਾਰੀ ਰੱਖਣਗੇ।

ਅਹੁਦੇਦਾਰ ਅਤੇ ਪ੍ਰਬੰਧਕੀ ਕਮੇਟੀ ਵਿੱਚ ਪਰਮਜੀਤ ਸਿੰਘ ਮੰਡ ਪ੍ਰਧਾਨ, ਸੁਖਰਾਜ ਸਿੰਘ ਨਿਆਮੀਵਾਲਾ ਮੀਤ ਪ੍ਰਧਾਨ, ਅਰਸ਼ਦੀਪ ਸਿੰਘ ਬੁਲਾਰਾ, ਗੁਰਨਾਮ ਸਿੰਘ ਮੁਨਕਾਂ ਜਨਰਲ ਸਕੱਤਰ, ਸੁਖਜਿੰਦਰ ਸਿੰਘ ਟੇਰਕੇਆਣਾ ਜਥੇਬੰਦਕ ਸਕੱਤਰ, ਪ੍ਰਭਜੀਤ ਸਿੰਘ ਹਸਨਪੁਰ, ਗੁਰਿੰਦਰਜੀਤ ਸਿੰਘ ਸੁਲਤਾਨਵਿੰਡ,ਜਸਪ੍ਰੀਤ ਸਿੰਘ ਖੁੱਡਾ, ਜਸਪ੍ਰੀਤ ਸਿੰਘ ਟਾਂਡਾ, ਰੋਬਨਜੀਤ ਸਿੰਘ ਖਾਲਿਸਤਾਨੀ, ਜੀਵਨਜੋਤ ਸਿੰਘ ਬਠਿੰਡਾ, ਸੰਦੀਪ ਸਿੰਘ ਗੋਰਾਇਆਂ, ਜਸਵਿੰਦਰ ਸਿੰਘ ਕਾਹਨੂੰਵਾਨ, ਮਨਜਿੰਦਰ ਸਿੰਘ ਡੇਰਾ ਬਾਬਾ ਨਾਨਕ ਅਤੇ ਗੁਰਿੰਦਰ ਸਿੰਘ ਕਰਤਾਰਪੁਰ

ਬਾਕੀ ਸਫ਼ਾ 29 ’ਤੇ


Global Solution for Transportation
GLOBAL
Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਬਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)


Rajinder Singh Tanda

ਵਧੇਰੇ ਜਾਣਕਾਰੀ ਲਈ
ਸੰਪਰਕ ਕਰੋ
Address:
4646 Qantas Ln, Ste B14
Stockton CA 95206


Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਸਟਾਕਟਨ 'ਚ ਸਲਾਨਾ ਫੀਲਡ ਹਾਕੀ ਟੂਰਨਾਮੈਂਟ 18 ਮਈ ਤੋਂ

### ਸੁਰਿੰਦਰ ਸਿੰਘ ਸੋਢੀ ਹੋਣਗੇ ਅਮਰਜੀਤ ਦੁਲਾਈ ਨੂੰ ਸਮਰਪਿਤ ਤਿੰਨ ਰੋਜ਼ਾ ਟੂਰਨਾਮੈਂਟ ਦੇ ਮੁੱਖ ਮਹਿਮਾਨ

**ਸਟਾਕਟਨ /ਬਿਊਰੋ ਨਿਊਜ਼:** ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਅਤੇ ਗਦਰੀ ਬਾਬੇ ਸਪੋਰਟਸ ਕਲੱਬ ਵਲੋਂ ਯੂਨੀਵਰਸਿਟੀ ਆਫ ਪੈਸੇਫਿਕ ਸਟਾਕਟਨ ਵਿਖੇ ਸਾਬਕਾ ਹਾਕੀ ਖਿਡਾਰੀ ਅਮਰਜੀਤ ਦੁਲਾਈ ਨੂੰ ਸਮਰਪਿਤ ਫੀਲਡ ਹਾਕੀ ਟੂਰਨਾਮੈਂਟ 18, 19 ਅਤੇ 20 ਮਈ 2018 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿਚ ਅਮਰੀਕਾ ਦੀਆਂ ਨਾਮੀ ਹਾਕੀ ਕਲੱਬਾਂ ਤੋਂ ਸਿਵਾ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਹਾਕੀ ਖਿਡਾਰੀ ਉਚੇਚੇ ਤੌਰ 'ਤੇ ਸ਼ਿਰਕਤ ਕਰਨਗੇ। ਮੇਲੇ ਦੇ ਮੁੱਖ ਪ੍ਰਬੰਧਕਾਂ 'ਚ ਸ਼ੁਮਾਰ ਸ. ਗੁਲਵਿੰਦਰ ਸਿੰਘ ਗਾਖਲ ਨੇ ਕਿਹਾ ਕਿ ਇਹ ਵੱਡੇ ਇਨਾਮ ਵਾਲਾ ਹਾਕੀ ਟੂਰਨਾਮੈਂਟ ਹੈ ਅਤੇ ਇਸ ਖੇਡ ਮੇਲੇ ਵਿਚ ਨਾ ਸਿਰਫ ਖਿਡਾਰੀ ਸ਼ਾਮਿਲ ਹੋਣਗੇ ਸਗੋਂ ਆਧੁਨਿਕ ਹਾਕੀ ਦੇ ਵਧੀਆ ਮੈਚਾਂ ਦਾ ਪ੍ਰਦਰਸ਼ਨ ਵੀ ਵੇਖਣ ਨੂੰ ਮਿਲੇਗਾ। ਯੁਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਨੇ ਤਿੰਨੇ ਦਿਨ ਇਸ ਹਾਕੀ ਖੇਡ ਮੇਲੇ 'ਚ ਪੰਜਾਬੀਆਂ ਨੂੰ ਸ਼ਾਮਿਲ ਹੋਣ ਦੀ ਬੇਨਤੀ ਕੀਤੀ। ਇਸ ਖੇਡ ਮੇਲੇ ਦੇ ਮੁੱਖ ਮਹਿਮਾਨ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਹੋਣਗੇ ਅਤੇ ਪਹਿਲਾ ਵੱਡਾ ਇਨਾਮ ਗਾਖਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ ਆਪਣੇ ਸਵਰਗੀ ਪਿਤਾ ਸ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਦਿੱਤਾ ਜਾਵੇਗਾ । ਦੂਜਾ ਵੱਡਾ ਇਨਾਮ ਬੋਪਾਰਾਏ ਭਰਾਵਾਂ ਮਾਈਕ ਬੋਪਾਰਾਏ ਅਤੇ ਜਸਵਿੰਦਰ ਬੋਪਾਰਾਏ ਵਲੋਂ ਹਰ ਸਾਲ ਵਾਂਗ ਪ੍ਰਦਾਨ ਕੀਤਾ ਜਾਵੇਗਾ। ਮੁੱਖ ਪ੍ਰਬੰਧਕਾਂ ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਨੇ ਵੀ ਇਸ ਵੱਡੇ ਹਾਕੀ ਟੂਰਨਾਮੈਂਟ 'ਚ ਪੰਜਾਬੀਆਂ ਦੀ ਸ਼ਮੂਲੀਅਤ ਨੂੰ ਹਾਕੀ ਦੇ ਉਜਵਲ ਭਵਿੱਖ ਦੀ ਅੰਗੜਾਈ ਕਿਹਾ।

## ਰੋਮਾਨੀਆਂ ਚ ਪੜ੍ਹਨ ਗਏ ਸੰਗਰੂਰ ਦੇ ਨੌਜਵਾਨ ਦਾ ਕਤਲ

**ਸੰਗਰੂਰ/ਬਿਊਰੋ ਨਿਊਜ਼ :** ਸ਼ਹਿਰ ਦੇ 22 ਸਾਲਾ ਨੌਜਵਾਨ ਅੰਮ੍ਰਿਤ ਸਿੰਘ ਦਾ ਰੋਮਾਨੀਆ ਵਿੱਚ ਕਤਲ ਹੋ ਗਿਆ ਹੈ। ਉਹ ਕਰੀਬ ਡੇਢ ਸਾਲ ਪਹਿਲਾਂ ਪੜ੍ਹਾਈ ਲਈ ਰੋਮਾਨੀਆ ਗਿਆ ਸੀ। ਉਸ ਦੀ ਦੇਹ ਭਾਰਤ ਭੇਜਣ ਲਈ ਕਰੀਬ ਸੱਤ ਲੱਖ ਰੁਪਏ ਦਾ ਖ਼ਰਚਾ ਦੱਸਿਆ ਗਿਆ ਹੈ। ਪੀੜਤ ਪਰਿਵਾਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਅੰਮ੍ਰਿਤ ਸਿੰਘ ਦੀ ਮ੍ਰਿਤਕ ਦੇਹ ਲਿਆਉਣ

ਬਾਕੀ ਸਫ਼ਾ 29 'ਤੇ

## ਅਮਰੀਕਾ, ਇੰਗਲੈਂਡ ਤੇ ਜਰਮਨੀ ਦੇ ਹਥਿਆਰ ਪੰਜਾਬ 'ਚ ਆਉਣ ਬਾਰੇ ਭੇਦ ਬਰਕਰਾਰ

- **ਅਜੇ ਤੱਕ ਨਹੀਂ ਹੋਈ ਜਾਂਚ ਮੁਕੰਮਲ**
- **ਚਲਾਨ 'ਚ ਹਥਿਆਰ ਜ਼ਬਤ ਕਰਨ ਦਾ ਕਾਰਨ ਨਹੀਂ ਦੱਸਿਆ**
- **ਜਿਨ੍ਹਾਂ ਤੋਂ ਹਥਿਆਰ ਫੜੇ ਉਨ੍ਹਾਂ ਨੂੰ ਹੀ ਬਣਾ ਦਿੱਤਾ ਗਵਾਹ**
- **ਕੋਰਟ ਦੀ ਟਿੱਪਣੀ ਦੇ ਬਾਵਜੂਦ ਜਾਰੀ ਹੁੰਦੇ ਰਹੇ ਐਨਓਸੀ**

ਫਰੀਦਕੋਟ/ਬਿਊਰੋ ਨਿਊਜ਼ : ਫਰੀਦਕੋਟ ਹਥਿਆਰ ਸਕੈਂਡਲ ਵਿਚ ਸ਼ੁਰੂ ਤੋਂ ਲੈ ਕੇ ਹੁਣ ਤੱਕ ਪੁਲੀਸ ਦੀ ਜਾਂਚ ਸਵਾਲਾਂ ਦੇ ਘੇਰੇ ਵਿਚ ਹੀ ਰਹੀ ਹੈ। ਇਥੋਂ ਤੱਕ ਕਿ 13 ਫਰਵਰੀ 2017 ਨੂੰ ਪਹਿਲੇ ਮੇਡ ਇਨ ਇੰਗਲੈਂਡ 32 ਬੋਰ ਹਥਿਆਰ ਦੀ ਸਪੁਰਦਦਾਰੀ ਦੇ ਆਰਡਰ ਵਿਚ ਸ਼ੈਸ਼ਨ ਜੱਜ ਹੀਰਾ ਸਿੰਘ ਦੀ ਕੋਰਟ ਨੇ ਪੁਲੀਸ ਜਾਂਚ 'ਤੇ ਸੁਆਲ ਉਠਾਏ ਸਨ। ਬੇਨਤੀ ਕਰਤਾ ਇਕਬਾਲ ਸਿੰਘ ਸੰਧੂ ਦੀ ਵਿਦੇਸ਼ੀ ਰਿਵਾਲਵਰ ਦੀ ਸਪੁਰਦਗੀ ਲਈ ਲਗਾਈ ਅਰਜ਼ੀ 'ਤੇ ਆਰਡਰ ਸੁਣਾਉਂਦੇ ਹੋਏ ਕੋਰਟ ਨੇ ਕਿਹਾ ਕਿ "ਬੇਨਤੀਕਰਤਾ ਨੂੰ ਪੁਲੀਸ ਨੇ ਦੋਸ਼ੀਆਂ ਦੀ ਸੂਚੀ ਵਿਚ ਨਹੀਂ ਰੱਖਿਆ, ਬਲਕਿ ਗਵਾਹ ਬਣਾਇਆ ਹੈ। ਪੁਲੀਸ ਨੇ ਕੇਸ ਵਿਚ ਇਹ ਵੀ ਨਹੀਂ ਦੱਸਿਆ ਕਿ ਇਹ ਹਥਿਆਰ ਪੁਲੀਸ ਨੇ ਕਿਸ ਲਈ ਜ਼ਬਤ ਕੀਤੇ ਹਨ। ਹੁਣ ਪੁਲੀਸ ਨੇ ਸਪੁਰਦਦਾਰੀ ਲਈ ਨੋ ਓਬਜੈਕਸ਼ਨ ਰਿਪੋਰਟ ਵੀ ਫਾਈਲ ਕਰ ਦਿੱਤੀ ਹੈ। ਇਸ ਲਈ ਇਹ ਰਿਲੀਜ਼ ਕੀਤਾ ਜਾਂਦਾ ਹੈ।"

ਕੋਰਟ ਦੀ ਇਸ ਟਿੱਪਣੀ ਤੋਂ ਸਾਫ਼ ਹੈ ਕਿ ਪੁਲੀਸ ਨੇ ਕੇਸ ਦੀ ਜਾਂਚ ਹੀ ਸਹੀ ਢੰਗ ਨਾਲ ਨਹੀਂ ਕੀਤੀ। ਇਸ ਪਹਿਲੀ ਸਪੁਰਦਦਾਰੀ ਨੂੰ ਆਧਾਰ ਬਣਾ ਕੇ ਇਕ ਤੋਂ ਬਾਅਦ ਇਕ ਫਰੀਦਕੋਟ ਤੋਂ ਦੋ ਕੇਸਾਂ ਵਿਚ 13 ਵਿਦੇਸ਼ੀ ਹਥਿਆਰਾਂ ਵਿਚੋਂ 10 ਅਤੇ 11 ਵਿਦੇਸ਼ੀ ਹਥਿਆਰਾਂ ਵਿਚੋਂ ਦੋ ਸਪੁਰਦਦਾਰੀ 'ਤੇ ਰਿਲੀਜ਼ ਹੋ ਗਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਹਥਿਆਰਾਂ ਨੂੰ ਰਿਲੀਜ਼ ਕਰਾਉਣ ਵਾਲੇ ਸਾਰੇ ਵਿਅਕਤੀ ਉਹੀ ਸਨ, ਜਿਨ੍ਹਾਂ ਕੋਲੋਂ ਇਹ ਹਥਿਆਰ ਪੁਲੀਸ ਨੇ ਫਰਜ਼ੀ ਬਿੱਲਾਂ 'ਤੇ ਖਰੀਦੋ ਫਰੋਖਤ ਹੋਣ 'ਤੇ ਜ਼ਬਤ ਕੀਤੇ ਸਨ। ਪੁਲੀਸ ਨੇ ਕੋਰਟ ਵਿਚ ਪੇਸ਼ ਕੀਤੇ ਚਲਾਨ ਵਿਚ ਆਪਣੀ ਜਾਂਚ ਵਿਚ ਇਨ੍ਹਾਂ ਸਾਰੇ ਲੋਕਾਂ ਨੂੰ ਗਵਾਹਾਂ ਦੀ ਸੂਚੀ ਵਿਚ ਪਾ ਦਿੱਤਾ, ਜਿਸ ਵਿਚ ਇਕ ਚੰਡੀਗੜ੍ਹ ਦਾ ਗੰਨ ਹਾਊਸ ਮਾਲਕ ਹੈ, ਜਿਸ ਨੂੰ 7 ਹਥਿਆਰਾਂ ਦੀ ਸਪੁਰਦਦਾਰੀ ਮਿਲੀ ਹੈ। ਪੁਲੀਸ ਨੇ ਕੋਰਟ ਵਿਚ ਜੋ ਚਲਾਨ ਪੇਸ਼ ਕੀਤਾ, ਉਸ ਵਿਚ ਇਹ ਦੱਸਿਆ ਕਿ ਫੜੇ 13 ਵਿਦੇਸ਼ੀ ਹਥਿਆਰ



ਮਾਨਸਾ ਦੇ ਕਲਿਆਣ ਗੰਨ ਹਾਊਸ ਦੇ ਜਾਅਲੀ ਬਿੱਲਾਂ 'ਤੇ ਹਥਿਆਰ ਤਸਕਰ ਰਣਜੀਤ ਡੁਪਲਾ, ਰਣਜੀਤ ਸਿੰਘ ਗੁਰੂ ਨੇ ਵੇਚੇ ਸਨ। ਇਨ੍ਹਾਂ ਹਥਿਆਰਾਂ ਨੂੰ ਲਖੀਮਪੁਰ ਖੀਰੀ ਯੂਪੀ ਦੇ ਹਥਿਆਰ ਸਮੱਗਲਰ ਰਾਜੇਸ਼ ਗੁਪਤਾ ਰਾਹੀਂ ਲਿਆਂਦਾ ਗਿਆ ਸੀ, ਪਰ ਰਾਜੇਸ਼ ਇਨ੍ਹਾਂ ਨੂੰ ਭਾਰਤ ਕਿਵੇਂ ਲਿਆਇਆ ਅਤੇ ਉਸ ਦੇ ਇੰਟਰਨੈਸ਼ਨਲ ਲਿੰਕ ਕਿੱਥੇ ਹਨ ? ਇਥੋਂ ਤੱਕ ਪੁਲੀਸ ਪਹੁੰਚ ਹੀ ਨਹੀਂ ਸਕੀ। ਹਾਲਾਂਕਿ ਪੁਲੀਸ ਨੇ 5 ਫਰਵਰੀ 2015 ਨੂੰ ਫਰੀਦਕੋਟ ਦੇ ਪਿੰਡ ਚਹਿਲ ਦੇ ਧਨਜੀਤ ਸਿੰਘ ਦੇ ਬਿਆਨ ਦਰਜ ਕੀਤੇ ਹਨ। ਧਨਜੀਤ ਨੇ ਖੁਲਾਸਾ ਕੀਤਾ ਸੀ ਕਿ ਇਹ ਸਮੱਗਲਰ ਡੁਪਲਾ ਤੇ ਗੁਰਚਰਨ ਰਿੰਕਾ ਨੂੰ ਪਹਿਲਾਂ ਤੋਂ ਹੀ ਜਾਣਦਾ ਸੀ ਤੇ ਉਸ ਨਾਲ ਰਾਜੇਸ਼ ਤੋਂ ਹਥਿਆਰ ਲੈਣ ਬਰੇਲੀ ਗਿਆ ਸੀ। ਇੱਥੇ ਉਸ ਨੂੰ ਪਤਾ ਚੱਲਿਆ ਕਿ ਰਾਜੇਸ਼ ਤੇ ਰਣਜੀਤ ਸਿੰਘ ਦੇ ਕੌਮਾਂਤਰੀ ਹਥਿਆਰ ਤਸਕਰਾਂ ਨਾਲ ਸਬੰਧ ਹਨ ਤੇ ਉਨ੍ਹਾਂ ਦੇ ਰਾਹੀਂ ਰਾਜੇਸ਼ ਨੇ ਪੰਜਾਬ ਵਿਚ 50 ਦੇ ਕਰੀਬ ਵਿਦੇਸ਼ੀ ਹਥਿਆਰ ਗੰਨ ਹਾਊਸ ਮਾਲਕਾਂ ਤੋਂ ਜਾਅਲੀ ਬਿੱਲ ਕਟਵਾ ਕੇ ਅੱਗੇ ਵੇਚੇ ਸਨ। ਪੁਲੀਸ ਇਨ੍ਹਾਂ ਵਿਚੋਂ ਸਿਰਫ਼ 23 ਹਥਿਆਰ ਹੀ ਬਰਾਮਦ ਕਰ ਸਕੀ ਹੈ ਤੇ ਉਹ ਵੀ ਜਿਨ੍ਹਾਂ ਤੋਂ ਮਿਲੇ, ਉਨ੍ਹਾਂ ਨੂੰ ਗਵਾਹ ਬਣਾ ਲਿਆ ਕਿਉਂਕਿ ਪੁਲੀਸ ਇਸ ਕੇਸ ਦੀ ਤੈਅ ਤੱਕ ਹੀ ਨਹੀਂ ਜਾ ਸਕੀ।

ਹਥਿਆਰ ਕਾਂਡ ਵਿਚ ਫੜੇ ਗਏ ਦੋਸ਼ੀ ਰਾਜੇਸ਼ ਗੁਪਤਾ ਤੋਂ ਐਨਆਈਏ ਵੀ ਪੁਛਗਿੱਛ ਕਰਨਾ ਚਾਹੁੰਦੀ ਸੀ। ਲਖਨਊ ਦੇ ਡੀਐਸਪੀ ਪੀਕੇ ਅਵਸਥੀ ਨੇ 2016 ਵਿਚ ਫਰੀਦਕੋਟ ਵਿਚ ਅਰਜ਼ੀ ਲਗਾਈ ਸੀ, ਕਿਉਂਕਿ ਐਫਆਈਆਰ ਨੰਬਰ 08-2012-ਐਨਆਈਏ ਦਿੱਲੀ ਦੇ ਕੇਸ ਵਿਚ ਫੜੇ ਗਏ ਹਥਿਆਰ ਸਮੱਗਲਰ ਮੰਟੂ ਸ਼ਰਮਾ ਦੇ ਖਾਤਿਆਂ ਤੋਂ ਕੁਝ ਟਰਾਂਸਜੈਕਸ਼ਨ ਰਾਜੇਸ਼ ਦੇ ਖਾਤੇ ਵਿਚ ਹੋਈ ਸੀ। ਬਿਹਾਰ ਦੇ ਮੰਟੂ ਨੂੰ ਉਥੋਂ ਫੜੇ ਗਏ ਨਕਸਲੀ ਕਮਾਂਡਰ ਪ੍ਰਫੁੱਲ ਮਲਾਕਰ ਨੂੰ ਐਮ-16 ਰਾਈਫਲ ਸਪਲਾਈ ਕਰਨ ਦੇ ਦੋਸ਼ ਵਿਚ ਫੜਿਆ ਗਿਆ ਸੀ। ਜਾਂਚ ਵਿਚ ਪਤਾ ਚੱਲਿਆ ਕਿ ਇਹ ਰਾਈਫਲ ਅਮਰੀਕਾ ਦੇ ਸਰਕਾਰੀ ਅਦਾਰੇ ਵਿਚੋਂ ਚੋਰੀ ਹੋਈ ਸੀ ਪਰ ਐਨਆਈ ਟਰਾਂਸਜਿਟ ਰਿਮਾਂਡ ਨਾ ਹੋਣ ਕਾਰਨ ਰਾਜੇਸ਼ ਤੋਂ ਪੁਛਗਿੱਛ ਨਹੀਂ ਕਰ ਸਕੀ। ਇਸ ਕਾਂਡ ਵਿਚ ਨਾਮਜ਼ਦ ਕੀਤੇ ਤਕਰੀਬਨ 7 ਦੋਸ਼ੀਆਂ ਦੀ ਤਿੰਨ ਸਾਲ ਵਿਚ ਪੁਲੀਸ ਨਾ ਤਾਂ ਗ੍ਰਿਫ਼ਤਾਰੀ ਪਾ ਸਕੀ ਹੈ, ਨਾ ਹੀ ਚਲਾਨ ਪੇਸ਼ ਕੀਤਾ ਹੈ। ਇਨ੍ਹਾਂ ਵਿਚ ਗੈਂਗਸਟਰ ਤੀਰਥ ਢਿੱਲਵਾਂ, ਰਮਨਜਦੀਪ ਸਿੰਘ ਰੰਮੀ ਮਛਾਣਾ, ਮਨਬੀਰ ਸਿੰਘ ਉਰਫ ਮਨੀ ਸੇਖੋਂ ਵੀ ਸ਼ਾਮਲ ਹਨ। ਸੇਖੋਂ ਨਾਭਾ ਜੇਲ੍ਹ ਬ੍ਰੇਕ ਵਿਚ ਸ਼ਾਮਲ ਸੀ।

ਬਾਕੀ ਸਫ਼ਾ 28 'ਤੇ


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279


ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਮੋਦੀ ਦੀ "ਭੈੜੀ ਬੋਲਬਾਣੀ" ਬਾਰੇ ਮਨਮੋਹਨ ਸਿੰਘ ਤੇ ਕਾਂਗਰਸ ਆਗੂਆਂ ਵੱਲੋਂ ਰਾਸ਼ਟਰਪਤੀ ਨੂੰ ਪੱਤਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਚਿੱਠੀ ਲਿਖ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਵਿਰੋਧੀ ਧਿਰਾਂ ਲਈ ਵਰਤੀ ਜਾਣ ਵਾਲੀ ਭਾਸ਼ਾ 'ਤੇ ਇਤਰਾਜ਼ ਪ੍ਰਗਟਾਇਆ ਹੈ। ਡਾ: ਮਨਮੋਹਨ ਸਿੰਘ ਸਮੇਤ ਕਾਂਗਰਸ ਦੇ ਕੁਝ ਨੇਤਾਵਾਂ ਵਲੋਂ ਲਿਖੀ ਚਿੱਠੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਕਾਂਗਰਸ ਅਤੇ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਲਈ ਧਮਕੀ ਭਰਿਆ ਲਹਿਜ਼ਾ ਵਰਤਣ ਦੇ ਖ਼ਿਲਾਫ਼ ਰਾਸ਼ਟਰਪਤੀ ਨੂੰ ਚਿਤਾਵਨੀ ਦੇਣ ਨੂੰ ਕਿਹਾ ਗਿਆ। ਚਿੱਠੀ 'ਚ ਸਾਬਕਾ ਪ੍ਰਧਾਨ ਮੰਤਰੀ ਵਲੋਂ ਵਰਤੀ ਜਾਣ ਵਾਲੀ ਭਾਸ਼ਾ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਅਤੀਤ 'ਚ ਭਾਰਤ ਦੇ ਸਾਰੇ ਪ੍ਰਧਾਨ ਮੰਤਰੀਆਂ ਨੇ ਜਨਤਕ ਜਾਂ ਨਿੱਜੀ ਸਮਾਗਮਾਂ 'ਚ ਅਹੁਦੇ ਦੀ ਮਰਿਆਦਾ ਬਣਾਈ ਰੱਖੀ ਹੈ। ਉਨ੍ਹਾਂ ਨੇ ਅਜਿਹੀ ਭਾਸ਼ਾ ਪ੍ਰਤੀ ਨਾਖੁਸ਼ੀ ਜਤਾਉਂਦਿਆਂ ਕਿਹਾ ਕਿ ਇਕ ਲੋਕਰਾਜ 'ਚ ਅਜਿਹਾ ਸੋਚਿਆ ਵੀ ਨਹੀਂ ਜਾ ਸਕਦਾ ਕਿ ਪ੍ਰਧਾਨ ਮੰਤਰੀ ਸਰਕਾਰ ਦੇ ਮੁਖੀ ਹੁੰਦਿਆਂ ਅਜਿਹੇ ਸ਼ਬਦਾਂ ਦੀ ਵਰਤੋਂ ਕਰਨਗੇ ਜੋ ਧਮਕੀ ਭਰੇ ਹੋਣਗੇ ਅਤੇ ਮੁੱਖ ਵਿਰੋਧੀ ਧਿਰ ਭਾਵ ਕਾਂਗਰਸ ਦੇ ਨੇਤਾਵਾਂ ਲਈ ਜਨਤਕ ਚਿਤਾਵਨੀ ਦਿੱਤੀ



ਜਾਵੇਗੀ। ਕਾਂਗਰਸ ਨੇ ਪ੍ਰਧਾਨ ਮੰਤਰੀ ਦੇ ਅਜਿਹੇ ਵਿਵਹਾਰ ਨੂੰ ਨਾਪ੍ਰਵਾਨਯੋਗ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਵਲੋਂ ਕਾਂਗਰਸ ਦੇ ਨੇਤਾਵਾਂ ਨੂੰ ਦਿੱਤੀ ਧਮਕੀ ਦੀ ਨਿਖੇਧੀ ਕੀਤੀ। ਚਿੱਠੀ 'ਚ ਕਾਂਗਰਸੀ ਆਗੂਆਂ ਨੇ ਨਿਖੇਧੀ ਕਰਨ ਦੇ ਨਾਲ ਇਹ ਵੀ ਕਿਹਾ ਕਿ ਕਾਂਗਰਸੀ ਆਗੂਆਂ ਨੂੰ ਅਜਿਹੀਆਂ ਧਮਕੀਆਂ ਨਾਲ ਝੁਕਾਇਆ ਨਹੀਂ ਜਾ ਸਕਦਾ। ਕਾਂਗਰਸ ਵਲੋਂ ਆਪਣੀ ਚਿੱਠੀ ਨਾਲ ਕਰਨਾਟਕ ਦੇ ਹੁਬਲੀ 'ਚ ਪ੍ਰਧਾਨ ਮੰਤਰੀ ਦੇ ਭਾਸ਼ਣ ਦੇ ਅੰਸ਼ ਵੀ ਰਾਸ਼ਟਰਪਤੀ ਨੂੰ ਭੇਜੇ, ਜਿਸ ਦਾ ਜ਼ਿਕਰ ਚਿੱਠੀ 'ਚ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਡਾ: ਮਨਮੋਹਨ ਸਿੰਘ ਨੇ ਪਿਛਲੇ ਹਫ਼ਤੇ ਪ੍ਰੈੱਸ ਕਾਨਫ਼ਰੰਸ 'ਚ ਨੀਰਵ ਮੋਦੀ ਅਤੇ ਨੋਟਬੰਦੀ ਨੂੰ ਲੈ ਕੇ ਨਿਸ਼ਾਨਾ ਬਣਾਉਣ ਤੋਂ ਇਲਾਵਾ ਪ੍ਰਧਾਨ ਮੰਤਰੀ ਦੇ ਲਹਿਜ਼ੇ 'ਤੇ ਵੀ ਟਿੱਪਣੀ ਕੀਤੀ ਸੀ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਨਰਿੰਦਰ ਮੋਦੀ ਹਰ ਦਿਨ ਆਪਣੇ ਵਿਰੋਧੀਆਂ ਦੇ ਖ਼ਿਲਾਫ਼ ਗੱਲਾਂ ਕਹਿਣ ਲਈ ਆਪਣੇ ਅਹੁਦੇ ਦਾ ਇਸਤੇਮਾਲ ਕਰ ਰਹੇ ਹਨ, ਅਜਿਹੀ ਦੁਰਵਰਤੋਂ ਕਿਸੇ ਪ੍ਰਧਾਨ ਮੰਤਰੀ ਨੇ ਨਹੀਂ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਏਨੇ ਹੇਠਲੇ ਪੱਧਰ 'ਤੇ ਜਾਣਾ ਪ੍ਰਧਾਨ ਮੰਤਰੀ ਨੂੰ ਸ਼ੋਭਾ ਨਹੀਂ ਦਿੰਦਾ, ਇਹ ਦੇਸ਼ ਲਈ ਠੀਕ ਨਹੀਂ ਹੈ।

# ਮਾਮਲਾ ਮਨੁੱਖੀ ਤਸਕਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਭਾਰਤੀ ਪੱਤਰਕਾਰ ਦਾ

## ਦੋਸ਼ੀ ਸਿੱਧ ਹੋਣ 'ਤੇ ਹੋ ਸਕਦੀ ਏ 20 ਸਾਲ ਦੀ ਸਜ਼ਾ

**ਮੈਲਬੌਰਨ/ਬਿਊਰੋ ਨਿਊਜ਼ :** ਆਸਟਰੇਲੀਆ ਵਿੱਚ ਜਾਅਲੀ ਕਾਗਜ਼ਾਂ ਦੇ ਆਧਾਰ 'ਤੇ ਮਨੁੱਖੀ ਤਸਕਰੀ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ ਭਾਰਤੀ ਪੱਤਰਕਾਰ ਦੀ ਹਿਰਾਸਤ ਛੇ ਹਫ਼ਤੇ ਲਈ ਵਧਾ ਦਿੱਤੀ ਗਈ ਹੈ, ਜੋ ਰਾਸ਼ਟਰਮੰਡਲ ਖੇਡਾਂ ਦੀ ਕਵਰੇਜ ਦੀ ਆੜ ਵਿੱਚ ਇਥੇ ਆਇਆ ਹੋਇਆ ਸੀ। ਆਸਟਰੇਲੀਅਨ ਬਾਰਡਰ ਫੋਰਸ ਵੱਲੋਂ 46 ਸਾਲਾ ਰਾਕੇਸ਼ ਕੁਮਾਰ ਸ਼ਰਮਾ ਨੂੰ ਬ੍ਰਿਸਬੇਨ ਹਵਾਈ ਅੱਡੇ ਤੋਂ ਮਾਰਚ ਵਿੱਚ ਅੱਠ ਭਾਰਤੀ ਨਾਗਰਿਕਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਕੋਲ ਮੀਡੀਆ ਸਬੰਧੀ ਸਹੀ ਮਾਨਤਾ ਨਹੀਂ ਸੀ। ਬ੍ਰਿਸਬੇਨ ਦੀ ਅਦਾਲਤ ਨੇ ਰਾਕੇਸ਼ ਸ਼ਰਮਾ ਨੂੰ ਸ਼ੁੱਕਰਵਾਰ ਨੂੰ ਹਿਰਾਸਤ ਵਿੱਚ ਭੇਜ ਦਿੱਤਾ ਸੀ। ਇਹ ਜਾਣਕਾਰੀ ਬ੍ਰਿਸਬੇਨ ਟਾਈਮ ਦੀ ਇਕ ਰਿਪੋਰਟ ਵਿੱਚ ਦਿੱਤੀ ਗਈ। ਜ਼ਿਕਰਯੋਗ ਹੈ ਕਿ ਬ੍ਰਿਸਬੇਨ ਵਿੱਚ ਰਾਸ਼ਟਰਮੰਡਲ ਖੇਡਾਂ 4 ਤੋਂ 15 ਅਪਰੈਲ ਤਕ ਹੋਈਆਂ ਸਨ। 20 ਤੋਂ 37 ਸਾਲ ਦੇ ਅੱਠ ਭਾਰਤੀ ਨਾਗਰਿਕ ਅਸਥਾਈ ਵੀਜ਼ੇ 'ਤੇ ਇਥੇ ਆਏ ਸਨ ਜੋ ਆਪਣੇ ਆਪ ਨੂੰ ਮਾਨਤਾਪ੍ਰਾਪਤ ਪੱਤਰਕਾਰ ਹੋਣ ਦਾ ਦਾਅਵਾ ਕਰਦੇ ਸਨ। ਇਨ੍ਹਾਂ ਨੂੰ ਰਾਕੇਸ਼ ਸ਼ਰਮਾ ਸਮੇਤ ਏਬੀਐਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਸ਼ਰਮਾ ਵੱਲੋਂ ਬ੍ਰਿਸਬੇਨ ਦੀ ਅਦਾਲਤ ਵਿੱਚ ਪੇਸ਼ ਕੀਤੇ ਕਾਗਜ਼ਾਂ ਵਿੱਚ ਦਾਅਵਾ ਕੀਤਾ ਕਿ ਉਹ ਹਰਿਆਣਾ ਦਾ ਵਾਸੀ ਹੈ ਤੇ ਇਕ ਹਿੰਦੀ ਅਖ਼ਬਾਰ ਦਾ ਪ੍ਰਮਾਣਿਤ ਪੱਤਰਕਾਰ ਹੈ। ਸੂਤਰਾਂ ਅਨੁਸਾਰ ਜੇ ਉਸ 'ਤੇ ਮਨੁੱਖੀ ਤਸਕਰੀ ਦੇ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਉਸ ਨੂੰ ਘੱਟੋ ਘੱਟ ਪੰਜ ਸਾਲ ਦੀ ਜੇਲ੍ਹ ਹੋ ਸਕਦੀ ਹੈ ਅਤੇ ਪੰਜ ਜਾਂ ਪੰਜ ਤੋਂ ਵੱਧ ਮਨੁੱਖੀ ਤਸਕਰੀ ਦੇ ਦੋਸ਼ ਸਿੱਧ ਹੋਣ 'ਤੇ ਉਸ ਨੂੰ 20 ਸਾਲ ਦੀ ਸਜ਼ਾ ਵੀ ਹੋ ਸਕਦੀ ਹੈ।



# ਮਨੁੱਖੀ ਅਜ਼ਾਦੀਆਂ ਦਾ ਘਾਣ ਕਰਨ ਵਾਲੇ ਭਾਰਤ ਦੀ ਕੈਨੇਡਾ ਨੂੰ ਵੀ ਵਿਚਾਰਾਂ ਦੀ ਅਜ਼ਾਦੀ 'ਤੇ ਰੋਕ ਲਾਉਣ ਦੀ ਨੇਕ ਸਲਾਹ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਦੁਨੀਆ ਵਿਚ ਬੋਲਣ ਦੀ ਅਜ਼ਾਦੀ ਦੇ ਮਾਮਲੇ ਵਿਚ ਹੇਠਲੇ ਪੱਧਰ ਦੇ ਦੇਸ਼ ਭਾਰਤ ਨੇ ਮਨੁੱਖੀ ਅਜ਼ਾਦੀਆਂ ਦੇ ਮਾਮਲੇ ਵਿਚ ਮੋਹਰਲੀ ਕਤਾਰ ਦੇ ਦੇਸ਼ਾਂ ਵਿਚੋਂ ਇਕ ਕੈਨੇਡਾ ਨੂੰ ਵਿਚਾਰ ਰੱਖਣ ਦੀ ਅਜ਼ਾਦੀ 'ਤੇ ਰੋਕਾਂ ਲਾਉਣ ਦੀ ਸਲਾਹ ਦਿੱਤੀ ਹੈ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਾਉਂਸਲ ਦੇ ਯੂਨੀਵਰਸਲ ਪਿਰਿਓਡਿਕ ਰਿਵਿਊ ਸੈਸ਼ਨ ਵਿਚ ਭਾਰਤ ਨੇ ਕਿਹਾ ਕਿ ਕੈਨੇਡਾ ਦੀ ਸਰਕਾਰ ਉਨ੍ਹਾਂ ਦੇ ਦੇਸ਼ ਵਿਚ ਵਿਚਾਰ ਰੱਖਣ ਦੀ ਅਜ਼ਾਦੀ ਦੀ ਗਲਤ ਵਰਤੋਂ ਨੂੰ ਰੋਕੇ ਜਿਸ ਜਰੀਏ ਹਿੰਸਾ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ 'ਅੱਤਵਾਦੀਆਂ' ਨੂੰ ਸ਼ਹੀਦ ਕਹਿ ਕੇ ਪ੍ਰਚਾਰਿਆ ਜਾਂਦਾ ਹੈ। ਭਾਰਤ ਸਰਕਾਰ ਦੀ ਇਸ ਟਿੱਪਣੀ ਨੂੰ ਖਾਸ ਤੌਰ 'ਤੇ ਸਿੱਖ ਸੰਧਰਬ ਵਿਚ ਦੇਖਿਆ ਜਾ ਰਿਹਾ ਹੈ। ਭਾਰਤ ਵਿਚ ਹੁੰਦੇ ਜ਼ੁਲਮਾਂ ਤੋਂ ਛੁਟਕਾਰੇ ਲਈ ਕੈਨੇਡਾ ਦੀ ਧਰਤੀ 'ਤੇ ਸਿੱਖ ਆਪਣੇ ਜ਼ਮਹੂਰੀ ਹੱਕ ਅਜ਼ਾਦੀ ਲਈ ਲਗਾਤਾਰ ਅਵਾਜ਼



ਚੁੱਕ ਰਹੇ ਹਨ। ਕੈਨੇਡਾ ਵਿਚ ਸਿੱਖਾਂ ਨੂੰ ਮਿਲਦੇ ਹੱਕਾਂ ਖਿਲਾਫ ਭਾਰਤ ਨੇ ਆਪਣੀ ਨਰਾਜ਼ਗੀ ਦਾ ਪ੍ਰਗਟਾਵਾ ਇਸ ਸਾਲ ਦੀ ਸ਼ੁਰੂਆਤ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਦੌਰਾਨ ਵੀ ਕੀਤਾ ਸੀ। ਜਿਕਰਯੋਗ ਹੈ ਕਿ ਇਸ ਸਾਲ ਜਾਰੀ ਹੋਏ ਵਰਲਡ ਪ੍ਰੈਸ ਫ੍ਰੀਡਮ ਦੇ ਅੰਕੜਿਆਂ ਅਨੁਸਾਰ ਭਾਰਤ ਦਾ ਵਿਚਾਰਾਂ ਦੀ ਅਜ਼ਾਦੀ ਵਿਚ 180 ਦੇਸ਼ਾਂ ਵਿਚੋਂ 138ਵਾਂ ਸਥਾਨ ਹੈ ਜਦਕਿ ਕੈਨੇਡਾ 18ਵੇਂ ਸਥਾਨ 'ਤੇ ਹੈ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

# ਬੇਹੱਦ ਕਾਮਯਾਬ ਰਿਹਾ ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਦਾ ਫੈਮਲੀ ਪਿਕਨਿਕ ਅਤੇ ਵਿਸਾਖੀ ਟੂਰਨਾਮੈਂਟ









**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਸ਼ਹਿਰ ਸਨਵਾਕੀਨ ਦੇ ਸਟੇਡੀਅਮ ਵਿੱਚ ਗੁਰੂ ਨਾਨਕ ਸਪੋਰਟਸ ਕਲੱਬ ਕਰਮਨ ਅਤੇ ਸਨਵਾਕੀਨ ਵੱਲੋਂ ਫੈਮਲੀ ਪਿਕਨਿਕ ਅਤੇ ਦੋ ਦਿਨਾਂ ਟੂਰਨਾਮੈਂਟ ਕਰਵਾਇਆ ਗਿਆ। ਜਿਸ ਦੀ ਪਹਿਲੇ ਦਿਨ ਸ਼ੁਰੂਆਤ ਭਾਈ ਰਣਜੀਤ ਸਿੰਘ ਜੀ ਦੁਆਰਾ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਫੈਮਲੀ ਪਿਕਨਿਕ ਵਿੱਚ ਗਿੱਧੇ, ਭੰਗੜੇ ਤੋਂ ਇਲਾਵਾ ਹੋਰ ਵਿਰਾਸਤੀ ਖੇਡਾਂ ਜਿਵੇਂ ਚਾਟੀ ਰੇਸ, ਬੋਰੀ ਰੇਸ, ਤਿੰਨ ਟੰਗੀ ਰੇਸ, ਰੱਸਾਕਸ਼ੀ, ਕੁੱਕੜ ਫੜਨਾ ਸਮੇਤ ਬਹੁਤ ਸਾਰੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿੱਚ ਔਰਤਾਂ ਨੇ ਵਧ ਚੜ ਕੇ ਹਿੱਸਾ ਲਿਆ। ਬੀਬੀਆਂ ਦੁਆਰਾ ਪੰਜਾਬੀ ਰਹੁ-ਰੀਤਾਂ ਨਾਲ ਸੰਬੰਧਤ ਗੀਤਾਂ ਤੋਂ ਇਲਾਵਾ ਨਾਨਕਾ ਮੇਲ ਅਤੇ ਦਾਦਕਾ ਮੇਲ ਦੇ ਗੀਤਾਂ ਦਾ ਮੁਕਾਬਲਾ ਬਹੁਤ ਸਲਾਹੁਣਯੋਗ ਸੀ। ਕਰਮਨ ਪੰਜਾਬੀ ਸਕੂਲ, ਜੀ.ਐਚ.ਜੀ. ਅਕੈਡਮੀ ਅਤੇ ਹੋਰ ਸਥਾਨਕ ਸਕੂਲਾ ਦੇ ਬੱਚਿਆਂ ਦੁਆਰਾ ਵਿਰਾਸਤੀ ਖੇਡਾ ਵਿੱਚ ਹਿੱਸਾ ਲੈ ਪੰਜਾਬੀ ਸੱਭਿਆਚਾਰ ਪ੍ਰਤੀ ਪਿਆਰ ਅਤੇ ਦਿਲਚਸਪੀ ਦਾ ਖੂਬ ਪ੍ਰਦਰਸ਼ਨ ਕੀਤਾ ਗਿਆ। ਸਥਾਨਿਕ ਸਕੂਲਾਂ ਵਿੱਚ 4.0 ਜਾਂ ਵਧੀਕ ਜੀ. ਪੀ. ਏ. (4.0 or Plus G.P.A.) ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਬਾਕੀ ਖੇਡਾਂ ਵਾਂਗ ਨਕਦ ਇਨਾਮ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਦੂਸਰੇ ਦਿਨ ਅੰਡਰ ਇੱਕੀ ਸਾਲ ਉਮਰ ਅਤੇ ਓਪਨ ਕਬੱਡੀ ਦੇ ਮੁਕਾਬਲੇ ਕਰਵਾਏ ਗਏ। ਇਸ ਟੂਰਨਾਮੈਂਟ ਦੌਰਾਨ ਅੰਤਰ-ਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀਆਂ ਨੇ ਭਾਰਤ ਅਤੇ ਕਨੇਡਾ ਤੋਂ ਪਹੁੰਚ ਕੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ। ਓਪਨ ਕਬੱਡੀ ਦੇ ਮੁਕਾਬਲਿਆ ਵਿੱਚ 'ਲੱਛਰ ਬ੍ਰਦਰਜ਼' ਲਾਸ ਬੈਨਸ ਪਹਿਲੇ ਸਥਾਨ ਅਤੇ 'ਪੰਜਾਬ ਸਪੋਰਟਸ ਕਲੱਬ ਫਰਿਜ਼ਨੋ' ਦੂਜੇ ਸਥਾਨ 'ਤੇ ਰਿਹਾ। ਜਦਕਿ ਟਰੇਸੀ ਤੀਜੇ ਅਤੇ ਯੂਬਾ ਬ੍ਰਦਰਜ਼ ਯੂਬਾਸਿਟੀ ਚੌਥੇ ਸਥਾਨ 'ਤੇ ਰਿਹਾ।

ਇਸੇ ਤਰ੍ਹਾਂ ਅੰਡਰ ਇੱਕੀ ਸਾਲ ਕਬੱਡੀ-ਬੀ ਵਿੱਚ ਯੂਬਾਸਿਟੀ ਪਹਿਲੇ ਸਥਾਨ ਅਤੇ ਫਰਿਜ਼ਨੋ ਦੂਸਰੇ ਸਥਾਨ 'ਤੇ ਰਿਹਾ। ਇਸ ਸਮੇਂ ਕਬੱਡੀ ਦੇ ਬਾਬਾ ਬੋਹੜ ਦੇਵੀ ਦਿਆਲ ਨੇ ਵਿਸ਼ੇਸ਼ ਤੌਰ 'ਤੇ ਸਿਰਕਤ ਕੀਤੀ ਅਤੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਉਚੇਚਾ ਸਨਮਾਨ ਕੀਤਾਂ ਗਆ। ਬੱਚਿਆਂ ਦੀ ਬਾਸਕਟ ਬਾਲ ਅਤੇ ਬਜ਼ੁਰਗਾਂ, ਬੱਚਿਆਂ ਅਤੇ ਬੀਬੀਆਂ ਦੁਆਰਾ ਰੱਸਾਕਸੀ ਦੇ ਮੁਕਾਬਲੇ ਵੀ ਹੋਏ। ਇਸ ਸਮੇਂ ਦੋਨੋ ਦਿਨ ਪੰਜਾਬੀ ਗਾਇਕੀ ਦੀ ਬੁਲੰਦ ਅਵਾਜ਼ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ, ਅਵਤਾਰ ਗਰੇਵਾਲ, ਰਾਣੀ ਗਿੱਲ, ਕਾਤਾਂ ਸਹੋਤਾ, ਦਿਲਦਾਰ ਬ੍ਰਦਰਜ਼ ਮਿਊਜ਼ੀਕਲ ਗਰੁੱਪ, ਪ੍ਰਸਿੱਧ ਗਾਇਕਾ ਜੋਤ ਰਣਜੀਤ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਗੀਤਕਾਰ ਮੰਗਲ ਹਠੂਰ ਨੇ ਪੰਜਾਬ ਤੋਂ ਆ ਖੁੱਲ੍ਹੇ ਅਖਾੜੇ ਦੇ ਰੂਪ ਵਿੱਚ ਆਪਣੀ ਗਾਇਕੀ ਰਾਹੀ ਹਾਜ਼ਰੀਨ ਦਾ ਮੰਨੋਰੰਜਨ ਵੀ ਕੀਤਾ ਗਿਆ।

ਕਬੱਡੀ ਟੂਰਨਾਮੈਂਟ ਦੌਰਾਨ ਸਟੇਜ ਸੰਚਾਲਨ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਬੀਬੀ ਆਸ਼ਾ ਸ਼ਰਮਾ ਨੇ ਕੀਤਾ। ਇਸ ਟੂਰਨਾਮੈਂਟ ਦੌਰਾਨ ਮੁੱਫਤ ਲੰਗਰਾਂ ਅਤੇ ਪਾਰਕਿੰਗ ਦਾ ਖੁੱਲ੍ਹਾ ਪ੍ਰਬੰਧ ਸੀ। ਪ੍ਰਬੰਧਕਾ ਵੱਲੋਂ ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਅਤੇ ਸਨਮਾਨ ਦੇਣ ਤੋਂ ਇਲਾਵਾ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਵਰਨਣਯੋਗ ਹੈ ਕਿ ਸੰਨ 1970 ਦੇ ਦਹਾਕੇ ਦੌਰਾਨ ਸੈਂਟਰਲ ਵੈਲੀ ਵਿੱਚ ਕਬੱਡੀ ਦੀ ਸ਼ੁਰੂਆਤ ਕਰਨ ਵਾਲੇ ਗੁਰੂ ਨਾਨਕ ਸਪੋਰਟਸ਼ ਕਲੱਬ ਦੀ ਆਪਣੀ ਕਬੱਡੀ ਦੀ ਕਈ ਸਾਲਾ ਤੋਂ ਕੋਈ ਟੀਮ ਨਹੀਂ ਹੈ, ਪਰ ਖੇਡਾਂ ਨੂੰ ਸਮਰਪਤ ਹੋਣ ਕਰਕੇ ਹਰ ਸਾਲ ਇਹ ਕਲੱਬ ਸਹਿਯੋਗੀਆਂ ਦੀ ਮਦਦ ਨਾਲ ਸਾਨਦਾਰ ਟੂਰਨਾਮੈਂਟ ਕਰਵਾਉਂਦੇ ਹਨ।

# ਪੰਜਾਬੀ ਫ਼ਿਲਮ 'ਸਾਡੇ ਆਲੇ' ਕਾਨ ਫ਼ਿਲਮ ਫੈਸਟੀਵਲ ਦਾ ਸ਼ਿੰਗਾਰ ਬਣੇਗੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਫਰਾਂਸ ਵਿੱਚ ਚੱਲ ਰਹੇ ਵਿਸ਼ਵ ਦੇ ਸਭ ਤੋਂ ਵੱਡੇ 'ਕਾਨ ਫ਼ਿਲਮ ਫ਼ੈਸਟੀਵਲ' ਵਿੱਚ ਇਸ ਵਾਰ ਪੰਜਾਬੀ ਸਿਨੇਮਾ ਵੀ ਸ਼ਮੂਲੀਅਤ ਕਰ ਰਿਹਾ ਹੈ। ਲੇਖਕ ਅਤੇ ਨਿਰਦੇਸ਼ਕ ਜਤਿੰਦਰ ਮੌਹਰ ਦੀ ਫ਼ਿਲਮ 'ਸਾਡੇ ਆਲੇ' ਪੰਜਾਬੀ ਸਿਨੇਮੇ ਦੀ ਨੁਮਾਇੰਦਗੀ ਕਰਨ ਜਾ ਰਹੀ ਹੈ। ਇਸ ਫ਼ੈਸਟੀਵਲ ਵਿੱਚ ਫ਼ਿਲਮ ਦਾ ਟੀਜ਼ਰ ਦਿਖਾਇਆ ਜਾਵੇਗਾ। ਫ਼ਿਲਮ 'ਚ ਮੁੱਖ ਭੂਮਿਕਾ ਨਿਭਾਅ ਰਹੇ ਅਦਾਕਾਰ ਦੀਪ ਸਿੱਧੂ ਨੇ ਦੱਸਿਆ ਕਿ 'ਕਾਨ ਫ਼ਿਲਮ ਫ਼ੈਸਟੀਵਲ' ਵਿੱਚ ਉਨ੍ਹਾਂ ਦੀ ਫ਼ਿਲਮ ਸਪੋਰਟਸ ਜ਼ੋਨਰ ਕੈਟਾਗਿਰੀ ਵਿੱਚ ਰੱਖੀ ਗਈ ਹੈ। ਇਸ ਮੰਚ 'ਤੇ ਫ਼ਿਲਮ ਦਾ ਟੀਜ਼ਰ ਰਿਲੀਜ਼ ਹੋਵੇਗਾ। ਉਨ੍ਹਾਂ ਨੂੰ ਫ਼ਿਲਮ ਅਤੇ ਪੰਜਾਬੀ ਸਿਨੇਮਾ ਬਾਰੇ ਬੋਲਣ ਦਾ ਵੀ ਮੌਕਾ ਦਿੱਤਾ ਗਿਆ ਹੈ, ਜੋ ਸਮੁੱਚੀ ਪੰਜਾਬੀ ਫ਼ਿਲਮ ਇੰਡਸਟਰੀ ਲਈ ਮਾਣ ਵਾਲੀ ਗੱਲ ਹੈ। ਦੀਪ ਮੁਤਾਬਕ ਇਹ ਪੰਜਾਬੀ ਫ਼ਿਲਮ ਪਿੰਡਾਂ ਦੀ ਸੱਭਿਆਚਰਕ ਖੂਬਸੂਰਤੀ ਨੂੰ ਬਿਆਨ ਕਰਦੀ ਹੋਈ ਪੰਜਾਬੀ ਖੇਡ ਕਬੱਡੀ ਦੀ ਗੱਲ ਕਰੇਗੀ। ਫ਼ਿਲਮ ਵਿੱਚ ਖੇਡ ਦੇ ਮੈਦਾਨ ਅੰਦਰ ਅਤੇ ਬਾਹਰ ਦੀ ਸਿਆਸਤ ਨੂੰ ਵੀ ਪਰਦੇ 'ਤੇ ਲਿਆਂਦਾ ਗਿਆ ਹੈ ਇਸ ਮੌਕੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਸਮੇਤ ਹਾਲੀਵੁੱਡ ਦੀਆਂ ਨਾਮਵਰ ਹਸਤੀਆਂ ਸ਼ਿਰਕਤ ਕਰਨਗੀਆਂ। ਇਸ ਤੋਂ ਇਲਾਵਾ ਭਾਰਤੀ ਸਿਨੇਮਾ ਜਗਤ ਦੇ ਨਾਮਵਰ ਸਿਤਾਰੇ ਐਸ਼ਵਰਿਆ ਰਾਏ ਬੱਚਨ, ਦੀਪਕਾ ਪਾਦੂਕੋਨ, ਕੰਗਨਾ ਰਾਣੌਤ ਵੀ ਉਚੇਚੇ ਤੌਰ 'ਤੇ ਹਾਜ਼ਰ ਹੋਣਗੇ। ਦੀਪ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਦੀ ਫ਼ਿਲਮ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਸ ਨੂੰ 'ਕਾਨ' ਵਰਗਾ ਕੌਮਾਂਤਰੀ ਮੰਚ ਮਿਲਿਆ ਹੈ। 'ਬਠਿੰਡੇ ਵਾਲੇ ਬਾਈ' ਅਤੇ 'ਕੁਕਨੂਸ ਫ਼ਿਲਮਜ਼' ਦੇ ਬੈਨਰ ਹੇਠ ਬਣੀ ਇਹ ਫ਼ਿਲਮ ਅਗਾਮੀ 6 ਜੁਲਾਈ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਇਸ ਫ਼ਿਲਮ ਵਿੱਚ ਦੀਪ ਸਿੱਧੂ ਨਾਲ ਅਦਾਕਾਰ ਸੁਖਦੀਪ ਸੁੱਖ, ਅੰਮ੍ਰਿਤ ਔਲਖ, ਗੁੱਗੂ ਗਿੱਲ, ਮਹਾਂਵੀਰ ਭੁੱਲਰ, ਸੋਨਪ੍ਰੀਤ ਜਵੰਧਾ, ਹਰਵਿੰਦਰ ਬਬਲੀ ਅਤੇ ਰਾਜੇਸ਼ ਸ਼ਰਮਾ ਸਮੇਤ ਥੀਏਟਰ ਦੇ ਕਈ ਨਾਮੀਂ ਅਦਾਕਾਰਾਂ ਨੇ ਅਹਿਮ ਭੂਮਿਕਾ ਨਿਭਾਈ ਹੈ।




# ਐੱਸਸੀ/ਐੱਸਟੀ ਐਕਟ ਮਾਮਲਾ : ਮੋਦੀ ਸਰਕਾਰ ਵੱਲੋਂ ਅਦਾਲਤੀ ਫੈਸਲਾ ਪਲਟਣ ਲਈ ਵਿਚਾਰਾਂ

**ਨਵੀਂ ਦਿੱਲੀ/ ਬਿਊਰੋ ਨਿਊਜ਼ :** ਕੇਂਦਰ ਸਰਕਾਰ ਵੱਲੋਂ ਐਸਸੀ/ਐਸਟੀ ਐਕਟ ਨੂੰ ਸੰਵਿਧਾਨ ਦੀ ਨੌਂਵੀਂ ਸੂਚੀ 'ਚ ਰੱਖਣ ਬਾਰੇ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਭਵਿੱਖ ਵਿਚ ਇਸ ਨੂੰ ਅਦਾਲਤਾਂ 'ਚ ਚੁਣੌਤੀ ਨਾ ਦਿੱਤੀ ਜਾ ਸਕੇ।

ਸਰਕਾਰ ਸੁਪਰੀਮ ਕੋਰਟ ਵੱਲੋਂ ਸੁਣਾਏ ਫ਼ੈਸਲੇ ਨੂੰ ਪਲਟਣ ਲਈ ਆਰਡੀਨੈਂਸ ਲਿਆਉਣ ਦੀ ਯੋਜਨਾ ਬਣਾ ਰਹੀ ਹੈ। ਇਸ ਮਗਰੋਂ ਸੰਸਦ ਦੇ ਮੌਨਸੂਨ ਇਜਲਾਸ ਦੌਰਾਨ ਬਿੱਲ ਲਿਆਂਦਾ ਜਾਵੇਗਾ। ਆਰਡੀਨੈਂਸ ਰਾਹੀਂ ਸਰਕਾਰ ਐਕਟ ਦੀਆਂ ਉਨ੍ਹਾਂ ਮੱਦਾਂ ਨੂੰ ਬਹਾਲ ਕਰੇਗੀ ਜਿਨ੍ਹਾਂ ਬਾਰੇ ਮਹਿਸੂਸ ਕੀਤਾ ਜਾਂਦਾ ਹੈ ਕਿ ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਨਾਲ ਉਨ੍ਹਾਂ ਨੂੰ ਕਮਜ਼ੋਰ ਕਰ ਦਿੱਤਾ ਹੈ। ਇਸ ਬਾਰੇ ਕਾਨੂੰਨ ਮੰਤਰਾਲੇ ਦੇ ਅਧਿਕਾਰੀ ਨੇ ਕਿਹਾ ਕਿ ਪ੍ਰਸਤਾਵਿਤ ਆਰਡੀਨੈਂਸ ਲਾਗੂ ਹੋਣ ਨਾਲ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਰੋਕ ਲੱਗ ਜਾਵੇਗੀ।

ਜ਼ਿਕਰਯੋਗ ਹੈ ਕਿ ਦਲਿਤਾਂ ਨੇ ਦੇਸ਼ ਭਰ 'ਚ ਸੁਪਰੀਮ ਕੋਰਟ ਦੇ ਫ਼ੈਸਲੇ ਖ਼ਿਲਾਫ਼ ਜ਼ੋਰਦਾਰ ਮੁਜ਼ਾਹਰੇ ਕੀਤੇ ਸਨ। ਕਈ ਥਾਵਾਂ 'ਤੇ ਪ੍ਰਦਰਸ਼ਨ ਹਿੰਸਕ ਹੋ ਗਏ ਸਨ ਅਤੇ 12 ਵਿਅਕਤੀਆਂ ਦੀ ਮੌਤ ਹੋ ਗਈ ਸੀ।

# ਭਾਰਤ ਤੇ ਮਿਆਂਮਾਰ ਜ਼ਮੀਨੀ ਰਾਹ ਖੋਲ੍ਹਣ ਲਈ ਸਹਿਮਤ

**ਨੇਪਾਈ ਤਾਅ/ਬਿਊਰੋ ਨਿਊਜ਼ :** ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਲੋਕਾਂ ਲਈ ਜ਼ਮੀਨੀ ਸਰਹੱਦ ਖੋਲ੍ਹਣ ਸਮੇਤ ਗਵਾਂਢੀ ਦੇਸ਼ ਮਿਆਂਮਾਰ ਦੇ ਨਾਲ 7 ਸਮਝੌਤਿਆਂ ਉੱਤੇ ਹਸਤਾਖ਼ਰ ਕੀਤੇ ਹਨ। ਸਮਝੌਤੇ ਮੁਤਾਬਕ ਦੋਵਾਂ ਦੇਸ਼ਾਂ ਦੇ ਲੋਕ ਪਾਸਪੋਰਟਾਂ ਉੱਤੇ ਵੀਜ਼ਾ ਹਾਸਲ ਕਰਕੇ ਜ਼ਮੀਨੀ ਰਸਤੇ ਇਕ ਦੂਜੇ ਦੇਸ਼ 'ਚ ਆ ਜਾ ਸਕਣਗੇ। ਉਨ੍ਹਾਂ ਨੇ ਇੱਥੇ ਮਿਆਂਮਾਰ ਦੇ ਉੱਚ ਆਗੂਆਂ ਦੇ ਨਾਲ ਹੋਰ ਦੁਵੱਲੇ ਮਸਲੇ ਵਿਚਾਰਨ ਦੇ ਨਾਲ ਰਖਾਈਨ ਸੂਬੇ ਵਿੱਚ ਸ਼ਾਂਤੀ, ਸੁਰੱਖਿਆ ਅਤੇ ਵਿਕਾਸ ਦਾ ਮੁੱਦਾ ਵੀ ਵਿਚਾਰਿਆ ਜਿੱਥੇ ਹਿੰਸਾ ਫੈਲਣ ਬਾਅਦ ਹਜ਼ਾਰਾਂ ਦੀ ਤਦਾਦ ਵਿੱਚ ਰੋਹਿੰਗੀਆ ਮੁਸਲਮਾਨ ਹਿਜਰਤ ਕਰਕੇ ਬੰਗਲਾਦੇਸ਼ ਵਿੱਚ ਆ ਗਏ ਹਨ। ਇਨ੍ਹਾਂ ਲੋਕਾਂ ਦੀਆਂ ਵਾਪਸੀ ਦੀਆਂ ਸੰਭਾਵਨਾਵਾਂ ਵੀ ਤਲਾਸ਼ੀਆਂ ਗਈਆਂ। ਉਨ੍ਹਾਂ ਕਿਹਾ ਕਿ ਭਾਰਤ ਰੋਹਿੰਗੀਆ ਮੁਸਲਮਾਨਾਂ ਦੀ ਸੁਰੱਖਿਅਤ ਵਾਪਸੀ ਲਈ ਵਚਨਬੱਧ ਹੈ।

ਇੱਥੇ ਜਾਰੀ ਕੀਤੇ ਸਰਕਾਰੀ ਬਿਆਨ ਅਨੁਸਾਰ ਭਾਰਤ ਨੇ ਮਿਆਂਮਾਰ ਦੇ ਵਿਕਾਸ ਵਿੱਚ ਸਹਿਯੋਗ ਕਰਨ ਪ੍ਰਤੀ ਵਚਨਬੱਧਤਾ ਪ੍ਰਗਟਾਈ ਹੈ। ਸ੍ਰੀਮਤੀ ਸਵਰਾਜ ਨੇ ਮਿਆਂਮਾਰ ਦੇ ਰੱਖਿਆ ਸੇਵਾਵਾਂ ਦੇ ਮੁੱਖ ਕਮਾਂਡਰ, ਸੀਨੀਅਰ ਜਨਰਲ ਮਿਨ ਔਂਗ ਹਲਾਇੰਗ ਦੇ ਨਾਲ ਵੀ ਮੁਲਕਾਤਾਂ ਕੀਤੀਆਂ। ਇਸ ਦੌਰੇ ਦੌਰਾਨ ਭਾਰਤ ਤੇ ਮਿਆਂਮਾਰ ਵਿਚਕਾਰ ਜ਼ਮੀਨੀ ਸਰਹੱਦ ਪਾਰ ਕਰਨ ਸਬੰਧੀ, ਬੰਗਾਲ ਵਿੱਚ ਭੂਚਾਲ ਕਾਰਨ ਤਬਾਹ ਹੋਏ ਪਗੋਡਿਆਂ ਦੀ ਮੁੜ ਉਸਾਰੀ, ਗੋਲੀਬੰਦੀ ਸਮੀਖਿਆ ਲਈ ਸਾਂਝੀ ਕਮੇਟੀ ਕਾਇਮ ਕਰਨਾ ਅਤੇ ਮਿਆਂਮਾਰ ਦੀ ਵਿਦੇਸ਼ ਸੇਵਾ ਦੇ ਅਧਿਕਾਰੀਆਂ ਨੂੰ ਟਰੇਨਿੰਗ ਦੇਣ ਸਬੰਧੀ ਸਮਝੌਤੇ ਸ਼ਾਮਲ ਹਨ। ਇੱਕ ਸਮਝੌਤਾ ਮੋਨੀਆਵਾ ਵਿੱਚ ਉਦਯੋਗਿਕ ਟਰੇਨਿੰਗ ਕੇਂਦਰ ਸਥਾਪਿਤ ਕਰਨ ਸਬੰਧੀ ਵੀ ਹੋਇਆ ਹੈ।



ਉਨ੍ਹਾਂ ਮਿਆਂਮਾਰ ਦੇ ਰਾਸ਼ਟਰਪਤੀ ਯੂ ਵਿਨ ਮੇਨਿੰਟ ਦੇ ਨਾਲ ਵੀ ਮੁਲਾਕਾਤ ਕੀਤੀ। ਦੁਵੱਲੀਆਂ ਮੀਟਿੰਗਾਂ ਵਿੱਚ ਵਿਕਾਸ, ਸਰਹੱਦ ਤੇ ਸੁਰੱਖਿਆ ਵਰਗੇ ਅਹਿਮ ਮਸਲਿਆਂ ਉੱਤੇ ਚਰਚਾ ਹੋਈ।

# ਚੰਡੀਗੜ੍ਹ ਦੇ ਹਵਾਈ ਅੱਡੇ ਤੋਂ 31 ਮਈ ਤੱਕ ਨਹੀਂ ਉਡ ਸਕੇਗਾ ਕੋਈ ਜਹਾਜ

**ਚੰਡੀਗੜ੍ਹ/ਬਿਊਰੋ ਨਿਊਜ਼ :** ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਨੂੰ ਮੁਰੰਮਤ ਅਤੇ ਰਨਵੇਅ ਦੀ ਅਪਗਰੇਡੇਸ਼ਨ ਤੋਂ ਬਾਅਦ ਦੁਬਾਰਾ ਮਿਥੇ ਸਮੇਂ ਮੁਤਾਬਕ ਖੋਲ੍ਹਣ ਵਿੱਚ ਖ਼ਰਾਬ ਮੌਸਮ ਦੇ ਵਿਘਨ ਦੇ ਬਾਵਜੂਦ ਕੋਈ ਅੜਿੱਕਾ ਨਹੀਂ ਪਵੇਗਾ। ਹਵਾਈ ਅੱਡਾ ਪਹਿਲੇਂ ਐਲਾਨ ਮੁਤਾਬਕ 12 ਮਈ ਤੋਂ 31 ਮਈ ਤੱਕ ਹੀ ਬੰਦ ਰਹੇਗਾ ਅਤੇ ਜੂਨ ਮਹੀਨੇ ਤੋਂ ਸਵੇਰੇ 7:00 ਵਜੇ ਤੋਂ ਸ਼ਾਮ 6:00 ਵਜੇ ਤੱਕ ਚਾਲੂ ਹੋ ਜਾਵੇਗਾ, ਪਰ ਐਤਵਾਰ ਨੂੰ ਬੰਦ ਰੱਖਿਆ ਜਾਵੇਗਾ। ਜੁਲਾਈ ਤੋਂ ਹਵਾਈ ਅੱਡਾ ਹਰੇਕ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ ਚਾਲੂ ਕੀਤਾ ਜਾਵੇਗਾ। ਇਹ ਜਾਣਕਾਰੀ ਏਅਰਪੋਰਟ ਅਥਾਰਿਟੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅੱਗੇ ਦਿੱਤੀ।




ਹਾਈ ਕੋਰਟ ਦੇ ਡਿਵੀਜ਼ਨ ਬੈਂਚ ਹਵਾਈ ਫ਼ੌਜ ਦੇ ਅਧਿਕਾਰੀਆਂ ਵੱਲੋਂ ਪ੍ਰਗਤੀ ਰਿਪੋਰਟ ਦਾਖ਼ਲ ਕੀਤੀ ਗਈ। ਇਸ ਵਿੱਚ ਇਹ ਵੀ ਦੱਸਿਆ ਗਿਆ ਕਿ ਸ਼ਾਮ ਵੇਲੇ ਕੀਤੇ ਜਾਣ ਵਾਲੇ ਕੰਮ ਵਿੱਚ ਪਿਛਲੇ ਦਿਨਾਂ ਦੌਰਾਨ ਖ਼ਰਾਬ ਮੌਸਮ ਕਾਰਨ ਰੁਕਾਵਟ ਪਈ ਹੈ, ਜਿਸ ਕਾਰਨ ਕੰਮ ਚਾਰ ਦਿਨ ਪਛੜ ਕੇ ਚੱਲ ਰਿਹਾ ਹੈ। ਸਹਾਇਕ ਸੌਲੀਸਿਟਰ ਜਨਰਲ ਚੇਤਨ ਮਿੱਤਲ ਨੇ ਬੈਂਚ ਨੂੰ ਦੱਸਿਆ ਕਿ ਇਸ ਦੇ ਬਾਵਜੂਦ ਹਵਾਈ ਅੱਡੇ ਨੂੰ ਖੋਲ੍ਹਣ ਦਾ ਅਮਲ ਨਹੀਂ ਪਛੜੇਗਾ। ਇਸ ਸਬੰਧੀ ਇਕ ਵਿਸਤਰਿਤ ਪ੍ਰਗਤੀ ਰਿਪੋਰਟ ਆਗਾਮੀ 25 ਮਈ ਨੂੰ ਪੇਸ਼ ਕੀਤੀ ਜਾਵੇਗੀ। ਬੈਂਚ ਨੂੰ ਦੱਸਿਆ ਗਿਆ ਕਿ ਖ਼ਰਾਬ ਮੌਸਮ ਕਾਰਨ ਜ਼ਾਇਆ ਹੋਏ ਵਕਤ ਦੀ ਪੂਰਤੀ ਲਈ ਹਵਾਈ ਅੱਡੇ ਨੂੰ ਐਤਵਾਰ ਨੂੰ ਬੰਦ ਰੱਖਿਆ ਜਾਵੇਗਾ।

ਸ੍ਰੀ ਮਿੱਤਲ ਨੇ ਕਿਹਾ ਕਿ ਰਾਤ ਵੇਲੇ ਜਹਾਜ਼ ਉਤਾਰਨ ਲਈ ਹਵਾਈ ਅੱਡੇ ਨੂੰ ਰੁਸ਼ਨਾਉਣ ਸਬੰਧੀ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ 'ਤੇ ਬੈਂਚ ਨੇ ਕਿਹਾ ਕਿ ਮਾਮਲੇ ਨੂੰ ਸੁਣਵਾਈ ਦੀ ਅਗਲੀ ਤਰੀਕ ਤੱਕ ਨਿਬੇੜਿਆ ਜਾਣਾ ਚਾਹੀਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਰਨਵੇਅ ਦੀ ਲੰਬਾਈ ਮੌਜੂਦਾ 9000 ਫੁੱਟ ਤੋਂ ਵਧਾ ਕੇ 10400 ਫੁੱਟ ਕੀਤੀ ਜਾ ਰਹੀ ਹੈ ਤਾਂ ਕਿ ਇਥੇ ਵੱਡੇ ਹਵਾਈ ਜਹਾਜ਼ਾਂ ਜਿਵੇਂ ਬੋਇੰਗ 777, 787 ਤੇ 747 ਆਦਿ ਦੀਆਂ ਉਡਾਣਾਂ ਦਾ ਰਾਹ ਪੱਧਰਾ ਹੋ ਸਕੇ। ਇਸ ਨਾਲ ਚੰਡੀਗੜ੍ਹ ਤੋਂ ਯੂਰਪ, ਅਮਰੀਕਾ, ਕੈਨੇਡਾ ਅਤੇ ਬਰਤਾਨੀਆ ਆਦਿ ਲਈ ਵੱਡੇ ਜਹਾਜ਼ ਸਿੱਧੇ ਉਡਾਣਾਂ ਭਰ ਸਕਣਗੇ। ਇਹ ਮਾਮਲਾ ਮੁਹਾਲੀ ਇੰਡਸਟਰੀਜ਼ ਐਸੋਸੀਏਸ਼ਨ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਕਾਰਨ ਹਾਈ ਕੋਰਟ ਪੁੱਜਾ ਹੈ। ਐਸੋਸੀਏਸ਼ਨ ਨੇ ਮੰਗ ਕੀਤੀ ਸੀ ਕਿ ਕੇਂਦਰ ਸਰਕਾਰ ਵੱਲੋਂ ਰਨਵੇਅ ਦੀ ਰੀਕਾਰਪੈਟਿੰਗ ਤੇ ਅਪਗਰੇਡੇਸ਼ਨ ਸਬੰਧੀ ਪ੍ਰਗਤੀ ਰਿਪੋਰਟ ਪੇਸ਼ ਕੀਤੀ ਜਾਵੇ।

## ਸਮ੍ਰਿਤੀ ਇਰਾਨੀ ਤੋਂ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਖੁਸਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮ੍ਰਿਤੀ ਇਰਾਨੀ ਤੋਂ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੀ ਕਮਾਨ ਵਾਪਸ ਲੈਂਦਿਆਂ ਇਹ ਵਿਭਾਗ ਰਾਜਵਰਧਨ ਸਿੰਘ ਰਾਠੌਰ ਨੂੰ ਸੌਂਪ ਦਿੱਤਾ ਹੈ। ਇਸ ਤੋਂ ਇਲਾਵਾ ਕੈਬਨਿਟ ਵਿੱਚ ਕੀਤੇ ਗਏ ਫੇਰਦਬਲ ਤਹਿਤ ਰੇਲਵੇ ਮੰਤਰੀ ਪੀਯੂਸ਼ ਗੋਇਲ ਨੂੰ ਵਿੱਤ ਮੰਤਰਾਲੇ ਦਾ ਵਧੀਕ ਚਾਰਜ ਦਿੱਤਾ ਗਿਆ ਹੈ।

ਸ੍ਰੀਮਤੀ ਇਰਾਨੀ ਦਾ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਵਿਚਲਾ ਲਗਪਗ ਇਕ ਸਾਲ ਦਾ ਸੇਵਾਕਾਲ ਵਿਵਾਦਾਂ ਵਿੱਚ ਰਿਹਾ ਹੈ। ਉਨ੍ਹਾਂ ਦੇ ਡਿਪਟੀ ਰਹੇ ਰਾਜਵਰਧਨ ਸਿੰਘ ਰਾਠੌਰ ਜਿਨ੍ਹਾਂ ਨੂੰ ਰਾਜ ਮੰਤਰੀ ਦਾ ਚਾਰਜ ਦਿੱਤਾ ਗਿਆ ਸੀ, ਨਵੇਂ ਸੂਚਨਾ ਤੇ ਪ੍ਰਸਾਰਣ ਮੰਤਰੀ ਹੋਣਗੇ। ਐਸਐਸ ਆਹਲੂਵਾਲੀਆ ਤੋਂ ਪੀਣਯੋਗ ਪਾਣੀ ਅਤੇ ਸੈਨੀਟੇਸ਼ਨ ਦਾ ਰਾਜ ਮੰਤਰੀ ਵਜੋਂ ਮਹਿਕਮਾ ਲੈਕੇ ਇਲੈਕਟ੍ਰੋਨਿਕਸ ਅਤੇ ਇਨਫਰਮੇਸ਼ਨ ਟੈਕਨਾਲੋਜੀ ਮਹਿਕਮਾ ਦੇ ਦਿੱਤਾ ਗਿਆ ਹੈ। ਇਸੇ ਤਰ੍ਹਾਂ ਐਲਫੌਂਸ ਕਨਾਂਤਨਮ ਤੋਂ ਇਲੈਕਟ੍ਰੋਨਿਕਸ ਅਤੇ ਇਨਫਰਮੇਸ਼ਨ ਟੈਕਨਾਲੋਜੀ ਮਹਿਕਮਾ ਲੈ ਲਿਆ ਹੈ ਅਤੇ ਉਹ ਟੂਰਿਜ਼ਮ ਮਹਿਕਮੇ ਦੇ ਰਾਜ ਮੰਤਰੀ ਬਣੇ ਰਹਿਣਗੇ।

# ਪੰਜਾਬ ਸਰਕਾਰ ਦੀ ਕਰੀਜ਼ 'ਤੇ ਨਹੀਂ ਚੱਲ ਰਿਹਾ ਨਵਜੋਤ ਸਿੱਧੂ ਦਾ 'ਸਿਆਸੀ ਬੱਲਾ'

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੱਧੂ ਦੇ ਸ਼ਾਟ ਸੂਬਾਈ ਕੈਬਨਿਟ ਦੀ 'ਬਾਊਂਡਰੀ' ਨਹੀਂ ਟੱਪ ਰਹੇ। ਕ੍ਰਿਕਟਰ ਤੋਂ ਸਿਆਸਤਦਾਨ ਬਣੇ ਸ੍ਰੀ ਸਿੱਧੂ ਨੂੰ ਇਸ ਹਫ਼ਤੇ ਦੌਰਾਨ ਦੋ ਵਾਰ ਆਪਣੇ ਹੀ ਸਾਥੀ ਮੰਤਰੀਆਂ ਦੇ 'ਬਾਊਂਸਰਾਂ ਕਾਰਨ ਪ੍ਰੇਸ਼ਾਨ ਹੋਣਾ ਪਿਆ।



ਮਾਈਨਿੰਗ ਸਬੰਧੀ ਕੈਬਨਿਟ ਸਬ ਕਮੇਟੀ ਵਿਚਲੇ ਉਨ੍ਹਾਂ ਦੇ ਸਹਿਯੋਗੀ ਮੰਤਰੀਆਂ ਤੱਕ ਨੇ ਉਨ੍ਹਾਂ ਵੱਲੋਂ ਕੈਬਨਿਟ ਮੀਟਿੰਗ ਵਿੱਚ ਪੇਸ਼ ਨਵੀਂ ਮਾਈਨਿੰਗ ਨੀਤੀ ਤੋਂ ਆਪਣੇ ਆਪ ਨੂੰ ਲਾਂਭੇ ਕਰ ਲਿਆ। ਇਸੇ ਤਰ੍ਹਾਂ ਉਨ੍ਹਾਂ ਦੇ ਵਿਭਾਗ ਵੱਲੋਂ ਹੁਡਕੋ ਤੋਂ ਲਏ ਜਾ ਰਹੇ ਕਰਜ਼ ਵਿੱਚ 800 ਕਰੋੜ ਰੁਪਏ ਦਾ ਵਾਧਾ ਕਰਾਉਣ ਦੀ ਉਨ੍ਹਾਂ ਦੀ ਤਜਵੀਜ਼ ਨੂੰ ਵੀ ਵਿੱਤ ਵਿਭਾਗ ਨੇ 'ਵਿਕਟ ਪਿੱਛੇ ਕੈਚ'ਕਰ ਲਿਆ। ਉਹ ਹੁਡਕੋ ਤੋਂ ਲਏ ਜਾ ਰਹੇ 1540 ਕਰੋੜ ਰੁਪਏ ਦੇ ਕਰਜ਼ ਵਿੱਚ 800 ਕਰੋੜ ਰੁਪਏ ਦਾ ਵਾਧਾ ਕਰਾਉਣਾ ਚਾਹੁੰਦੇ ਸਨ, ਪਰ ਮੰਗਲਵਾਰ ਨੂੰ ਹੋਈ ਕੈਬਨਿਟ ਮੀਟਿੰਗ ਦੌਰਾਨ ਕਿਸੇ ਨੇ ਇਸ ਤਜਵੀਜ਼ ਉਤੇ ਕੰਨ ਨਹੀਂ ਧਰਿਆ। ਵਿੱਤ ਵਿਭਾਗ ਨੇ ਤਜਵੀਜ਼ ਫ਼ੌਰੀ ਰੱਦ ਕਰ ਦਿੱਤੀ। ਵਿਭਾਗ ਨੇ ਉਨ੍ਹਾਂ ਨੂੰ ਕਿਹਾ ਕਿ ਪਹਿਲਾਂ ਜੋ ਰਕਮ ਮਨਜ਼ੂਰ ਕੀਤੀ ਜਾ ਚੁੱਕੀ ਹੈ, ਉਹ ਇਸਤੇਮਾਲ ਕੀਤੀ ਜਾਵੇ।

ਦੱਸਿਆ ਜਾਂਦਾ ਹੈ ਕਿ ਇਸ ਤੋਂ ਨਾਖ਼ੁਸ਼ ਸ੍ਰੀ ਸਿੱਧੂ ਨੇ ਮੀਟਿੰਗ ਦੌਰਾਨ ਕਿਹਾ ਕਿ ਉਨ੍ਹਾਂ ਦੀਆਂ ਤਜਵੀਜ਼ਾਂ ਨੂੰ 'ਗਿਣ-ਮਿੱਥ ਕੇ ਰੱਦ' ਕੀਤਾ ਜਾ ਰਿਹਾ ਹੈ। ਸਰਕਾਰੀ ਸੂਤਰਾਂ ਮੁਤਾਬਕ ਸ੍ਰੀ ਸਿੱਧੂ ਨੇ ਕਿਹਾ ਕਿ ਇਸ ਰਕਮ ਦੀ ਸੂਬੇ ਵਿੱਚ ਜਾਰੀ ਜਲ ਸਪਲਾਈ ਤੇ ਸੀਵਰੇਜ ਪ੍ਰਾਜੈਕਟਾਂ ਨੂੰ ਸਿਰੇ ਚਾੜ੍ਹਨ ਲਈ ਲੋੜ ਹੈ। ਇਹ ਮਾਮਲਾ ਮੀਟਿੰਗ ਦੌਰਾਨ ਉਦੋਂ ਵਿਚਾਰ ਲਈ ਆਇਆ ਜਦੋਂ ਪੰਜਾਬ ਮਿਉਂਸਿਪਲ ਬੁਨਿਆਦੀ ਢਾਂਚਾ ਵਿਕਾਸ ਨਿਗਮ (ਪੀਐਮਆਈਡੀਸੀ) ਐਕਟ ਦੀ ਮਿਆਦ 2020-21 ਤੋਂ 2037-38 ਤੱਕ ਵਧਾਉਣ ਦਾ ਏਜੰਡਾ ਵਿਚਾਰਿਆ ਜਾ ਰਿਹਾ ਸੀ। ਸ੍ਰੀ ਸਿੱਧੂ ਨੇ ਦਲੀਲ ਦਿੱਤੀ ਕਿ ਮਿਆਦ ਵਧਾਉਣੀ ਜ਼ਰੂਰੀ ਹੈ ਤਾਂ ਕਿ ਪੀਐਮਆਈਡੀਸੀ ਨੂੰ (ਜੀਐਸਟੀ ਦੇ ਦੋ ਫ਼ੀਸਦੀ ਹਿੱਸੇ ਤਹਿਤ) ਆਉਣ ਵਾਲੇ 200 ਕਰੋੜ ਰੁਪਏ ਨਿਗਮ ਕੋਲ ਹੀ ਰਹਿਣ ਅਤੇ ਇਸ ਰਕਮ ਨੂੰ ਕਰਜ਼ ਦੀ ਸਮੁੱਚੀ ਮਿਆਦ ਤੱਕ ਮੁੜ ਅਦਾਇਗੀ ਲਈ ਵਰਤਿਆ ਜਾ ਸਕੇ। ਨਾਲ ਹੀ ਸ੍ਰੀ ਸਿੱਧੂ ਨੇ ਕਰਜ਼ ਦੀ ਰਕਮ ਵਧਾਉਣ ਲਈ ਵੀ ਜ਼ੋਰ ਦਿੱਤਾ, ਪਰ ਇਹ ਗੱਲ ਮੰਨੀ ਨਹੀਂ ਗਈ। ਦੱਸਿਆ ਜਾਂਦਾ ਹੈ ਕਿ ਮੰਤਰੀ ਨੇ ਆਪਣੇ ਪੱਧਰ ਉਤੇ ਹੁਡਕੋ ਤੋਂ ਰਕਮ ਦੇ ਵਾਧੇ ਦੀ ਮਨਜ਼ੂਰੀ ਲੈ ਲਈ ਸੀ।

# ਵਾਰਾਨਸੀ 'ਚ ਉਸਾਰੀ ਅਧੀਨ ਪੁਲ ਡਿੱਗਣ ਕਾਰਨ 18 ਮੌਤਾਂ

**ਵਾਰਾਨਸੀ/ ਬਿਊਰੋ ਨਿਊਜ਼ :** ਵਾਰਾਨਸੀ ਵਿੱਚ ਉਸਾਰੀ ਅਧੀਨ ਫਲਾਈਓਵਰ ਡਿੱਗਣ ਨਾਲ 18 ਵਿਅਕਤੀਆਂ ਦੀ ਮੌਤ ਦੀ ਪੁਸ਼ਟੀ ਹੋ ਗਈ ਹੈ ਅਤੇ ਮੌਤਾਂ ਦੇ ਵਧਣ ਦਾ ਖ਼ਦਸ਼ਾ ਹੈ। ਇੱਥੇ ਰੇਲਵੇ ਸਟੇਸ਼ਨ ਨੇੜੇਅਚਾਨਕ ਉਸਾਰੀ ਅਧੀਨ ਫਲਾਈਓਵਰ ਡਿੱਗ ਗਿਆ ਅਤੇ ਕਾਫੀ ਲੋਕ ਇਸ ਦੇ ਥੱਲੇ ਆ ਗਏ ਹਨ। ਕਈ ਵਾਹਨ ਵੀ ਮਲਬੇ ਥੱਲੇ ਆ ਕੇ ਤਬਾਹ ਹੋ ਗਏ ਹਨ। ਕੌਮੀ ਆਫਤ ਰਾਹਤ ਬਲ ਦੇ ਅਧਿਕਾਰੀਆਂ ਨੇ 16 ਲਾਸ਼ਾਂ ਲੱਭ ਲੈਣ ਦੀ ਪੁਸ਼ਟੀ ਕੀਤੀ ਹੈ। ਜ਼ਿਕਰਯੋਗ ਹੈ ਕਿ ਵਾਰਾਨਸੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਲੋਕ ਸਭਾ ਹਲਕਾ ਹੈ।



ਸਰਕਾਰੀ ਅਧਿਕਾਰੀਆਂ ਅਨੁਸਾਰ ਇਹ ਘਟਨਾ ਬਾਅਦ ਦੁਪਹਿਰ ਵਾਪਰੀ ਹੈ ਅਤੇ ਰਾਹਤ ਟੀਮਾਂ ਘਟਨਾ ਸਥਾਨ ਉੱਤੇ ਪੁੱਜ ਗਈਆਂ ਹਨ। ਸੂਬੇ ਦੇ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਨੇ ਘਟਨਾ ਉੱਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਘਟਨਾ ਸਥਾਨ ਉੱਤੇ ਪੁੱਜ ਕੇ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ। ਮੁੱਖ ਮੰਤਰੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਰਾਹਤ ਕਾਰਜਾਂ ਨੂੰ ਤੇਜ਼ੀ ਨਾਲ ਅੰਜਾਮ ਦੇਣ ਲਈ ਢੁਕਵੇਂ ਯਤਨ ਆਰੰਭਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਨੇ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾਉਣ ਦੇ ਵੀ ਹੁਕਮ ਦਿੱਤੇ ਹਨ। ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਰਾਨਸੀ ਵਿੱਚ ਉਸਾਰੀ ਅਧੀਨ ਫਲਾਈਓਵਰ ਡਿਗਣ ਦੇ ਨਾਲ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਪ੍ਰਧਾਨ ਮੰਤਰੀ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਸਥਿਤੀ ਉੱਤੇ ਨਜ਼ਰ ਰੱਖਣ ਲਈ ਕਿਹਾ ਹੈ। ਪ੍ਰਧਾਨ ਮੰਤਰੀ ਨੇ ਟਵਿੱਟਰ ਰਾਹੀਂ ਹਾਦਸੇ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਸੁਪਰੀਮ ਕੋਰਟ ਕੌਲਿਜੀਅਮ 'ਚ ਜਸਟਿਸ ਜੋਜ਼ੇਫ ਦਾ ਨਾਂਅ ਮੁੜ ਸਰਕਾਰ ਨੂੰ ਭੇਜਣ ਬਾਰੇ ਸਹਿਮਤੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਦੇ ਕੌਲਿਜੀਅਮ (ਜੱਜ ਚੋਣ ਮੰਡਲ) ਨੇ ਉੱਤਰਾਖੰਡ ਹਾਈ ਕੋਰਟ ਦੇ ਚੀਫ਼ ਜਸਟਿਸ ਕੇਐਮ ਜੋਜ਼ੇਫ ਨੂੰ ਤਰੱਕੀ ਦੇ ਕੇ ਸੁਪਰੀਮ ਕੋਰਟ ਦਾ ਜੱਜ ਬਣਾਉਣ ਸਬੰਧੀ ਆਪਣੀ ਸਿਫ਼ਾਰਸ਼ ਮੁੜ ਰਾਸ਼ਟਰਪਤੀ ਨੂੰ ਭੇਜਣ ਲਈ ਅਸੂਲਨ ਹਾਮੀ ਭਰ ਦਿੱਤੀ ਹੈ। ਇਸ ਤੋਂ ਪਹਿਲਾਂ ਕੌਲਿਜੀਅਮ ਵੱਲੋਂ ਉਨ੍ਹਾਂ ਦੀ ਤਰੱਕੀ ਦੀ ਕੀਤੀ ਸਿਫ਼ਾਰਸ਼ ਕੇਂਦਰ ਸਰਕਾਰ ਨੇ ਠੁਕਰਾ ਦਿੱਤੀ ਸੀ। ਜ਼ਿਕਰਯੋਗ ਹੈ ਕਿ ਜਸਟਿਸ ਜੋਜ਼ੇਫ ਉੱਤਰਾਖੰਡ ਹਾਈ ਕੋਰਟ ਦੇ ਉਸ ਬੈਂਚ ਦੇ ਮੁਖੀ ਸਨ, ਜਿਸ ਨੇ 2016 ਵਿੱਚ ਇਸ ਹਿਮਾਲਿਆਈ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਬਰਤਰਫ਼ ਕਰ ਕੇ ਰਾਸ਼ਟਰਪਤੀ ਰਾਜ ਲਾਉਣ ਦੇ ਨਰਿੰਦਰ ਮੋਦੀ ਸਰਕਾਰ ਦੇ ਫ਼ੈਸਲੇ ਨੂੰ ਉਲਟਾ ਦਿੱਤਾ ਸੀ। ਇਸ ਫ਼ੈਸਲੇ ਨਾਲ ਉੱਤਰਾਖੰਡ ਵਿੱਚ ਹਰੀਸ਼ ਰਾਵਤ ਦੀ ਅਗਵਾਈ ਵਾਲੀ ਕਾਂਗਰਸੀ ਸਰਕਾਰ ਬਹਾਲ ਹੋ ਗਈ ਸੀ। ਉਂਜ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੂਬੇ ਚ ਕਾਂਗਰਸ ਹਾਰ ਗਈ ਸੀ। ਸੁਪਰੀਮ ਕੋਰਟ ਦੇ ਪੰਜ ਸਭ ਤੋਂ ਸੀਨਅਰ ਜੱਜਾਂ ਉਤੇ ਆਧਾਰਤ ਕੌਲਿਜੀਅਮ ਨੇ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਜਸਟਿਸ ਜੋਜ਼ੇਫ਼ ਦਾ ਨਾਂ ਮੁੜ ਤਰੱਕੀ ਲਈ ਭੇਜਣ ਦਾ ਫ਼ੈਸਲਾ ਲਿਆ।



ਕੌਲਿਜੀਅਮ ਵਿੱਚ ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਜੇਥ ਚੇਲਾਮੇਸ਼ਵਰ, ਜਸਟਿਸ ਰੰਜਨ ਗੋਗੋਈ, ਜਸਟਿਸ ਐਮ.ਬੀ. ਲੋਕੁਰ ਅਤੇ ਜਸਟਿਸ ਕੁਰੀਅਨ ਜੋਜ਼ੇਫ ਸ਼ਾਮਲ ਹਨ। ਕੌਲਿਜੀਅਮ ਨੇ ਫ਼ੈਸਲਾ ਕੀਤਾ ਕਿ ਜਸਟਿਸ ਜੋਜ਼ੇਫ਼ ਦੇ ਨਾਲ ਹੀ ਹੋਰ ਹਾਈ ਕੋਰਟਾਂ ਦੇ ਮੁੱਖ ਜੱਜਾਂ ਨੂੰ ਵੀ ਸੁਪਰੀਮ ਕੋਰਟ ਦੇ ਜੱਜਾਂ ਵਜੋਂ ਤਰੱਕੀ ਦੇਣ ਲਈ ਸਿਫ਼ਾਰਸ਼ ਕੀਤੀ ਜਾਵੇਗੀ। ਕੌਲਿਜੀਅਮ ਨੇ ਇਸ ਸਬੰਧੀ ਪਾਸ ਮਤੇ ਵਿੱਚ ਕਿਹਾ ਕਿ ਹੋਰ ਜੱਜਾਂ ਦੇ ਨਾਵਾਂ ਦੀ ਸਿਫ਼ਾਰਸ਼ ਲਈ ਹੋਰ ਵਿਚਾਰ-ਵਟਾਂਦਰੇ ਦੀ ਲੋੜ ਹੈ। ਮਤੇ ਵਿੱਚ ਕਿਹਾ ਗਿਆ ਹੈ, "ਚੀਫ਼ ਜਸਟਿਸ ਅਤੇ ਕੌਲਿਜੀਅਮ ਦੇ ਹੋਰਨਾਂ ਮੈਂਬਰਾਂ ਨੇ ਸਰਬਸੰਮਤੀ ਨਾਲ, ਅਸੂਲਨ ਜਸਟਿਸ ਕੇ.ਐਮ. ਜੋਜ਼ੇਫ਼, ਚੀਫ਼ ਜਸਟਿਸ ਉੱਤਰਾਖੰਡ

ਬਾਕੀ ਸਫ਼ਾ 29 'ਤੇ




# ਸ਼ਾਹਕੋਟ ਚੋਣ ਦੰਗਲ : ਕਾਂਗਰਸ ਨੇ ਅਕਾਲੀ ਦਲ ਨੂੰ ਪੰਥਕ ਮੁੱਦਿਆਂ 'ਤੇ ਘੇਰਿਆ

## *ਕਾਂਗਰਸੀ ਟਿਕਟ ਦੇ ਦਾਅਵੇਦਾਰ ਚੋਣ ਪਰਚਾਰ ਤੋਂ ਦੂਰ : ਆਮ ਆਦਮੀ ਪਾਰਟੀ ਦਾ ਉਭਾਰ ਗਾਇਬ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਸ਼ਾਹਕੋਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਕਾਂਗਰਸੀ ਉਮੀਦਵਾਰ ਹਰਦੇਵ ਸਿੰਘ ਲਾਡੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੌਜੂਦਗੀ 'ਚ ਨਾਮਜ਼ਦਗੀ ਪੱਤਰ ਦਾਖਲ ਕਰਕੇ ਚੋਣ ਮੁਹਿੰਮ ਵਿੱਢ ਦਿਤੀ ਹੈ। ਕਾਂਗਰਸ ਪਾਰਟੀ ਵੱਲੋਂ ਸ਼ਾਹਕੋਟ ਜ਼ਿਮਨੀ ਚੋਣ ਵਿੱਚ ਅਕਾਲੀਆਂ ਖਿਲਾਫ਼ ਵਿਰੋਧ ਨੂੰ ਭੁਨਾਉਣ ਲਈ ਪੂਰੀ ਵਾਹ ਲਾਈ ਜਾ ਰਹੀ ਹੈ। ਕਾਂਗਰਸ ਆਗੂਆਂ ਨੂੰ ਆਸ ਹੈ ਕਿ ਇਸੇ ਵਿਰੋਧ ਕਰਕੇ ਉਨ੍ਹਾਂ ਦੇ ਉਮੀਦਵਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਬੇੜੀ ਪਾਰ ਲੱਗ ਜਾਵੇਗੀ। ਉਧਰ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਜੋ ਉਭਾਰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਦੇਖਣ ਨੂੰ ਮਿਲਿਆ ਸੀ, ਉਹ ਜ਼ਿਮਨੀ ਚੋਣ ਵਿੱਚ ਗਾਇਬ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੇ ਦਾਅਵਾ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ 10 ਸਾਲਾਂ ਦੇ ਰਾਜ ਖਿਲਾਫ਼ ਲੋਕਾਂ ਵਿੱਚ ਜਿਹੜਾ ਗੁੱਸਾ ਅਤੇ ਰੋਸ ਸੀ, ਉਹ ਅਜੇ ਵੀ ਕਾਇਮ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼ਾਹਕੋਟ ਤੋਂ ਅਕਾਲੀ ਦਲ ਦੇ ਅਜੀਤ ਸਿੰਘ ਕੋਹਾੜ ਜਿੱਤ ਗਏ ਸਨ, ਇਸ ਕਰਕੇ ਕਾਂਗਰਸ ਪਾਰਟੀ ਇਸ ਹਲਕੇ ਦੀ ਚੋਣ ਨੂੰ ਆਸਾਨ ਨਹੀਂ ਸਮਝ ਰਹੀ ਅਤੇ ਕਾਂਗਰਸ ਆਗੂਆਂ ਦਾ ਦਾਅਵਾ ਹੈ ਕਿ ਇਸ ਵਾਰ ਪਾਰਟੀ ਨੂੰ ਲਾਹਾ ਮਿਲੇਗਾ।



ਦੂਜੇ ਪਾਸੇ ਕਾਂਗਰਸ ਪਾਰਟੀ ਇਸ ਗੱਲ ਨੂੰ ਉਭਾਰ ਰਹੀ ਹੈ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਸਾਬਕਾ ਅਕਾਲੀ ਮੰਤਰੀ ਬਿਕਰਮ ਮਜੀਠੀਆ ਕੋਲੋਂ ਨਸ਼ੀਲੇ ਪਦਾਰਥਾਂ ਦੇ ਮੁੱਦੇ ਤੇ ਮੁਆਫ਼ੀ ਮੰਗਣ ਨਾਲ ਸਥਿਤੀ ਬਦਲ ਗਈ ਹੈ। ਇਸ ਇਕੱਲੇ ਐਕਸ਼ਨ ਨਾਲ ਹੀ 'ਆਪ' ਦੀ ਅਕਾਲੀਆਂ ਅਤੇ ਕਾਂਗਰਸ ਪ੍ਰਤੀ ਹਮਲਿਆਂ ਦੀ ਧਾਰ ਨਰਮ ਪੈ ਗਈ ਹੈ। ਇਹ ਵੀ ਅਜੀਬ ਇਤਫ਼ਾਕ ਹੈ ਕਿ ਮੁਆਫ਼ੀ ਮੰਗਣ ਦੇ ਮੁੱਦੇ ਨੂੰ ਲੈ ਕੇ ਇਸ ਹਲਕੇ ਤੋਂ ਪਿਛਲੀ ਵਾਰ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜਨ ਵਾਲਾ ਅਮਰਜੀਤ ਸਿੰਘ ਥਿੰਦ ਉਸ ਪਾਰਟੀ ਵਿੱਚ ਚਲਾ ਗਿਆ ਹੈ, ਜਿਸ ਪਾਰਟੀ ਦੇ ਆਗੂ ਕੋਲੋਂ ਕੇਜਰੀਵਾਲ ਨੇ ਮੁਆਫ਼ੀ ਮੰਗੀ ਹੈ। ਕਾਂਗਰਸ ਪ੍ਰਧਾਨ ਜਾਖੜ ਦਾ ਕਹਿਣਾ ਹੈ ਕਿ ਇਹ ਤਰਕ ਹਲਕੇ ਦੇ ਲੋਕਾਂ ਨੂੰ ਸਮਝ ਆ ਗਿਆ ਹੈ। ਇਸ ਕਰਕੇ ਪਰਵਾਸੀ ਭਾਰਤੀ ਵੀ ਆਮ ਆਦਮੀ ਪਾਰਟੀ ਦੀ ਪਿਛਲੀਆਂ ਚੋਣਾਂ ਵਰਗੀ ਹਮਾਇਤ ਨਹੀਂ ਕਰਨਗੇ। ਇਸ ਹਲਕੇ ਤੋਂ ਕਾਫੀ ਗਿਣਤੀ ਵਿੱਚ ਲੋਕ ਵਿਦੇਸ਼ ਵਿੱਚ ਵਸਦੇ ਹਨ ਅਤੇ ਪਰਵਾਸੀਆਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦਾ ਹਰ ਪੱਖ ਤੋਂ ਡੱਟ ਕੇ ਸਾਥ ਦਿੱਤਾ ਸੀ। ਹੁਣ ਕਾਂਗਰਸ ਪਾਰਟੀ ਦੇ ਪ੍ਰਧਾਨ ਨੂੰ ਆਸ ਹੈ ਕਿ ਆਮ ਆਦਮੀ ਪਾਰਟੀ ਨਾਲੋਂ ਜਿਹੜੇ ਵੋਟ ਟੁੱਟਣਗੇ, ਉਹ ਕਾਂਗਰਸ ਦੇ ਹੱਕ ਵਿੱਚ ਆ ਜਾਣਗੇ।

ਕਾਂਗਰਸ ਸਰਕਾਰ ਕੋਲ ਵੀ ਕਈ ਸਵਾਲਾਂ ਦੇ ਵਾਜਿਬ ਜਵਾਬ ਨਹੀਂ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰੇਤ, ਨਸ਼ੀਲੇ ਪਦਾਰਥਾਂ, ਟਰਾਂਸਪੋਰਟ, ਕੇਬਲ ਮਾਫ਼ੀਆ ਸਮੇਤ ਕਈ ਹੋਰ ਮਾਫ਼ੀਏ ਖ਼ਤਮ ਕਰਨ ਦੇ ਦਾਅਵੇ ਅਤੇ ਵਾਅਦੇ ਕੀਤੇ ਸਨ। ਸਰਕਾਰ ਦਾ ਸਵਾ ਸਾਲ ਨਿਬੜ ਚੁਕਿਆ ਹੈ ਪਰ ਸਥਿਤੀ ਵਿਚ ਕੋਈ ਬਹੁਤ ਵੱਡਾ ਬਦਲਾਅ ਨਹੀਂ ਆਇਆ ਹੈ।

ਕਾਂਗਰਸ ਇਸ ਵਾਰ ਰਵਾਇਤੀ ਪੰਥਕ ਹਲਕੇ ਵਿਚ ਅਕਾਲੀਆਂ ਨੂੰ ਪੰਥਕ ਮੁੱਦਿਆਂ ਉਤੇ ਘੇਰਨ ਦੀ ਕੋਸ਼ਿਸ਼ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਨੇ ਸ਼ਾਹਕੋਟ ਦੇ ਚੋਣ ਮੈਦਾਨ ਚ ਅਕਾਲੀ ਦਲ ਨੂੰ ਪੰਥਕ ਮੁੱਦਿਆਂ 'ਤੇ ਘੇਰਦਿਆਂ ਤਿੱਖੇ ਸਵਾਲ ਕੀਤੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਤਿਹਾਸ ਦੀਆ ਕਿਤਾਬਾਂ ਵਿਚਲੀ ਗ਼ਲਤੀ ਲਈ ਪੂਰੀ ਤਰ੍ਹਾਂ ਅਕਾਲੀ ਦਲ ਜ਼ਿੰਮੇਵਾਰ ਹੈ। ਨਵੀਂ ਕਿਤਾਬ ਲਿਖਣ ਦਾ ਕੰਮ ਅਕਾਲੀ ਸਰਕਾਰ ਵੇਲੇ ਹੀ ਸ਼ੁਰੂ ਹੋਇਆ ਸੀ ਅਤੇ ਹੁਣ ਅਕਾਲੀ ਦਲ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ। ਉਨਾ ਕਿਹਾ ਕਿ ਜੀਐਸਟੀ ਦੇ ਮੁੱਦੇ ਤੇ ਵੀ ਅਕਾਲੀ ਬਿਲਕੁਲ ਫੇਲਖ਼ਸਾਬਤ ਹੋਏ ਹਨ ਜਦਕਿ ਉਨਾਂ ਆਪਣੇ ਹਿੱਸੇ ਦਾ ਲੰਗਰ ਦਾ ਜੀਐਸਟੀ ਮੁਆਫ ਕਰ ਦਿੱਤਾ ਹੈ।

ਸ਼ਾਹਕੋਟੀਆਂ ਤੋਂ ਪੰਜਾਬ ਦੇ ਭਲੇ ਲਈ ਵੋਟਾਂ ਮੰਗਦਿਆਂ ਕੈਪਟਨ ਨੇ ਕਿਹਾ ਕਿ ਇਹ ਚੋਣ ਜਿੱਤਣ ਨਾਲ ਕਾਂਗਰਸੀ ਵਿਧਾਇਕਾਂ ਦੀ ਗਿਣਤੀ 78 ਹੋ ਜਾਵੇਗੀ ਅਤੇ ਪਾਰਟੀ ਦਾ ਵਿਧਾਨ ਸਭਾ ਵਿਚ ਦੋ ਤਿਹਾਈ ਬਹੁਮਤ ਹੋ ਜਾਵੇਗਾ।

ਸ੍ਰੀ ਜਾਖੜ ਨੇ ਕਿਹਾ ਕਿ ਅਕਾਲੀਆਂ ਨੇ ਪਾਣੀ ਅਤੇ ਪੰਥ ਦੇ ਨਾਂ ਉਤੇ ਸਿਆਸਤ ਹੀ ਕੀਤੀ ਹੈ। ਬਰਗਾੜੀ ਕਾਂਡ ਅਤੇ ਬਹਿਬਲ ਕਲਾਂ ਗੋਲੀ ਕਾਂਡ ਨੂੰ ਸਿਲੇਬਸ ਵਿਚ ਸ਼ਾਮਲ ਕਰਨ ਦੀ ਮੰਗ ਕਰਦਿਆਂ ਸੁਨੀਲ ਜਾਖੜ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁਖਾਤਬ ਹੁੰਦੇ ਹੋਏ ਕਿਹਾ ਕਿ ਅਗਲੀਆਂ ਪੀੜ੍ਹੀਆਂ ਨੂੰ ਅਕਾਲੀਆਂ ਦੇ ਕੰਮਾਂ ਦਾ ਪਤਾ ਲਗਣਾ ਚਾਹੀਦਾ ਹੈ।

ਪਹਿਲੀ ਵਾਰ ਕਾਂਗਰਸੀ ਆਗੂਆਂ ਨੇ ਮਰਹੂਮ ਅਕਾਲੀ ਆਗੂ ਅਜੀਤ ਸਿੰਘ ਕੋਹਾੜ ਅਤੇ ਉਨ੍ਹਾਂ ਦੇ ਪੁੱਤਰ ਅਕਾਲੀ ਉਮੀਦਵਾਰ ਉਤੇ ਤਿੱਖੇ ਸ਼ਬਦੀ ਵਾਰ ਕੀਤੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਜੀਤ ਸਿੰਘ ਕੋਹਾੜ ਪੰਜ ਵਾਰ ਵਿਧਾਇਕ ਅਤੇ ਤਿੰਨ ਵਾਰ ਮੰਤਰੀ ਬਣੇ ਪਰ ਉਨਾਂ ਕੋਲ ਹਾਲੇ ਵੀ ਹਲਕੇ ਦੀਆਂ ਬੁਨਿਆਦੀ ਮੰਗਾਂ ਪਹੁੰਚ ਰਹੀਆਂ ਹਨ।

ਉਧਰ ਲਾਡੀ ਸ਼ੇਰੋਵਾਲੀਆ ਨੂੰ ਟਿਕਟ ਦੇਣ ਦਾ ਵਿਰੋਧ ਕਰਨ ਵਾਲੇ ਕਾਂਗਰਸੀ ਆਗੂ ਸ਼ਾਹਕੋਟ ਰੈਲੀ ਤੋਂ ਦੂਰ ਰਹੇ। ਟਿਕਟ ਦੇ ਦਾਅਵੇਦਾਰ ਬ੍ਰਿਜ ਭੁਪਿੰਦਰ ਸਿੰਘ ਲਾਲੀ,ਕੈਪਟਨ ਹਰਮਿੰਦਰ ਸਿੰਘ, ਡਾ.ਨਵਜੋਤ ਦਾਹੀਆ ਅਤੇ ਰਾਜਨਬੀਰ ਸਿੰਘ ਲਾਡੀ ਵੀਰਵਾਰ ਨੂੰ ਸ਼ੇਰੋਵਾਲੀਆ ਦੇ ਹੱਕ ਵਿੱਚ ਕੀਤੀ ਰੈਲੀ ਵਿੱਚ ਨਹੀਂ ਪਹੁੰਚੇ। ਇਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਉਹ ਲਾਡੀ ਦੇ ਹੱਕ ਵਿਚ ਚੋਣ ਪ੍ਰਚਾਰ ਵੀ ਨਹੀਂ ਕਰਨਗੇ। ਸ਼ਾਹਕੋਟ ਜ਼ਿਮਨੀ ਚੋਣ ਲਈ ਬਿਗਲ ਵਜਾਉਣ ਪਹੁੰਚੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੇ ਉਮੀਦਵਾਰ ਲਾਡੀ ਸ਼ੇਰੋਵਾਲੀਆ ਦੇ ਹੱਕ ਵਿੱਚ ਕੀਤੀ ਰੈਲੀ ਦੌਰਾਨ ਕਈ ਚਰਚਾਵਾਂ ਚੱਲਦੀਆ ਰਹੀਆਂ। ਲਾਡੀ ਸ਼ੇਰੋਵਾਲੀਆ ਦਾ ਤਿੱਖਾ ਸਬੋਧਨ ਅਤੇ ਰਾਣਾ ਗੁਰਜੀਤ ਸਿੰਘ ਦੀ ਸਰਗਰਮੀ ਚਰਚਾ ਵਿੱਚ ਰਹੀ ਮੁੱਖ ਮੰਤਰੀ ਦੀ ਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਦੇ ਜ਼ਿਲਾ ਪ੍ਰਧਾਨ ਬੱਬੂ ਨੀਲ ਕੰਠ ਨੇ ਆਪਣੇ ਸਾਥੀਆਂ ਸਮੇਤ ਦੁਬਾਰਾ ਕਾਂਗਰਸ ਵਿਚ ਵਾਪਸੀ ਕਰ ਲਈ ਹੈ।

# ਖਜ਼ਾਨੇ ਦੀ ਅੰਨ੍ਹੀ ਲੁੱਟ ਬਾਰੇ ਛਪੀਆਂ ਖਬਰਾਂ ਤੋਂ ਬਾਅਦ ਸਰਕਾਰ ਜਾਗੀ, ਸਮੀਖਿਆ ਕਰਨ ਦਾ ਫੈਸਲਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਪੁਲੀਸ ਵੱਲੋਂ ਆਪਣੇ ਅਧਿਕਾਰੀਆਂ, ਲੀਡਰਾਂ, ਡੇਰੇਦਾਰਾਂ, ਜਥੇਦਾਰਾਂ ਅਤੇ ਸ਼ਿਵ ਸੈਨਾ ਆਗੂਆਂ ਨੂੰ ਸੁਰੱਖਿਆ ਲਈ ਦਿੱਤੀਆਂ ਮਹਿੰਗੀਆਂ ਕਾਰਾਂ ਅਤੇ ਬੇਹਿਸਾਬੇ ਤੇਲ ਦੇ ਮੁੱਦੇ ਦਾ ਪੰਜਾਬ ਸਰਕਾਰ ਅਤੇ ਵਿੱਤ ਵਿਭਾਗ ਨੇ ਗੰਭੀਰ ਨੋਟਿਸ ਲਿਆ ਹੈ। ਸੂਬੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਪੁਲੀਸ ਸਮੇਤ ਹੋਰਨਾਂ ਵਿਭਾਗਾਂ ਦੇ ਅਫ਼ਸਰਾਂ ਵੱਲੋਂ ਸਰਕਾਰੀ ਕਾਰਾਂ ਦੀ ਕੀਤੀ ਜਾ ਰਹੀ ਵਰਤੋਂ ਦੀ ਸਮੀਖਿਆ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੁਰੱਖਿਆ ਦੇ ਨਾਮ ਹੇਠ ਸਰਕਾਰੀ ਗੱਡੀਆਂ ਦੀ ਵਰਤੋਂ ਸਬੰਧੀ ਜੋ ਤੱਥ ਸਾਹਮਣੇ ਆਏ ਹਨ, ਉਹ ਤੁਰੰਤ ਗੌਰ ਮੰਗਦੇ ਹਨ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਮਾਮਲੇ ਉੱਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਸੂਬੇ ਦੀ ਵਿੱਤੀ ਹਾਲਤ ਪਹਿਲਾਂ ਹੀ ਮੰਦਹਾਲੀ ਦੇ ਦੌਰ 'ਚੋਂ ਲੰਘ ਰਹੀ ਹੈ ਤੇ ਸਾਬਕਾ ਅਕਾਲੀ-ਭਾਜਪਾ ਸਰਕਾਰ ਨੇ ਖ਼ਜ਼ਾਨੇ ਦਾ ਭੱਠਾ ਬਿਠਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖ਼ਜ਼ਾਨੇ ਨੂੰ ਪੈਰਾਂ ਸਿਰ ਕਰਨ ਲਈ ਠੋਸ ਕਦਮ ਚੁੱਕਣ ਦੀਆਂ ਹਦਾਇਤਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਮੀਡੀਆ ਰਾਹੀਂ ਜੋ ਤੱਥ ਸਾਹਮਣੇ ਆਏ ਹਨ, ਸੂਬੇ ਦੀ ਵਿੱਤੀ ਹਾਲਤ ਦੇ ਮੱਦੇਨਜ਼ਰ ਤੁਰੰਤ ਵਿਚਾਰਨ ਯੋਗ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਕਾਰਾਂ ਦੀ ਵਰਤੋਂ ਭਾਵੇਂ ਸੁਰੱਖਿਆ ਵਾਹਨਾਂ ਦੇ ਨਾਮ 'ਤੇ ਹੀ ਹੁੰਦੀ ਹੋਵੇ, ਸਮੀਖਿਆ ਕੀਤੇ ਜਾਣ ਦੀ ਜ਼ਰੂਰਤ ਹੈ। ਵਿੱਤ ਮੰਤਰੀ ਨੇ ਕਿਹਾ ਕਿ ਵਿੱਤ ਵਿਭਾਗ ਸਰਕਾਰੀ ਵਾਹਨਾਂ ਦੀ ਦੁਰਵਰਤੋਂ ਰੋਕਣ ਲਈ ਗੰਭੀਰ ਹੈ। ਸੂਤਰਾਂ ਦਾ ਦੱਸਣਾ ਹੈ ਕਿ ਵਿੱਤ ਵਿਭਾਗ ਵੱਲੋਂ ਪੁਲੀਸ ਵੱਲੋਂ ਸੁਰੱਖਿਆ ਦੇ ਨਾਮ 'ਤੇ ਦਿੱਤੀਆਂ ਗਈਆਂ 250 ਦੇ ਕਰੀਬ ਮਹਿੰਗੀਆਂ ਕਾਰਾਂ ਜਿਨ੍ਹਾਂ ਵਿੱਚ ਲੈਂਡ ਕਰੂਜ਼ਰ, ਮਨਟੈਰੋ, ਫਾਰਚਿਊਨਰ, ਇਨੋਵਾ, ਸਕਾਰਪੀਓ ਅਤੇ ਜਿਪਸੀਆਂ ਆਦਿ ਸ਼ਾਮਲ ਹਨ, ਦੀ ਸੂਚੀ ਹਾਸਲ ਕਰ ਲਈ ਗਈ ਹੈ। ਵਿੱਤ ਵਿਭਾਗ ਦੀ ਸਰਗਰਮੀ ਕਾਰਨ ਪੁਲੀਸ ਅਧਿਕਾਰੀਆਂ ਨੂੰ ਵੀ ਪਿੱਸੂ ਪੈ ਗਏ ਹਨ। ਉਧਰ ਮੁੱਖ ਮੰਤਰੀ ਦਫ਼ਤਰ ਨੇ ਵੀ ਪੁਲੀਸ ਵੱਲੋਂ ਸਰਕਾਰੀ ਵਾਹਨਾਂ ਦੀ ਦੁਰਵਰਤੋਂ ਦਾ ਨੋਟਿਸ ਲਿਆ ਹੈ। ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਨੇ ਇਸ ਮਾਮਲੇ 'ਤੇ ਤੁਰੰਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਗੱਲ ਕਰਨ ਦੀ ਗੱਲ ਕਹੀ ਹੈ। ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਸੁਰੱਖਿਆ ਦੇ ਨਾਮ ਉੱਤੇ ਪੁਲੀਸ ਅਧਿਕਾਰੀਆਂ ਵੱਲੋਂ ਸਰਕਾਰੀ ਕਾਰਾਂ ਥੋਕ ਦੇ ਰੂਪ ਵਿੱਚ ਵੰਡੇ ਜਾਣ ਦਾ ਮਾਮਾਲਾ ਗੰਭੀਰ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਹੁਣ ਜਦੋਂ ਪੰਜਾਬ ਵਿੱਚ ਹਾਲਾਤ ਪਹਿਲਾਂ ਵਰਗੇ ਨਹੀਂ ਰਹੇ ਤਾਂ ਸੁਰੱਖਿਆ ਦੇ ਨਾਮ ਉੱਤੇ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਾਇਆ ਜਾ ਰਿਹਾ ਹੈ। ਸੀਨੀਅਰ ਅਧਿਕਾਰੀਆਂ ਦਾ ਇਹ ਵੀ ਕਹਿਣਾਂ ਹੈ ਕਿ ਸੁਰੱਖਿਆ ਦੇ ਨਾਮ 'ਤੇ ਕਈ ਅਜਿਹੇ ਵਿਅਕਤੀਆਂ ਨੂੰ ਕਾਰਾਂ ਜਾਂ ਜਿਪਸੀਆਂ ਦਿੱਤੀਆਂ ਹੋਈਆਂ ਹਨ ਜਿਨ੍ਹਾਂ ਨੂੰ ਸੁਰੱਖਿਆ ਪੱਖ ਤੋਂ ਤਾਂ ਕੋਈ ਜ਼ਰੂਰਤ ਨਹੀਂ ਮਹਿਜ਼ 'ਮੂੰਹ ਬੰਦ' ਰੱਖਣ ਲਈ ਸਰਕਾਰੀ ਖ਼ਰਚੇ ਉੱਤੇ ਐਸ਼ ਕਰਨ ਦਾ ਰਾਹ ਖੋਲ੍ਹ ਦਿੱਤਾ ਗਿਆ। ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਪੁਲੀਸ ਦੀਆਂ ਗਤੀਵਿਧੀਆਂ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਅਤਾਵਾਦ ਦਾ ਹਊਆ ਖੜ੍ਹਾ ਕਰਨ ਪਿੱਛੇ ਵੀ ਪੁਲੀਸ ਵੱਲੋਂ ਸੁਰੱਖਿਆ ਦੇ ਨਾਂਅ ਉਤੇ ਖੁੱਲ੍ਹ ਖੇਡਣ ਦੀ ਨੀਤੀ ਹੀ ਕੰਮ ਕਰ ਰਹੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਪੁਲੀਸ ਅਧਿਕਾਰੀਆਂ ਵੱਲੋਂ ਸਰਕਾਰੀ ਕਾਰਾਂ ਦੀ ਵਰਤੋਂ ਦੇ ਮਾਮਲੇ ਵਿੱਚ ਸਿਵਲ ਅਧਿਕਾਰੀਆਂ ਨੂੰ ਪਛਾੜ ਦਿੱਤਾ ਗਿਆ ਹੈ। ਡੀਜੀਪੀ ਰੈਂਕ ਦੇ ਪੁਲੀਸ ਅਫ਼ਸਰਾਂ ਵੱਲੋਂ 5-5 ਵਾਹਨ ਰੱਖਣੇ ਤਾਂ ਸਧਾਰਨ ਵਰਤਾਰਾ ਬਣਿਆ ਹੋਇਆ ਹੈ। ਸੀਨੀਅਰ ਅਧਿਕਾਰੀਆਂ ਨੇ ਤਾਂ ਆਪਣੇ ਸਟਾਫ਼ ਦੇ ਨਾਮ 'ਤੇ ਵੀ ਗੱਡੀਆਂ ਅਲਾਟ ਕਰਾਈਆਂ ਹੋਈਆਂ ਹਨ। ਸਰਕਾਰੀ ਖ਼ਜ਼ਾਨੇ ਉੱਤੇ ਸਾਲਾਨਾ ਕਰੋੜਾਂ ਰੁਪਏ ਦਾ ਭਾਰ ਪੈਂਦਾ ਹੈ।

# ਹਿੰਦੂ ਭਾਈਚਾਰੇ ਤੇ ਦਲਿਤਾਂ 'ਚ ਫਿਰ ਤਣਾਅ

**ਫਗਵਾੜਾ/ਬਿਊਰੋ ਨਿਊਜ਼ :**
13 ਅਪ੍ਰੈਲ ਨੂੰ ਫਗਵਾੜਾ ਵਿਚ ਭੜਕੀ ਜਾਤੀ ਹਿੰਸਾ ਤੋਂ ਬਾਅਦ ਸ਼ਹਿਰ ਵਿਚ ਉਸ ਸਮੇਂ ਇਕ ਵਾਰ ਫਿਰ ਤਣਾਅ ਪੈਦਾ ਹੋ ਗਿਆ, ਜਦੋਂ ਪੁਰਾਣੇ ਸ਼ਹਿਰ ਦੇ ਨਾਂ ਨਾਲ ਜਾਣੇ ਜਾਂਦੇ ਹਦੀਆਬਾਦ ਇਲਾਕੇ ਵਿਚ ਕੁਝ ਲੋਕਾਂ ਨੇ ਹਿੰਦੂ ਸਮਾਜ ਦੇ ਲੋਕਾਂ ਨੂੰ ਇਤਰਾਜ਼ਯੋਗ ਸ਼ਬਦਾਂ ਦਾ ਇਸਤੇਮਾਲ ਕਰਦੇ ਹੋਏ ਗਾਲੀ ਗਲੋਚ ਕੀਤਾ ਅਤੇ ਇਸ ਦੇ ਬਾਅਦ ਇਲਾਕੇ ਵਿਚ ਖੜ੍ਹੇ 3 ਵਾਹਨਾਂ 'ਤੇ ਪੱਥਰਬਾਜ਼ੀ ਕਰ ਕੇ ਭੰਨ-ਤੋੜ ਕੀਤੀ। ਐੱਸ. ਪੀ. ਫਗਵਾੜਾ ਪੀ. ਐੱਸ. ਭੰਡਾਲ ਨੇ ਵਾਪਰੀ ਘਟਨਾ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਪੁਲਸ ਨੇ ਮਾਮਲੇ ਨੂੰ ਲੈ ਕੇ ਦੋਸ਼ੀ ਧਿਰ ਦੇ ਲੋਕਾਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਪੁਲਸ ਥਾਣਾ ਸਤਨਾਮਪੁਰਾ ਦੇ ਸ਼ਿਕਾਇਤਕਰਤਾ ਪੁਨੀਤ ਭਾਰਦਵਾਜ ਵਾਸੀ ਕੁਮਰਾ ਮੁਹੱਲਾ ਹਾਦੀਆਬਾਦ ਫਗਵਾੜਾ ਨੇ ਖੁਲਾਸਾ ਕੀਤਾ ਹੈ ਕਿ ਰਾਤ ਨੂੰ ਉਨ੍ਹਾਂ ਨੇ ਇਲਾਕੇ ਵਿਚ ਉੱਚੀ ਆਵਾਜ਼ ਵਿਚ ਲੋਕਾਂ ਨੂੰ ਗਾਲੀ-ਗਲੋਚ ਕਰਦੇ ਹੋਏ ਸੁਣਿਆ। ਇਸ ਤੋਂ ਬਾਅਦ ਉਨ੍ਹਾਂ ਦੀ ਮਾਤਾ ਨੀਲਮ ਭਾਰਦਵਾਜ ਵੀ ਬਾਹਰ ਆ ਗਈ। ਜਦੋਂ ਉਨ੍ਹਾਂ ਨੇ ਦੇਖਿਆ ਕਿ 8-9 ਵਿਅਕਤੀ ਉਨ੍ਹਾਂ ਦੇ ਘਰ ਦੇ ਬਾਹਰ ਖੜ੍ਹੇ ਸਨ ਜੋ ਘਰ ਦੇ ਬਾਹਰ ਪਏ ਗਮਲਿਆਂ ਦੀ ਭੰਨ-ਤੋੜ ਕਰ ਰਹੇ ਸਨ। ਜਦ ਉਨ੍ਹਾਂ ਦੀ ਮਾਤਾ ਨੇ ਉਕਤ ਵਿਅਕਤੀਆਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਹ ਗਾਲੀ ਗਲੋਚ ਕਰਦੇ ਹੋਏ

**ਬਾਕੀ ਸਫ਼ਾ 28 'ਤੇ**

# ਪਾਦਰੀ ਕੋਲੋਂ ਪ੍ਰਾਰਥਨਾ ਕਰਵਾ ਕੇ ਬੁਰੇ ਫਸੇ ਸ਼੍ਰੋਮਣੀ ਕਮੇਟੀ ਪ੍ਰਧਾਨ

## *ਹਰਪਾਲ ਸਿੰਘ ਯੂਕੇ ਨੇ ਸੀ. ਡੀ. ਜਥੇਦਾਰ ਨੂੰ ਸੌਂਪੀ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਇਸਾਈ ਧਰਮ ਦੇ ਪਾਦਰੀ ਕੋਲੋਂ ਪ੍ਰਾਰਥਨਾ ਕਰਵਾਉਣ ਅਤੇ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਿਲਕ ਲਗਾਉਂਦਿਆਂ ਦੀ ਸੀ.ਡੀ. ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੌਂਪ ਕੇ ਨਿਊ ਫਲਾਵਰਜ਼ ਐਜੂਕੇਸ਼ਨ ਸੁਸਾਇਟੀ ਰਜਿ. ਦੇ ਚੇਅਰਮੈਨ



ਹਰਪਾਲ ਸਿੰਘ ਯੂ.ਕੇ. ਨੇ ਉਕਤ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਵਿਚੋਂ ਫਾਰਗ ਕੀਤੇ ਗਏ ਮੁਲਾਜ਼ਮਾਂ ਦੀ ਪੈਰਵੀ ਕਰਨ ਵਾਲੇ ਹਰਪਾਲ ਸਿੰਘ ਯੂ. ਕੇ. ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਪਾਦਰੀ ਕੋਲੋਂ ਪ੍ਰਾਰਥਨਾ ਕਰਵਾਉਂਦਿਆਂ ਦੀ ਸੀ.ਡੀ. ਪੇਸ਼ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਿਚੋਂ ਬੇਨਿਯਮੀਆਂ ਦਾ ਬਹਾਨਾ ਬਣਾ ਕੇ ਬੇਕਸੂਰ ਮੁਲਾਜ਼ਮਾ ਦੀ ਤਾਂ ਨੌਕਰੀ ਖੋਹ ਲਈ ਹੈ ਪਰ ਇੰਨੀ ਵੱਡੀ ਸਿੱਖ ਸੰਸਥਾ ਦੇ ਮੁਖੀ ਦੀ ਖੁਦ ਪਾਦਰੀ ਕੋਲੋਂ ਪ੍ਰਾਰਥਨਾ ਕਰਵਾਉਣ ਅਤੇ ਲੋਕ ਸਭਾ ਮੈਂਬਰ ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਿਲਕ ਲਗਾ ਕੇ ਭਾਰੀ ਭੁੱਲ ਕਰਨ ਦੀ ਸੀ.ਡੀ.'ਤੇ ਵੀ ਹੁਣ ਜਲਦ ਐਕਸ਼ਨ ਲੈਣਾ ਚਾਹੀਦਾ ਹੈ।

ਹਰਪਾਲ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵਲੋਂ ਮੁਲਾਜ਼ਮਾਂ ਦੀ ਹੋਈ ਭਰਤੀ ਸਬੰਧੀ ਜਦੋਂ ਕਿਸੇ ਹਾਈਕੋਰਟ ਦੇ ਰਿਟਾ. ਜੱਜ ਕੋਲੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਹੈ ਤਾਂ ਉਸ 'ਤੇ ਹੁਣ ਤੱਕ ਗੌਰ ਕਿਉਂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ 1973 ਤੋਂ ਲੈ ਕੇ ਹੁਣ ਤੱਕ ਸ਼੍ਰੋਮਣੀ ਕਮੇਟੀ ਵਿਚ ਹੋਈਆਂ ਬੇਨਿਯਮੀਆਂ ਦੀ ਜਾਂਚ ਹੋਣੀ ਚਾਹੀਦੀ ਹੈ ਜਿਸ ਵਿਚ ਮੁਲਾਜ਼ਮਾਂ, ਅਧਿਕਾਰੀਆਂ ਦੀ ਭਰਤੀ, ਤਰੱਕੀਆਂ, ਗੁਰੂ ਦੀ ਗੋਲਕ ਦੀ ਲੁੱਟ ਅਤੇ ਜ਼ਮੀਨੀ ਘਪਲੇ ਦੇ ਅਜਿਹੇ ਲੁਕੇ ਹੋਏ ਮਾਮਲੇ ਸਾਹਮਣੇ ਆਉਣਗੇ ਜਿਸ ਨਾਲ ਸ਼੍ਰੋਮਣੀ ਕਮੇਟੀ ਨੂੰ ਜਵਾਬ ਦੇਣਾ ਔਖਾ ਹੋ ਜਾਵੇਗਾ। ਇਸ ਮੌਕੇ 'ਤੇ ਹਰਪਾਲ ਸਿੰਘ ਯੂ. ਕੇ. ਨੇ ਕਿਹਾ ਕਿ ਜਥੇਦਾਰ ਗੁਰਬਚਨ ਸਿੰਘ ਵਲੋਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਇਨ੍ਹਾਂ ਮਾਮਲਿਆਂ ਸਬੰਧੀ ਇਕ ਕਮੇਟੀ ਦਾ ਗਠਿਤ ਕਰਕੇ 15 ਦਿਨਾਂ ਵਿਚ ਜਾਂਚ ਕਰਵਾਈ ਜਾਵੇਗੀ। ਹਰਪਾਲ ਸਿੰਘ ਯੂ. ਕੇ. ਨੇ ਕਿਹਾ ਕਿ ਜੇਕਰ 15 ਦਿਨਾਂ ਵਿਚ ਜਾਂਚ ਨਾ ਕਰਵਾਈ ਗਈ ਤਾਂ ਉਹ ਮਾਣਯੋਗ ਹਾਈਕੋਰਟ ਦਾ ਦਰਵਾਜ਼ਾ ਖੜਕਾ ਕੇ ਸੀ. ਬੀ. ਆਈ. ਜਾਂਚ ਕਰਵਾਉਣ ਦੀ ਮੰਗ ਕਰਨਗੇ।

### ਫੁਰਮਾਨ ਖਿੜੇ ਮੱਥਾ ਪ੍ਰਵਾਨ : ਲੌਂਗੋਵਾਲ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਜਦੋਂ ਸੀ.ਡੀ. ਮਾਮਲੇ ਵਿਚ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਹਰੇਕ ਸਿੱਖ ਲਈ ਅਕਾਲ ਤਖਤ ਸਾਹਿਬ ਸੁਪਰੀਮ ਹਨ ਅਤੇ ਉਥੋਂ ਜੋ ਵੀ ਫਰਮਾਨ ਜਾਰੀ ਹੋਵੇਗਾ, ਉਹ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ।

# ਸਰਕਾਰ ਨਾਲ ਆਢਾ ਲਾਉਣ ਵਾਲੇ ਥਾਣੇਦਾਰ ਨੂੰ ਗ੍ਰਿਫਤਾਰੀ ਤੋਂ ਬਾਅਦ ਨਸ਼ਾ ਛੁਡਾਊ ਕੇਂਦਰ ਦਾਖ਼ਲ ਕਰਾਇਆ

**ਜਲੰਧਰ/ਬਿਊਰੋ ਨਿਊਜ਼ :** ਸ਼ਾਹਕੋਟ ਜ਼ਿਮਨੀ ਚੋਣ ਲਈ ਕਾਂਗਰਸੀ ਉਮੀਦਵਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਰੁੱਧ ਪਰਚਾ ਦਰਜ ਕਰਨ ਵਾਲੇ ਥਾਣੇਦਾਰ ਪਰਮਿੰਦਰ ਸਿੰਘ ਬਾਜਵਾ ਨੂੰ ਜਲੰਧਰ ਪੁਲੀਸ ਨੇ ਅਦਾਲਤੀ ਕੰਪਲੈਕਸ ਦੇ ਬਾਹਰੋਂ ਗ੍ਰਿਫ਼ਤਾਰ ਕਰ ਲਿਆ। ਥਾਣੇਦਾਰ ਬਾਜਵਾ ਖਿਲਾਫ਼ ਪੁਲੀਸ ਮੁਲਾਜ਼ਮਾਂ ਦੀ ਡਿਊਟੀ ਚ ਵਿਘਨ ਪਾਉਣ ਦੇ ਮਾਮਲੇ ਵਿੱਚ ਥਾਣਾ ਬਾਰਾਂਦਰੀ ਚ ਆਈਪੀਸੀ ਦੀ ਧਾਰਾ 353, 186 ਅਤੇ ਆਰਮਜ਼ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਤੋਂ ਬਾਅਦ ਮੈਡੀਕਲ ਕਰਵਾ ਕੇ ਥਾਣੇਦਾਰ ਬਾਜਵਾ ਨੂੰ ਅਦਾਲਤ ਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਬਾਜਵਾ ਨੂੰ 25 ਮਈ ਤੱਕ ਨਿਆਂਇਕ ਹਿਰਾਸਤ ਚ ਕਪੂਰਥਲਾ ਜੇਲ੍ਹ ਭੇਜ ਦਿੱਤਾ ਸੀ।

ਦੂਜੇ ਦਿਨ ਹੀ ਥਾਣੇਦਾਰ ਪਰਮਿੰਦਰ ਸਿੰਘ ਬਾਜਵਾ ਨੂੰ ਕਪੂਰਥਲਾ ਜੇਲ੍ਹ ਤੋਂ ਜਲੰਧਰ ਸਿਵਲ ਹਸਪਤਾਲ 'ਚ ਬਣੇ ਨਸ਼ਾ ਛੁਡਾਊ ਕੇਂਦਰ 'ਚ ਭੇਜ ਦਿੱਤਾ ਗਿਆ। ਬਾਜਵਾ ਨੂੰ ਉੱਥੇ ਸਖ਼ਤ ਸੁਰੱਖਿਆ ਪ੍ਰਬੰਧਾਂ 'ਚ ਰੱਖਿਆ ਗਿਆ ਹੈ। ਬਾਜਵਾ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਉਸ ਕੋਲ ਜਾਣ ਦੀ ਆਗਿਆ ਨਹੀਂ ਹੈ ਅਤੇ ਉਸ ਦਾ ਮੋਬਾਈਲ ਫੋਨ ਵੀ ਲੈ ਲਿਆ ਗਿਆ ਹੈ। ਉਸ ਦੀ ਨਿਗਰਾਨੀ ਅਤੇ ਇਲਾਜ ਲਈ ਡਾਕਟਰਾਂ ਦੀ ਟੀਮ ਬਣਾਈ ਗਈ ਹੈ। ਸੂਤਰਾਂ ਮੁਤਾਬਕ ਬਾਜਵਾ 'ਬਾਇ -ਪੋਲਰ ਡਿਸਆਰਡਰ' ਬਿਮਾਰੀ ਦਾ ਸ਼ਿਕਾਰ ਹੈ ਤੇ ਨਾਲ ਹੀ ਉਸ ਨੂੰ ਸ਼ਰਾਬ ਪੀਣ ਦੀ ਵੀ ਲਤ ਹੈ।

ਪਤਾ ਚੱਲਿਆ ਹੈ ਕਿ ਥਾਣੇਦਾਰ ਬਾਜਵਾ ਨੇ 2 ਕੁ ਸਾਲ ਪਹਿਲਾਂ ਇਸ ਬਿਮਾਰੀ ਦਾ ਇਲਾਜ ਵੀ ਕਰਵਾਇਆ ਸੀ। ਮਾਹਿਰਾਂ ਅਨੁਸਾਰ ਇਸ ਬਿਮਾਰੀ 'ਚ ਵਿਅਕਤੀ ਆਪਣੀ ਹਸਤੀ ਨੂੰ ਸੁਪਰੀਮ ਸਮਝਦਾ ਹੈ ਅਤੇ ਉਸ 'ਚ ਲੋੜ ਤੋਂ ਵੱਧ ਉਤਸ਼ਾਹ, ਉਤਸੁਕਤਾ ਅਤੇ ਆਤਮ ਵਿਸ਼ਵਾਸ ਆ ਜਾਂਦਾ ਹੈ ਜਿਸ ਤੋਂ ਬਾਅਦ ਉਸ ਨੂੰ ਲਗਦਾ ਹੈ ਕਿ ਉਹ ਕੁਝ ਵੀ ਕਰ ਸਕਦਾ ਹੈ। ਇਸ ਦੇ ਉਲਟ ਜਾਂ ਫਿਰ ਵਿਅਕਤੀ ਬਿਲਕੁਲ ਢਹਿੰਦੀ ਕਲਾਂ 'ਚ ਚਲਿਆ ਜਾਂਦਾ ਹੈ। ਇਸ ਬਿਮਾਰੀ ਦਾ ਸ਼ਿਕਾਰ ਵਿਅਕਤੀ ਖੁਦ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਦੂਜਿਆਂ 'ਤੇ ਵੀ ਹਮਲਾ ਕਰ ਸਕਦਾ ਹੈ। ਜਾਣਕਾਰੀ ਅਨੁਸਾਰ ਥਾਣੇਦਾਰ ਬਾਜਵਾ ਦੀਆਂ ਹਰਕਤਾਂ ਤੋਂ ਲੱਗ ਰਿਹਾ ਹੈ ਕਿ ਉਹ ਇਸ ਵੇਲੇ ਬਿਮਾਰੀ ਦੀ 'ਮੈਨੀਐਕ ਸਟੇਜ' 'ਤੇ ਹੈ ਜੋ ਕਾਫ਼ੀ ਗੰਭੀਰ ਮੰਨੀ ਜਾਂਦੀ ਹੈ।

ਜਾਣਕਾਰੀ ਅਨੁਸਾਰ ਇਸ ਬਿਮਾਰੀ 'ਚ ਤਣਾਅ ਬਰਦਾਸ਼ਤ ਨਹੀਂ ਹੁੰਦਾ ਅਤੇ ਲਾਡੀ ਸ਼ੇਰੋਵਾਲੀਆ ਖ਼ਿਲਾਫ਼ ਪਰਚਾ ਦਰਜ ਕਰਨ ਤੋਂ ਬਾਅਦ ਇਸ ਬਿਮਾਰੀ ਨੇ ਫਿਰ ਤੋਂ ਥਾਣੇਦਾਰ ਬਾਜਵਾ ਨੂੰ ਘੇਰ ਲਿਆ ਕਿਉਂਕਿ ਇਸ ਦੌਰਾਨ ਸਰਕਾਰ ਅਤੇ ਸੀਨੀਅਰ ਅਫ਼ਸਰਾਂ ਦਾ ਦਬਾਅ ਥਾਣੇਦਾਰ ਬਾਜਵਾ 'ਤੇ ਸੀ। ਇਸ ਤਣਾਅ 'ਚੋਂ ਬਾਹਰ ਨਿਕਲਣ ਲਈ ਹੀ ਉਹ ਸ਼ਰਾਬ ਪੀਂਦਾ ਰਿਹਾ। ਜਾਣਕਾਰੀ ਅਨੁਸਾਰ ਥਾਣੇਦਾਰ ਬਾਜਵਾ ਦਾ ਇਲਾਜ ਕਾਫੀ ਲੰਮਾ ਚੱਲਣ ਵਾਲਾ ਹੈ। ਉਸ ਦੀ ਸ਼ਰਾਬ ਪੀਣ ਦੀ ਲਤ ਦਾ ਵੀ ਇਲਾਜ ਕੀਤਾ ਜਾਵੇਗਾ।

ਸਿਵਲ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਦੇ ਇੰਚਾਰਜ ਡਾ. ਨਿਰਦੋਸ਼ ਗੋਇਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਹਾਲੇ ਸ੍ਰੀ ਬਾਜਵਾ ਦੀ ਜਾਂਚ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਸੰਕੇਤ ਬਾਇ -ਪੋਲਰ ਡਿਸਆਰਡਰ ਦੇ ਹੀ ਮਿਲੇ ਹਨ ਪਰ ਹਾਲੇ ਆਖਰੀ ਰਿਪੋਰਟ ਨਹੀਂ ਆਈ ਹੈ। ਬਾਜਵਾ ਦੀ ਗ੍ਰਿਫਤਾਰੀ ਦੇ ਮਾਮਲੇ ਦੀ ਜਾਣਕਾਰੀ ਦਿੰਦਿਆਂ ਥਾਣਾ ਬਾਰਾਂਦਰੀ ਦੇ ਮੁਖੀ ਬਲਬੀਰ ਸਿੰਘ ਨੇ ਦੱਸਿਆ ਕਿ ਥਾਣਾ ਬਸਤੀ ਬਾਵਾ ਖੇਲ ਦੇ ਮੁਖੀ ਸੁਖਵਿੰਦਰ ਸਿੰਘ ਅਦਾਲਤੀ ਕੰਪਲੈਕਸ ਚ ਡਿਊਟੀ ਦੇ ਰਹੇ ਸਨ। ਸੁਖਵਿੰਦਰ ਸਿੰਘ ਨੇ ਅਦਾਲਤ ਚ ਲਿਖਤੀ ਸ਼ਿਕਾਇਤ ਦਿੱਤੀ ਹੈ ਕਿ



ਥਾਣੇਦਾਰ ਪਰਮਿੰਦਰ ਸਿੰਘ ਬਾਜਵਾ ਨੇ ਉਸ ਨੂੰ ਧੱਕਾ ਮਾਰਿਆ ਹੈ ਅਤੇ ਉਹ ਹਥਿਆਰ ਦਿਖਾ ਕੇ ਜਬਰਦਸਤੀ ਅਦਾਲਤ ਚ ਦਾਖਲ ਹੋਇਆ ਸੀ।

ਗੌਰਤਲਬ ਹੈ ਕਿ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਥਾਣੇਦਾਰ ਪਰਮਿੰਦਰ ਸਿੰਘ ਬਾਜਵਾ ਖ਼ੁਦ ਅਦਾਲਤ ਚ ਪੇਸ਼ ਹੋਇਆ ਸੀ। ਬਾਜਵਾ ਅਦਾਲਤ ਦੇ ਬਿਲਕੁਲ ਸਾਹਮਣੇ ਹੋਟਲ ਵਿੱਚ ਹੀ ਰੁਕਿਆ ਹੋਇਆ ਸੀ। ਬਾਜਵਾ ਨੇ ਸੈਸ਼ਨ ਜੱਜ ਅੱਗੇ ਆਪਣੀ ਜਾਨ ਨੂੰ ਸਰਕਾਰ ਤੋਂ ਖਤਰਾ ਦੱਸਿਆ ਅਤੇ ਸੁਰੱਖਿਆ ਦੀ ਮੰਗ ਕੀਤੀ। ਥਾਣੇਦਾਰ ਬਾਜਵਾ ਅਦਾਲਤ ਚ ਆਪਣਾ ਰਿਵਾਲਵਰ ਵੀ ਜੱਜ ਦੇ ਸਾਹਮਣੇ ਲੈ ਗਿਆ। ਇਸ ਮੌਕੇ ਬਾਜਵਾ ਨੇ ਆਪਣਾ ਹੁਲੀਆ ਬਦਲਣ ਲਈ ਕੈਪਰੀ ਪਾਈ ਹੋਈ ਸੀ ਤੇ ਸਿਰ ਨੂੰ ਵੀ ਅਜੀਬ ਤਰੀਕੇ ਨਾਲ ਢਕਿਆ ਹੋਇਆ ਸੀ। ਅਦਾਲਤ ਵਿੱਚ ਕੈਪਰੀ ਪਾ ਕੇ ਆਉਣ ਦੀ ਜੱਜ ਨੇ ਰੋਕ ਲਗਾਈ ਹੋਈ ਹੈ।

ਜਾਣਕਾਰੀ ਅਨੁਸਾਰ ਅਦਾਲਤੀ ਕੰਪਲੈਕਸ ਚ ਡਿਊਟੀ ਦੇ ਰਹੇ ਪੁਲੀਸ ਮੁਲਾਜ਼ਮਾਂ ਨੇ ਬਾਜਵਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਦੌੜ ਕੇ ਕੋਰਟ ਰੂਮ ਵਿੱਚ ਪੁੱਜ ਕੇ ਕਟਹਿਰੇ ਚ ਖੜਖ਼ਾ ਹੋ ਗਿਆ। ਜੱਜ ਦੇ ਅੱਗੇ ਜਾ ਕੇ ਬਾਜਵਾ ਨੇ ਰਿਵਾਲਵਰ ਕੱਢ ਲਿਆ ਅਤੇ ਕਿਹਾ ਕਿ ਉਸ ਦੇ ਕੋਲ ਇਹੀ ਹਥਿਆਰ ਹੈ ਜਦਕਿ ਪੁਲੀਸ ਨੇ ਉਸ ਦੇ ਹਥਿਆਰ ਵਾਪਸ ਲੈ ਲਏ ਹਨ। ਜੱਜ ਨੇ ਬਾਜਵਾ ਦੀ ਅਪੀਲ ਸੁਣਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਸੁਰੱਖਿਆ ਮੁਹੱਈਆ ਕਰਵਾਉਣਾ ਉਨਾਂ ਦੇ ਅਧਿਕਾਰਾਂ ਚ ਨਹੀਂ ਅਤੇ ਇਸ ਲਈ ਉਹ ਹਾਈ ਕੋਰਟ ਜਾ ਸਕਦੇ ਹਨ। ਇਸ ਤੋਂ ਬਾਅਦ ਬਾਜਵਾ ਅੰਦਰ ਹੀ ਬੈਠ ਗਿਆ ਅਤੇ ਹਾਈ ਕੋਰਟ ਪਹੁੰਚਣ ਤੱਕ ਸੁਰੱਖਿਆ ਦੇਣ ਦੀ ਮੰਗ ਕੀਤੀ। ਜੱਜ ਦੇ ਸਮਝਾਉਣ ਤੋਂ ਬਾਅਦ ਬਾਜਵਾ ਨੂੰ ਅਦਾਲਤ ਤੋਂ ਬਾਹਰ ਲਿਆਂਦਾ ਗਿਆ ਤਾਂ ਗੇਟ ਤੋਂ ਨਿਕਲਦਿਆਂ ਹੀ ਥਾਣਾ ਬਾਰਾਂਦਰੀ ਦੀ ਪੁਲੀਸ ਨੇ ਉਸ ਨੂੰ ਹਿਰਾਸਤ ਚ ਲੈ ਲਿਆ ਅਤੇ ਥਾਣੇ ਲੈ ਗਏ।

ਗ੍ਰਿਫ਼ਤਾਰੀ ਤੋਂ ਪਹਿਲਾਂ ਥਾਣੇਦਾਰ ਬਾਜਵਾ ਨੇ ਐਸਐੱਚਓ ਬਲਬੀਰ ਸਿੰਘ ਨਾਲ ਕਾਫੀ ਬਹਿਸ ਕੀਤੀ ਅਤੇ ਉਸ ਵੱਲੋਂ ਦਿੱਤੀਆਂ ਸ਼ਿਕਾਇਤਾਂ ਬਾਰੇ ਵੀ ਪੁੱਛਿਆ। ਬਾਜਵਾ ਦੇ ਵਕੀਲ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਦੀ ਗੱਲ ਕੀਤੀ ਹੈ। ਥਾਣੇਦਾਰ ਬਾਜਵਾ ਨੂੰ ਅਦਾਲਤ ਚ ਪੇਸ਼ ਕਰਨ ਸਮੇਂ ਉਸ ਦੇ ਪਰਿਵਾਰਕ ਮੈਂਬਰ ਅਤੇ ਵਕੀਲ ਵੀ ਅਦਾਲਤ ਚ ਹਾਜ਼ਰ ਰਹੇ। ਵਕੀਲ ਨੇ ਅਦਾਲਤ ਨੂੰ ਜਾਣਕਾਰੀ ਦਿੱਤੀ ਕਿ ਥਾਣੇਦਾਰ ਬਾਜਵਾ ਮਾਨਸਿਕ ਤੌਰ ਉਤੇ ਬਿਮਾਰ ਹੈ ਅਤੇ ਪਹਿਲਾਂ ਵੀ ਇਲਾਜ ਕਰਵਾ ਚੁੱਕਾ ਹੈ। ਵਕੀਲ ਨੇ ਮੰਗ ਕੀਤੀ ਕਿ ਉਸ ਨੂੰ ਜੇਲਖ਼ ਦੀ ਥਾਂ ਇਲਾਜ ਲਈ ਹਸਪਤਾਲ ਭੇਜਿਆ ਜਾਵੇ।

ਅਦਾਲਤ ਨੇ ਦਲੀਲ ਸੁਣਨ ਤੋਂ ਬਾਅਦ ਥਾਣੇਦਾਰ ਨੂੰ ਕਪੂਰਥਲਾ ਜੇਲਖ਼ ਵਿੱਚ 14 ਦਿਨ ਦੀ ਨਿਆਂਇਕ ਹਿਰਾਸਤ ਚ ਭੇਜ ਦਿੱਤਾ। ਜੇਲਖ਼ ਵਿੱਚ ਰੱਖਣ ਅਤੇ ਹਸਪਤਾਲ ਭੇਜਣ ਦਾ ਫੈਸਲਾ ਜੇਲਖ਼ ਦੇ ਡਾਕਟਰ ਉੱਤੇ ਛੱਡ ਦਿੱਤਾ। ਉਧਰ ਅਕਾਲੀ ਦਲ ਨੇ ਥਾਣੇਦਾਰ ਪਰਮਿੰਦਰ ਸਿੰਘ ਬਾਜਵਾ ਦੀ ਪਿੱਠ ਥਾਪੜੀ ਹੈ।

ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕਾਂਗਰਸੀ ਉਮੀਦਵਾਰ ਲਾਡੀ ਸ਼ੇਰੋਵਾਲੀਆਂ ਉਤੇ ਕੇਸ ਦਰਜ ਕਰਨ ਵਾਲੇ ਐੱਸਐਚਓ ਪਰਮਿੰਦਰ ਸਿੰਘ ਬਾਜਵਾ ਨੇ ਸਾਰੀ ਕਾਰਵਾਈ ਕਾਨੂੰਨੀ ਦਸਤਾਵੇਜ਼ਾਂ ਦੇ ਆਧਾਰ ਉੱਤੇ ਹੀ ਕੀਤੀ ਹੈ। ਉਹ ਮਾਨਸਾ ਜ਼ਿਲੇ ਦੇ ਪਿੰਡਾਂ ਦਾ ਦੌਰਾ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਵੱਲੋਂ ਜਿਸ ਤਰਾਂ ਪੁਲੀਸ ਅਧਿਕਾਰੀਆਂ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ, ਉਸ ਤੋਂ ਜਾਪਦਾ ਹੈ ਕਿ ਸਰਕਾਰ ਚੋਣਾਂ ਦੌਰਾਨ ਵੀ ਗੜਬੜੀ ਦੀ ਕੋਸ਼ਿਸ਼ ਕਰ ਸਕਦੀ ਹੈ।

ਉਨਾਂ ਇਹ ਵੀ ਦਾਅਵਾ ਕੀਤਾ ਕਿ ਸ਼ਾਹਕੋਟ ਜ਼ਿਮਨੀ ਚੋਣ ਵਿੱਚ ਕਾਂਗਰਸ ਨੂੰ ਹਾਰ ਦਾ ਮੂੰਹ ਦੇਖਣਾ ਪਵੇਗਾ। ਕੇਂਦਰੀ ਮੰਤਰੀ ਨੇ ਮਿਸਾਲ ਦਿੰਦਿਆਂ ਕਿਹਾ ਕਿ ਜਿਵੇਂ ਬੇਅੰਤ ਸਿੰਘ ਸਰਕਾਰ ਵੇਲੇ ਸ਼੍ਰੋਮਣੀ ਅਕਾਲੀ ਦਲ ਨੇ ਗਿੱਦੜਬਾਹਾ ਦੀ ਜ਼ਿਮਨੀ ਚੋਣ ਜਿੱਤੀ ਸੀ, ਉਸੇ ਤਰਖ਼ਾਂ ਹੁਣ ਸ਼ਾਹਕੋਟ ਵਿੱਚ ਵੀ ਪਾਰਟੀ ਜਿੱਤ ਹਾਸਲ ਕਰੇਗੀ।

HOTHI FREIGHTLINES
HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ AMRITSAR TIMES

16 ਮਈ 2018 ਤੋਂ 22 ਮਈ 2018

## ਲੋਕਤੰਤਰ ਦਾ ਘਾਣ ਕਰਨ ’ਤੇ ਉੱਤਰੀ ਭਾਜਪਾ

ਭਾਰਤ ਦੇ ਦੱਖਣੀ ਰਾਜ ਕਰਨਾਟਕ ਵਿਚ ਨਵੀਂ ਵਿਧਾਨ ਸਭਾ ਦੇ ਗਠਨ ਲਈ ਪਈਆਂ ਵੋਟਾਂ ਦੇ ਨਤੀਜੇ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮਤ ਨਹੀਂ ਦਿੰਦੇ । ਅਜਿਹੀ ਸਥਿਤੀ ਦੇਸ਼ ਦੇ ਵੱਖ ਵੱਖ ਰਾਜਾਂ ਵਿਚ ਪਹਿਲਾਂ ਵੀ ਪੈਦਾ ਹੁੰਦੀ ਰਹੀ ਹੈ। ਇਸ ਤਰ੍ਹਾਂ ਦੇ ਸੰਵਿਧਾਨਕ ਸੰਕਟ ਸਮੇਂ ਰਾਜਪਾਲ ਦੀ ਭੂਮਿਕਾ ਬਹੁਤ ਜ਼ਿਆਦਾ ਮਹੱਤਵਪੂਰਨ ਹੋ ਜਾਂਦੀ ਹੈ। ਅਜਿਹੇ ਹਾਲਾਤ ਨਾਲ ਨਜਿੱਠਣ ਵਾਸਤੇ ਰਾਜਪਾਲ ਕੋਲ ਕਈ ਰਸਤੇ ਹੁੰਦੇ ਹਨ। ਕਿਸੇ ਵੀ ਰਾਜਨੀਤਕ ਪਾਰਟੀ ਨੂੰ ਸਪੱਸ਼ਟ ਬਹੁਮਤ ਨਾ ਮਿਲਣ ਦੀ ਸੂਰਤ ਵਿਚ ਸਬੰਧਤ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਕੇ ਮੁੜ ਤੋਂ ਲੋਕ ਫਤਵਾ ਲੈਣ ਦੀ ਵਿਵਸਥਾ ਵੀ ਹੈ ਪਰ ਇਹ ਸਭ ਤੋਂ ਆਖਰੀ ਹਥਿਆਰ ਹੁੰਦਾ ਹੈ। ਰਾਜਪਾਲ ਆਮ ਕਰਕੇ ਸਭ ਤੋਂ ਪਹਿਲਾਂ “ਪੂਰਨ ਬਹੁਮਤ ” ਦੇ ਨੁਕਤੇ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਅਜਿਹੇ ਸਿਆਸੀ ਗੱਠਜੋੜ ਜਾਂ ਸੰਭਾਵੀ ਗੱਠਜੋੜ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੰਦਾ ਹੈ ਜਿਸ ਦੀਆਂ ਸਦਨ ਵਿਚ ਬਹੁਮਤ ਸਾਬਤ ਕਰ ਦੇਣਦੀਆਂ ਸੰਭਾਵਨਾਵਾਂ ਸਭ ਤੋਂ ਵੱਧ ਪ੍ਰਬਲ ਹੋਣ। ਜੇਕਰ ਅਜਿਹਾ ਨਾ ਹੋ ਸਕਦਾ ਹੋਵੇ ਤਾਂ ਇਸ ਤੋਂ ਬਾਅਦ ਵਿਧਾਨ ਸਭਾ ਵਿਚ ਜਿੱਤ ਕੇ ਆਈ ਸਭ ਤੋਂ ਵੱਡੀ ਪਾਰਟੀ ਨੂੰ ਸਰਕਾਰ ਬਣਾਉਣ ਅਤੇ ਬਹੁਮਤ ਸਿੱਧ ਕਰਨ ਦਾ ਮੌਕਾ ਦਿਤਾ ਜਾਂਦਾ ਹੈ। ਰਾਸ਼ਟਰਪਤੀ ਰਾਜ ਦੀ ਕੇਂਦਰ ਨੂੰ ਸਿਫਾਰਸ਼ ਕਰਨ ਵਾਲਾ ਰਾਹ ਸਭ ਤੋਂ ਆਖਰ ਵਿਚ ਹੀ ਵਰਤਣਾ ਯੋਗ ਮੰਨਿਆ ਜਾਂਦਾ ਹੈ। ਅਜਿਹੀ ਰਾਜਨੀਤਕ ਹਾਲਤ ਪੈਦਾ ਹੋਣ ਉਤੇ ਸਮੇਂ ਸਮੇਂ ਆਏ ਸੁਪਰੀਮ ਕੋਰਟ ਦੇ ਫੈਸਲਿਆਂ ਅਤੇ ਸੰਵਿਧਾਨਕ ਮਾਹਰਾਂ ਦੁਆਰਾ ਇਨ੍ਹਾਂ ਦੀ ਕੀਤੀ ਵਿਆਖਿਆ ਦੇ ਰੂਪ ਵਿਚ ਵੀ ਰਾਜਪਾਲ ਇਨ੍ਹਾਂ ਤੋਂ ਸੇਧ ਲੈ ਸਕਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਅਸਥਿਰ ਰਾਜਨੀਤਕ ਹਾਲਾਤ ਮੌਕੇ ਕਈ ਵਾਰ ਸਾਡੇ ਕਈ ਰਾਜਪਾਲ ਖੁੱਲ੍ਹ ਖੇਡਦੇ ਰਹੇ ਹਨ। ਇਸ ਤਰ੍ਹਾਂ ਕਈ ਵਾਰ ਹੋਇਆ ਹੈ ਕਿ ਕੇਂਦਰ ਦੇ ਇਸ਼ਾਰੇ ਉਤੇ ਜਾਂ ਕਿਸੇ ਖਾਸ ਸਿਆਸੀ ਧਿਰ ਨੂੰ ਫਾਇਦਾ ਪਹੁੰਚਾਉਣ ਵਾਸਤੇ ਰਾਜਪਾਲ ਆਪਣੀ ਮਰਿਆਦਾ ਤੇ ਸੀਮਾ ਤੋਂ ਬਾਹਰ ਗਏ ਹਨ ਅਤੇ ਕਈ ਵਾਰ ਲੋਕਤੰਤਰ ਨੂੰ ਸ਼ਰਮਸ਼ਾਰ ਕੀਤਾ ਗਿਆ ਹੈ।

ਕਰਨਾਟਕ ਵਿਚ ਵੀ ਇਹੋ ਜਿਹੇ ਹੀ ਹਾਲਾਤ ਬਣਦੇ ਦਿਖਾਈ ਦੇ ਰਹੇ ਹਨ। ਭਾਰਤੀ ਜਨਤਾ ਪਾਰਟੀ ਨੇ ਸਭ ਤੋਂ ਵੱਡਾ ਰਾਜਨੀਤਕ ਦਲ ਹੋਣ ਦੇ ਨਾਤੇ ਸਰਕਾਰ ਬਣਾਉਣ ਦੀ ਜ਼ਿੱਦ ਫੜ ਲਈ ਹੈ ਜਦਕਿ ਕਰਨਾਟਕ ਦੀ ਸਥਾਨਕ ਪਾਰਟੀ ਜਨਤਾ ਦਲ ਯੁਨਾਇਟਡ ਨੂੰ ਕਾਂਗਰਸ ਦਾ ਸਮਰਥਨ ਹਾਸਲ ਹੋਣ ਤੋਂ ਬਾਅਦ ਉਸ ਨੇ ਪੂਰਨ ਬਹੁਮਤ ਦਾ ਅੰਕੜਾ ਪ੍ਰਾਪਤ ਕਰ ਲਿਆ ਹੈ। ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਰਾਜਪਾਲ ਕੇਂਦਰ ਸਰਕਾਰ ਦੇ ਅਧੀਨ ਕੰਮ ਕਰਦਾ ਹੈ। ਹੁਣ ਜੇਕਰ ਰਾਜਪਾਲ ਭਾਰਤੀ ਜਨਤਾ ਪਾਰਟੀ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੰਦੇ ਹਨ ਤਾਂ ਇਹ ਇਕ ਤਰ੍ਹਾਂ ਨਾਲ ਸੂਬੇ ਵਿਚ ਸਿਆਸੀ ਅਫ਼ਤਾ-ਤਫ਼ਰੀ ਪੈਦਾ ਕਰਨ ਵਾਲੀ ਗੱਲ ਹੋਵੇਗੀ। ਸਾਡੇ ਸਾਹਮਣੇ ਬਹੁਤ ਸਾਰੀਆਂ ਉਦਾਹਰਣਾਂ ਹਨ ਕਿ ਜਦੋਂ ਰਾਜਨੀਤਕ ਦਲਾਂ ਨੇ ਆਪਣੇ ਕੋਲ ਲੋੜੀਂਦਾ ਬਹੁਮਤ ਨਾ ਹੋਣ ਦੀ ਸੂਰਤ ਵਿਚ ਬਾਹਰੋਂ ਬਹੁਮਤ ਜੁਟਾਉਣ ਵਾਸਤੇ ਪੈਸੇ, ਸੱਤਾ ਤੇ ਦਬਾਅ ਦੀ ਖੇਡ ਖੇਡੀ ਹੈ। ਝਾਰਖੰਡ ਦੇ ਕਈ ਐਮਪੀਜ਼ ਅਜਿਹੇ ਹੀ ਦੋਸ਼ਾਂ ਵਿਚ ਘਿਰ ਕੇ ਅਦਾਲਤਾ ਦੇ ਚੱਕਰ ਵੀ ਕੱਟਦੇ ਰਹੇ ਹਨ। ਸੱਤਾ ਦੇ ਲਾਲਚ ਵਿਚ ਵਿਧਾਇਕਾਂ ਦੀ ਖਰੀਦੋ ਫਰੋਖਤ ਅਤੇ ਸਿਆਸੀ ਦਬਾਅ ਨਾਲ ਜੋੜ ਤੋੜ ਕਰਨ ਦੀ ਕੋਈ ਵੀ ਕਾਰਵਾਈ ਕਿਸੇ ਵੀ ਜਮਹੂਰੀ ਨਿਜ਼ਾਮ ਦੀ ਆਤਮਾ ਨੂੰ ਮਾਰ ਦੇਣ ਵਰਗੀ ਹੁੰਦੀ ਹੈ। ਕਰਨਾਟਕ ਦੇ ਰਾਜਪਾਲ ਦੇ ਮੋਢਿਆਂ ਉਤੇ ਆਪਣੇ ਰਾਜ ਵਿਚ ਜਮਹੂਰੀਅਤ ਦੀ ਸ਼ਾਖ ਨੂੰ ਕੋਈ ਜ਼ਰਬ ਆਉਣ ਤੋਂ ਬਚਾ ਕੇ ਲੋਕ ਫਤਵੇ ਤੇ ਸੰਵਿਧਾਨਕ ਮਾਨਤਾਵਾਂ ਮੁਤਾਬਕ ਨਵੀਂ ਸਰਕਾਰ ਦੇ ਗਠਨ ਲਈ ਰਾਹ ਪੱਧਰਾ ਕਰਨ ਦੀ ਵੱਡੀ ਜ਼ਿੰਮੇਵਾਰੀ ਹੈ। ਪੂਰੇ ਦੇਸ਼ ਦੀਆਂ ਨਜ਼ਰਾਂ ਉਸ ਉਤੇ ਹਨ। ਕਰਨਾਟਕ ਵਿਚ ਕਿਸੇ ਵੀ ਅਜਿਹੀ ਰਾਜਨੀਤਕ ਸਥਿਤੀ ਨੂੰ ਪੈਦਾ ਹੋਣ ਤੋਂ ਰੋਕਣਾ ਹੋਵੇਗਾ ਜੋ ਸੱਤਾ ਹਾਸਲ ਕਰਨ ਵਾਸਤੇ ਗੈਰ ਲੋਕਤੰਤਰੀ ਕਾਰਵਾਈਆ ਹੋਣ ਦੇਣ ਦੇ ਰਾਹ ਖੋਲ੍ਹਦੀ ਹੋਵੇ। ਸੀਟਾਂ ਜਿੱਤਣ ਦੇ ਨਜ਼ਰੀਏ ਤੋਂ ਸਾਡੀ ਲੋਕਤੰਤਰੀ ਪ੍ਰਣਾਲੀ ਦੀਆਂ ਸੰਵਿਧਾਨਕ ਵਿਵਸਥਾਵਾਂ ਮੁਤਾਬਕ ਭਾਜਪਾ ਸਭ ਤੋਂ ਵੱਡੀ ਪਾਰਟੀ ਬਣੀ ਹੈ ਜਦਕਿ ਵੋਟ ਪ੍ਰਤੀਸ਼ਤ ਦੇ ਮਾਮਲੇ ਵਿਚ ਉਹ 36.2× ਵੋਟਾਂ ਨਾਲ ਕਾਂਗਰਸ ਤੋਂ ਕਾਫੀ ਪਿੱਛੇ ਹੈ। ਕਾਂਗਰਸ ਦਾ ਵੋਟ ਹਿੱਸਾ ਭਾਜਪਾ ਤੋਂ ਵੱਧ ਰਿਹਾ 37.9× ਹੈ। ਸਪੱਸ਼ਟ ਬਹੁਮਤ ਹੋਣ ਦੀ ਸੂਰਤ ਵਿਚ ਵੋਟ ਪਤੀਸ਼ਤਤਾ ਵਾਲੇ ਅੰਕੜੇ ਮਹਿਜ਼ ਗਿਣਤੀਆਂ ਮਿਣਤੀਆਂ ਜੋਗੇ ਹੀ ਹੁੰਦੇ ਹਨ ਪਰ ਹੁਣ ਵਰਗੇ ਵਿਸ਼ੇਸ਼ ਹਾਲਾਤ ਵਿਚ ਜਦੋਂ ਰਾਜਪਾਲ ਨੇ ਲੋਕ ਫਤਵੇ ਦੇ ਨਜ਼ਰੀਏ ਤੋਂ ਸਹੀ ਫੈਸਲਾ ਲੈਣ ਦਾ ਕਾਰਜ ਕਰਨਾ ਹੈ, ਤਾਂ ਸੰਵਿਧਾਨਕ ਮਾਹਰਾਂ ਦੁਆਰਾ ਵੋਟ ਪ੍ਰਤੀਸ਼ਤਤਾ ਵਿਚਲੀ ਭਾਗੀਦਾਰੀ ਨੂੰ ਵੀ ਸਾਹਮਣੇ ਰੱਖ ਕੇ ਫੈਸਲਾ ਲੈਣ ਦੀ ਵਕਾਲਤ ਕੀਤੀ ਜਾ ਰਹੀ ਹੈ। ਕਰਨਾਟਕ ਇਸ ਸਮੇਂ ਦੇਸ਼ ਦੇ 10 ਉਨ੍ਹਾਂ ਰਾਜਾਂ ਵਿਚ ਗਿਣਿਆ ਜਾਂਦਾ ਹੈ ਜੋ ਵਿਕਾਸ ਦੀ ਡਗਰ ਤੇ ਸਰਪਟ ਦੌੜ ਰਹੇ ਹਨ। ਇਸ ਕਰਕੇ ਰਾਜ ਵਿਚ ਸਿਆਸੀ ਅਸਥਿਰਤਾ ਦਾ ਮਾਹੌਲ ਨਹੀਂ ਰਹਿਣਾ ਚਾਹੀਦਾ। ਵਿਸ਼ਵ ਬੈਂਕ ਵਲੋਂ ਵੀ ਇਸ ਸੂਬੇ ਨੂੰ ਨਿਵੇਸ਼ ਵਾਸਤੇ ਦੇਸ਼ ਦੇ 10 ਸਭ ਤੋਂ ਚੰਗੇ ਸੂਬਿਆਂ ਵਿਚ ਗਿਣਿਆ ਗਿਆ ਹੈ। ਮੌਜੂਦਾ ਹਾਲਾਤ ਵਿਚ ਇਕ ਟਿਕਾਊ ਤੇ ਲੋਕਾਂ ਦੇ ਭਰੋਸੇ ਵਾਲੀ ਸਰਕਾਰ ਦਾ ਗਠਨ ਕਰਨਾਟਕ ਦੇ ਉਜਵਲ ਭਵਿੱਖ ਨਾਲ ਵੀ ਜੁੜਿਆ ਹੋਇਆ ਹੈ।

ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਹੋਣ ਦਾ ਦਮ ਭਰਨ ਵਾਲੇ ਦੇਸ਼ ਵਾਸਤੇ ਇਹ ਬਹੁਤ ਜਰੂਰੀ ਹੈ ਕਿ ਉਸਦੇ ਕਿਸੇ ਰਾਜ ਜਾਂ ਕੋਨੇ ਵਿਚ ਅਜਿਹਾ ਕੁਝ ਨਾ ਵਾਪਰੇ ਜੋ ਜਮਹੂਰੀ ਨਿਜ਼ਾਮ ਨੂੰ ਢਾਹ ਲਾਉਣ ਵਾਲਾ ਹੋਵੇ। ਸਾਡੀਆਂ ਬਹੁਤੀਆਂ ਰਾਜਨੀਤਕ ਪਾਰਟੀਆਂ ਦਾ ਖਾਸਾ ਕਿਸੇ ਵੀ ਜਾਇਜ਼ ਨਜਾਇਜ਼ ਢੰਗ ਨਾਲ ਸੱਤਾ ਹਾਸਲ ਕਰਨਾ ਵੀ ਰਿਹਾ ਹੈ। ਥੋੜਾ ਸਮਾਂ ਪਹਿਲਾਂ ਗੋਆ ਅਤੇ ਉਤਰ ਪੂਰਬੀ ਰਾਜ ਮੇਘਾਲਿਆ ਵਿਚ ਵੀ ਸੱਤਾ ਹਾਸਲ ਕਰਨ ਦੀ ਖੇਡ ਵਿਚ ਲੋਕਤੰਤਰੀ ਤੌਰ ਤਰੀਕਿਆਂ ਦੀ ਖੇਹ ਉਡਾਈ ਗਈ ਸੀ। ਅਜਿਹਾ ਕਰਕੇ ਅਸੀਂ ਦੁਨੀਆ ਸਾਹਮਣੇ ਆਪਣੇ ਦੇਸ਼ ਦਾ ਨਾਮ ਤਾ ਸ਼ਰਮਿੰਦਾ ਕਰਦੇ ਹੀ ਹਾਂ, ਨਾਲ ਹੀ ਲੋਕਤੰਤਰ ਦੀਆਂ ਜੜ੍ਹਾ ਵੀ ਖੋਖਲੀਆਂ ਕਰ ਰਹੇ ਹੁੰਦੇ ਹਾਂ। ਕਰਨਾਟਕ ਵਿਚ ਵੀ ਸੱਤਾ ਨੂੰ ਹਾਸਲ ਕਰਨ ਵਾਸਤੇ ਸ਼ਤਰੰਜ ਵਾਲਾ ਅਜਿਹਾ ਹੀ ‘ਸਹਿ ਤੇ ਮਾਤ ” ਦਾ ਖੇਲ ਸ਼ੁਰੂ ਹੋ ਗਿਆ ਹੈ। ਅਜਿਹੇ ਹਾਲਾਤ ਵਿਚ ਲੋਕਤੰਤਰ ਦੀ ਸ਼ਾਖ ਨੂੰ ਬਚਾਉਣ ਦਾ ਦਾਰੋਮਦਾਰ ਰਾਜਪਾਲ ਸਮੇਤ ਦੂਜੀਆਂ ਸਾਰੀਆਂ ਸੰਵਿਧਾਨਕ ਸੰਸਥਾਵਾਂ ਉਤੇ ਹੈ। ਇਸੇ ਸਾਲ ਵਿਚ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਵੀ ਚੋਣਾਂ ਹੋਣ ਜਾ ਰਹੀਆਂ ਹਨ। ਕਰਨਾਟਕ ਦੇ ਚੋਣ ਨਤੀਜਿਆਂ ਦੇ ਨਾਲ ਇਥੇ ਸਰਕਾਰ ਦੇ ਗਠਨ ਵਿਚ ਵਰਤੀ ਜਾਣ ਵਾਲੀ ਪਾਰਦਰਸ਼ਤਾ ਦਾ ਪ੍ਰਭਾਵ ਵੀ ਇਨ੍ਹਾਂ ਰਾਜਾਂ ‘ਤੇ ਪਵੇਗਾ। ਦੇਸ਼ ਦੇ ਲੋਕ ਸਮੇਂ ਸਮੇਂ ਉਤੇ ਵੱਖ ਵੱਖ ਰਾਜਨੀਤਕ ਪਾਰਟੀਆਂ ਬਾਰੇ ਆਪਣਾ ਫਤਵਾ ਬਦਲ-ਬਦਲ ਕੇ ਦਿੰਦੇ ਰਹੇ ਹਨ। ਜਿਥੋਂ ਤਕ ਲੋਕਤੰਤਰ ਦੀ ਆਭਾ ਦਾ ਸਵਾਲ ਹੈ, ਸਾਡੇ ਦੇਸ਼ ਨੇ ਬੀਤੇ ਵਿਚ ਇਸ ਮਾਮਲੇ ਚ ਬਹੁਤ ਸਾਰੀਆਂ ਗਲਤੀਆਂ ਕੀਤੀਆਂ ਹਨ। ਕਰਨਾਟਕ ਵਿਚ ਜਿਸ ਤਰ੍ਹਾਂ ਦੇ ਹਾਲਾਤ ਇਸ ਸਮੇਂ ਬਣੇ ਹੋਏ ਹਨ, ਉਹ ਕਾਫੀ ਸੰਜੀਦਾ ਹਨ। ਆਸ ਕਰ ਸਕਦੇ ਹਾ ਕਿ ਬੀਤੇ ਦੀਆਂ ਗਲਤੀਆਂ ਤੋਂ ਸਬਕ ਲੈਂਦੇ ਹੋਏ ਸਾਡੇ ਹੁਕਮਰਾਨ ਅਤੇ ਸਿਆਸਤਦਾਨ ਕਰਨਾਟਕ ਵਿਚ ਸੰਵਿਧਾਨਕ ਪਰੰਪਰਾਵਾਂ ਅਤੇ ਵਿਵਸਥਾ ਦਾ ਪਾਲਣ ਕਰਨਗੇ।

# ਸਿਲੇਬਸ ਦਾ ਮੁੱਦਾ: ਕਿਸੇ ਵੀ ਧਿਰ ਦਾ ਦਾਮਨ ਸਾਫ਼ ਨਹੀਂ

**ਉਂਜ, ਇਸ ਸਾਰੇ ਵਰਤਾਰੇ ਵਿੱਚ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਪੰਥਕ ਹਲਕਿਆਂ ਦਾ ਵੀ ਦਾਮਨ ਸਾਫ਼ ਨਹੀਂ ਹੈ ਕਿਉਂਕਿ ਜੇ ਉਨ੍ਹਾਂ ਨੂੰ ਵਿਦਿਆਰਥੀਆਂ ਅੰਦਰ ਇਤਿਹਾਸ ਦਾ ਜਜ਼ਬਾ ਪੈਦਾ ਕਰਨ ਦੀ ਕੋਈ ਰੀਝ ਹੈ ਤਾਂ ਫਿਰ ਉਨ੍ਹਾਂ ਦੀਆਂ ਸੰਸਥਾਵਾਂ ਦੇ ਬਹੁਤੇ ਸਕੂਲਾਂ ਵਿੱਚ ਸੀਬੀਐੱਸਈ ਦੇ ਸਿਲੇਬਸ ਨੂੰ ਹੀ ਕਿਉਂ ਤਰਜੀਹ ਦਿੱਤੀ ਜਾਂਦੀ ਹੈ ? ਸ਼੍ਰੋਮਣੀ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਸਿੱਖ ਆਗੂਆਂ ਵੱਲੋਂ ਚਲਾਏ ਜਾ ਰਹੇ ਹੋਰ ਕਈ ਸਕੂਲਾਂ ਵਿੱਚ ਵੀ ਸੀਬੀਐੱਸਈ ਦਾ ਹੀ ਸਿਲੇਬਸ ਕਿਉਂ ਲਾਗੂ ਹੈ ਜਿੱਥੇ ਸਿੱਖ ਇਤਿਹਾਸ ਦਾ ਨਾਮੋ-ਨਿਸ਼ਾਨ ਨਹੀਂ ਹੈ ਅਤੇ ਜਿਥੇ ਮਹਾਂਭਾਰਤ ਨੂੰ ‘ਸਮਾਜਿਕ ਇਤਿਹਾਸ’ ਦੇ ਵਰਗ ਵਿੱਚ ਰੱਖਿਆ ਗਿਆ ਹੈ ? ਸਿੱਖ ਆਗੂਆਂ ਦੇ ਜੇ ਸ਼ੱਤ-ਪ੍ਰਤੀਸ਼ੱਤ ਨਹੀਂ ਤਾਂ ਇਸ ਪ੍ਰਤੀਸ਼ੱਤ ਦੇ ਨੇੜੇ ਤੇੜੇ ਬਹੁਤੇ ਬੱਚੇ ਸੀਬੀਐੱਸਈ ਦੇ ਸਿਲੇਬਸ ਅਨੁਸਾਰ ਹੀ ਪੜ੍ਹਦੇ ਹਨ। ਫਿਰ ਇਹ ਸਿੱਖ ਆਗੂ ਸੀਬੀਐੱਸਈ ਦੇ ਸਿਲੇਬਸ ਵਿੱਚ ਪੰਜਾਬ ਦਾ ਇਤਿਹਾਸ ਸ਼ਾਮਿਲ ਕਰਨ ਦੀ ਆਵਾਜ਼ ਬੁਲੰਦ ਕਿਉਂ ਨਹੀਂ ਕਰਦੇ ? ਜੇ ਇਨ੍ਹਾਂ ਸਿੱਖ ਆਗੂਆਂ ਦੇ ਬੱਚੇ ਸੀਬੀਐੱਸਈ ਵਾਲੇ ਸਕੂਲਾਂ ਵਿੱਚ ਹੀ ਪੜ੍ਹਦੇ ਹਨ ਤਾਂ ਫਿਰ ਇਹ ਕਿਨ੍ਹਾਂ ਬੱਚਿਆਂ ਅੰਦਰ ਇਤਿਹਾਸ ਦੀ ਰੂਹ ਫੂਕਣ ਲਈ ਸੰਘਰਸ਼ ਕਰ ਰਹੇ ਸਨ ?**

**ਕਰਮਜੀਤ ਸਿੰਘ,**
ਸੀਨੀਅਰ ਪੱਤਰਕਾਰ
(ਸੰਪਰਕ: 99150-91063)

ਗੱਲ ਵਿੱਚੋਂ ਕੁਝ ਵੀ ਨਹੀਂ ਸੀ। ਆਰੰਭ ਵਿੱਚ ਹੀ ਸੌਖਿਆਂ ਹੀ ਸੁਲਝਾਈ ਜਾ ਸਕਦੀ ਸੀ ਪਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਖ਼ੁਦ



ਉਲਝਾ ਦਿੱਤੀ ਗਈ ਜੋ ਆਪ ਇਤਿਹਾਸ ਵਿਸ਼ੇ ਦੇ ਨਾ ਕੇਵਲ ਕਦਰਦਾਨ ਹਨ ਸਗੋਂ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਇੱਕ ਅਹਿਮ ਦੌਰ ਉਤੇ ਚਰਚਿਤ ਪੁਸਤਕ ਵੀ ਲਿਖੀ ਹੈ। ਇਥੇ ਹੀ ਬਸ ਨਹੀਂ, ਉਨ੍ਹਾਂ ਨੂੰ ਇਤਿਹਾਸ ਦੇ ਸੰਕਲਪ ਅਤੇ ਇਸ ਦੀਆਂ ਬਾਰੀਕਬੀਨੀਆਂ ਦੀ ਵੀ ਸਮਝ ਹੈ। ਸ਼ੁਰੂ ਵਿੱਚ ਅਕਾਲੀ ਦਲ ਵੱਲੋਂ ਇਹ ਦੋਸ਼ ਲਾਇਆ ਗਿਆ ਸੀ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੇ ਇਤਿਹਾਸ ਦਾ ਸਿਲੇਬਸ ਨਾ ਕੇਵਲ ਗਿਆਰਵੀਂ ਜਮਾਤ ਵਿੱਚ ਲਿਆਂਦਾ ਤੇ ਘਟਾਇਆ ਵੀ ਗਿਆ ਹੈ, ਸਗੋਂ ਇਤਿਹਾਸਕ ਤੱਥਾਂ ਅਤੇ ਉਨ੍ਹਾਂ ਦੀ ਵਿਆਖਿਆ ਵਿੱਚ ਵੀ ਬੱਜਰ ਗਲਤੀਆਂ ਕੀਤੀਆਂ ਗਈਆਂ ਹਨ। ਇਥੇ ਹੀ ਮੁੱਖ ਮੰਤਰੀ ਨੂੰ ਚੌਕੰਨੇ ਹੋ ਜਾਣਾ ਚਾਹੀਦਾ ਸੀ। ਸਿਆਸੀ ਸ਼ਰੀਕ ਨੂੰ ਢੁੱਕਵਾਂ ਜਵਾਬ ਦੇਣ ਲਈ ਸਬਰ ਦੀ ਲੋੜ ਸੀ; ਕੱਪੜੇ ਨੂੰ 10 ਵਾਰ ਮਿਣ ਲੈਣ ਵਿੱਚ ਕੋਈ ਹਰਜ ਨਹੀਂ ਹੁੰਦਾ ਕਿਉਂਕਿ ਇਹ ਕੱਟਿਆ ਇੱਕ ਹੀ ਵਾਰ ਜਾ ਸਕਦਾ ਹੈ ਪਰ ਕੈਪਟਨ ਨੇ ਕਾਹਲੇ ਸਿਆਸਤਦਾਨ ਵਾਂਗ ਜਵਾਬ ਦਿੰਦਿਆਂ ਪੂਰੇ ਆਤਮ ਵਿਸ਼ਵਾਸ ਨਾਲ ਦਾਅਵਾ ਕਰ ਦਿੱਤਾ ਕਿ ਇਤਿਹਾਸ ਦੀ ਇੱਕ ਸਤਰ ਵੀ ਨਹੀਂ ਬਦਲੀ ਗਈ ਅਤੇ ਪਹਿਲੇ ਵਾਲਾ ਇਤਿਹਾਸ ਹੀ ਐੱਨਸੀਈਆਰਟੀ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰਖਦਿਆਂ ਬਾਰ੍ਹਵੀਂ ਜਮਾਤ ਤੋਂ ਚੁੱਕ ਕੇ ਗਿਆਰਵੀਂ ਜਮਾਤ ਵਿੱਚ ਲਿਆਂਦਾ ਗਿਆ ਹੈ। ਉਹ ਬੱਸ ਇਥੇ ਹੀ ਗ਼ਲਤੀ ਕਰ ਗਏ। ਉਨ੍ਹਾਂ ਇਹ ਜਾਨਣ ਦੀ ਕੋਸ਼ਿਸ਼ ਹੀ ਨਾ ਕੀਤੀ ਕਿ ਸਿਲੇਬਸ ਦੀ ਅਦਲਾ-ਬਦਲੀ ਪਿੱਛੇ ਗੰਭੀਰ ਕਾਰਨਾਂ ਅਤੇ ਇਤਿਹਾਸਕ ਤੱਥਾਂ ਵਿੱਚ ਹੋਈਆਂ ਗ਼ਲਤੀਆਂ ਦੀ ਜਾਂਚ ਆਪਣੇ ਸੁਤੰਤਰ ਸਰੋਤਾਂ ਰਾਹੀਂ ਕਰਵਾ ਲਈ ਜਾਵੇ। ਉਨ੍ਹਾਂ ਨੂੰ ਜਾਪਿਆ ਜਿਵੇਂ ਵਿਰੋਧੀ ਧਿਰ ਦਾ ਹਮਲਾ ਕੇਵਲ ਸੌੜੀ ਸਿਆਸਤ ਤੋਂ ਹੀ ਪ੍ਰੇਰਿਤ ਹੈ ਅਤੇ ਅਕਾਲੀ ਦਲ ਆਪਣੀ ਖੁਸ ਚੁੱਕੀ ਸਿਆਸੀ ਜ਼ਮੀਨ ਨੂੰ ਹਰ ਹਾਲਤ ਬਹਾਲ ਕਰਨ ਲਈ ਹੱਥ ਪੈਰ ਮਾਰ ਰਿਹਾ ਹੈ। ਇਉਂ ਮੁੱਖ ਮੰਤਰੀ ਨੇ ਇਤਿਹਾਸ ਵਰਗੇ ਨਾਜ਼ੁਕ ਵਿਸ਼ੇ ਦੇ ਮਾਪਦੰਡਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਸਿੱਖਿਆ ਬੋਰਡ ਦੀ ਅਫ਼ਸਰਸ਼ਾਹੀ ਉਤੇ ਮੁਕੰਮਲ ਭਰੋਸਾ ਕਰ ਲਿਆ ਜਿਨ੍ਹਾਂ ਨੇ ਤਸਵੀਰ ਦਾ ਇੱਕ ਪਾਸਾ ਹੀ ਉਨ੍ਹਾਂ ਨੂੰ ਦਿਖਾਇਆ ਅਤੇ ਬਰੀਕ ਸੱਚ ਦੇ ਕੁਝ ਹਿੱਸਿਆਂ ਨੂੰ ਲੁਕੋ ਕੇ ਰੱਖਿਆ ਜਾਂ ਧੁੰਦਲਾ




ਕਰ ਕੇ ਪੇਸ਼ ਕੀਤਾ ਜਾਂ ਉਨ੍ਹਾਂ ਦੀ ਅਹਿਮੀਅਤ ਹੀ ਨਾ ਸਮਝੀ।

ਇਸ ਵਾਰ ਵਿਰੋਧੀ ਧਿਰ ਵੱਲੋਂ ਪੇਸ਼ ਮੁੱਦੇ ਵਿੱਚ ਜਾਨ ਵੀ ਸੀ ਤੇ ਵਜ਼ਨ ਵੀ ਸੀ। ਬਿਨਾਂ ਸ਼ੱਕ ਬਾਰ੍ਹਵੀਂ ਜਮਾਤ ਦੀ ਕਿਤਾਬ ਵਿੱਚ ਤਰੁੱਟੀਆਂ ਵੀ ਸਨ ਅਤੇ ਬੇਜਾਨ ਵਿਆਖਿਆ ਵੀ ਸੀ। ਗਿਆਰਵੀਂ ਜਮਾਤ ਦੀ ਕਿਤਾਬ ਤਾਂ ਅਜੇ ਛਪੀ ਨਹੀਂ ਸੀ, ਲੇਕਿਨ ਉਸ ਕਿਤਾਬ ਬਾਰੇ ਵੀ ਬਿਨਾਂ ਦੇਖੇ ਪੜ੍ਹੇ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਦੇ ਅੰਬਾਰ ਲਗਾ ਦਿੱਤੇ ਗਏ। ਇਸ ਦੌੜ ਵਿੱਚ ਨਿੱਕੇ ਵੱਡੇ ਸਾਰੇ ਆਗੂ ਸ਼ਾਮਿਲ ਹੋ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਵੀ ਮੈਦਾਨ ਵਿੱਚ ਉੱਤਰ ਆਈ। ਹੁਣ ਅਕਾਲੀ ਦਲ ਨੂੰ ਦੋਹਰਾ ਫਾਇਦਾ ਹੋ ਰਿਹਾ ਸੀ: ਸ਼ਾਹਕੋਟ ਦੀ ਜ਼ਿਮਨੀ ਚੋਣ ਵਿੱਚ ਇਸ ਮੁੱਦੇ ਨੂੰ ਆਧਾਰ ਬਣਾ ਕੇ ਉਹ ਮਾਹੌਲ ਨੂੰ ਆਪਣੇ ਹੱਕ ਵਿੱਚ ਪਲਟ ਸਕਦੇ ਸਨ। ਹਾਲਤ ਇਹ ਬਣ ਗਈ ਸੀ ਕਿ ਸੌੜੀ ਸਿਆਸਤ ਅਗਵਾਈ ਕਰ ਰਹੀ ਸੀ ਪਰ ਕਰ ਰਹੀ ਸੀ ਇਤਿਹਾਸ ਦਾ ਮੋਢਾ ਵਰਤ ਕੇ। ਇਤਿਹਾਸ ਰੱਥ ਸੀ ਅਤੇ ਸਿਆਸਤ ਰਥਵਾਨ ਬਣ ਰਹੀ ਸੀ। ਕੈਪਟਨ ਨੂੰ ਇਹ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਇਸ ਮੁੱਦੇ ‘ਤੇ ਕੂਟਨੀਤਿਕ ਸਿਆਸਤ ਦੀ ਦੌੜ ਵਿੱਚ ਅਕਾਲੀ ਦਲ ਉਨ੍ਹਾਂ ਨਾਲੋਂ ਕਾਫ਼ੀ ਅੱਗੇ ਨਿਕਲ ਗਿਆ ਸੀ। ਦੂਜੇ ਪਾਸੇ ਨਾ ਚਾਹੁੰਦਿਆਂ ਹੋਇਆਂ ਵੀ ਆਮ ਆਦਮੀ ਪਾਰਟੀ ਦੀ ਸਿਆਸੀ ਤਾਕਤ ਵੀ ਅਕਾਲੀ ਦਲ ਦੇ ਖਾਤੇ ਵਿੱਚ ਹੀ ਜਮ੍ਹਾ ਹੋ ਰਹੀ ਸੀ। ਕੈਪਟਨ ਅਤੇ ਕਾਂਗਰਸ ਪਾਰਟੀ ਪਿਛਲੇ ਸਾਲ ਹੋਈਆਂ ਅਸੈਂਬਲੀ ਚੋਣਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਪਿੱਛੋਂ ਅਕਾਲੀ ਆਗੂਆਂ ਨੂੰ ਹਾਰੇ ਹੋਏ ਭਲਵਾਨ ਕਹਿ ਕੇ ਅਕਾਲੀ ਦਲ ਦੀ ਅੰਦਰਲੀ ਤਾਕਤ ਤੋਂ ਅੱਖਾਂ ਮੀਟ ਰਹੀ ਸੀ। ਉਹ ਇਹ ਨਹੀਂ ਸਨ ਜਾਣਦੇ ਕਿ ਉਹ ਹਾਰੇ ਹੋਏ ਭਲਵਾਨ ਤਾਂ ਜ਼ਰੂਰ ਹਨ ਪਰ ਉਨ੍ਹਾਂ ਨੇ ਘੁਲਣਾ ਅਜੇ ਛੱਡਿਆ ਨਹੀਂ ਸੀ। ਉਨ੍ਹਾਂ ਦਾ ਪਿਛਲਾ ਸ਼ਾਨਾਮੱਤਾ ਇਤਿਹਾਸ ਅਜੇ ਵੀ ਉਨ੍ਹਾਂ ਦੀ ਅਗਵਾਈ ਕਰ ਰਿਹਾ ਸੀ।

ਸਮੁੱਚੇ ਹਾਲਾਤ ਨੇ ਉਸ ਸਮੇਂ ਫ਼ੈਸਲਾਕੁਨ ਮੋੜ ਲੈ ਲਿਆ ਜਦੋਂ ਵਿਦਵਾਨ ਅਤੇ ਇਤਿਹਾਸਕਾਰ ਵੀ ਮੈਦਾਨ ਵਿੱਚ ਆ ਉੱਤਰੇ ਅਤੇ ਉਨ੍ਹਾਂ ਅਜਿਹੇ ਤੱਥ ਸਾਹਮਣੇ ਲਿਆਂਦੇ ਜੋ ਨਜ਼ਰਅੰਦਾਜ਼ ਕਰਨੇ ਔਖੇ ਹੋ ਗਏ। ਇੰਜ ਅਕਾਲੀ ਦਲ ਦਾ ਪਲੜਾ ਹੋਰ ਭਾਰੀ ਹੋ ਰਿਹਾ ਸੀ, ਹਾਲਾਂਕਿ ਵਿਦਵਾਨਾਂ ਨੇ ਇਹ ਗੱਲ ਵੀ ਸਪੱਸ਼ਟ ਕੀਤੀ ਸੀ ਕਿ ਇਤਿਹਾਸ ਦੀ ਪੁਸਤਕ ਵਿੱਚ ਹੋਈਆਂ ਬੱਜਰ ਗ਼ਲਤੀਆਂ ਦੇ ਦੌਰ ਦਾ ਅਸਲ ਉਦਘਾਟਨ ਅਕਾਲੀ-ਭਾਜਪਾ ਸਰਕਾਰ ਸਮੇਂ ਹੀ ਹੋ ਗਿਆ ਸੀ। ਫਿਰ ਅਚਾਨਕ ਕੈਪਟਨ ਨੇ ਐਲਾਨ ਕਰ ਕੇ ਅਸਿੱਧੇ ਰੂਪ ਵਿੱਚ ਇਹ ਗੱਲ ਸਵੀਕਾਰ ਕਰ ਲਈ ਕਿ ਜੇ ਗ਼ਲਤੀਆਂ ਹੋਈਆਂ ਹਨ, ਉਹ ਠੀਕ ਕਰ ਲਈਆਂ ਜਾਣਗੀਆਂ, ਇਸ ਬਾਰੇ ਕਮੇਟੀ ਵੀ ਬਣਾਈ ਜਾ ਸਕਦੀ ਹੈ। ਸਿੱਖਿਆ ਮੰਤਰੀ ਸਮੇਤ ਤਿੰਨ ਮੰਤਰੀਆਂ ਨੇ ਵਿਸ਼ੇਸ਼ ਕਾਨਫਰੰਸ ਕਰ ਕੇ ਵੀ ਗ਼ਲਤੀਆਂ ਸਵੀਕਾਰ ਲਈਆਂ ਪਰ ਕੈਪਟਨ ‘ਜੇ’ ਅਤੇ ਕਮੇਟੀਆਂ ਕਾਇਮ ਕਰਨ ਦੇ ਭਰੋਸੇ ਵਿੱਚ ਅਜੇ ਵੀ ਕਈ ਸ਼ੱਕ-ਸ਼ੁਬ੍ਹੇ ਮੌਜੂਦ ਸਨ। ਅਗਲੇ ਪੜਾਅ ਵਿੱਚ ਉਨ੍ਹਾਂ ਨੇ ਛੇ ਮੈਂਬਰੀ ਕਮੇਟੀ ਕਾਇਮ ਕਰਨ ਦਾ ਐਲਾਨ ਕਰ ਦਿੱਤਾ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਦੋ ਮੈਂਬਰ ਵੀ ਸ਼ਾਮਿਲ ਕਰ ਲਏ। ਆਖਰੀ ਪੜਾਅ ਵਿੱਚ ਮੁੱਖ ਮੰਤਰੀ ਨੇ ਬਾਰ੍ਹਵੀਂ ਜਮਾਤ ਦੀ ਕਿਤਾਬ ਨੂੰ ਰਿਲੀਜ਼ ਕਰਨ ਉਤੇ ਰੋਕ ਲਾ ਕੇ ਇਸ ਗੱਲ ਨੂੰ ਸਵੀਕਾਰ ਕਰ ਲਿਆ ਕਿ ਇਤਿਹਾਸ ਦੀਆਂ ਕਿਤਾਬਾਂ ਵਿੱਚ ਵੱਡੀ ਗੜਬੜ ਹੈ। ਉਨ੍ਹਾਂ ਦੇ ਆਪਣੇ ਸੂਬੇ ਦੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਮਾਜ ਵਿਗਿਆਨ ਦੇ ਸੀਨੀਅਰ ਪ੍ਰੋਫ਼ੈਸਰ ਅਤੇ ਉਨ੍ਹਾਂ ਦੀ ਬੌਧਿਕ ਟੀਮ ਨੇ ਠੋਸ ਤੱਥਾਂ ਦੇ ਹਵਾਲੇ ਨਾਲ ਗੰਭੀਰ ਗ਼ਲਤੀਆਂ ਦੇ ਸਬੂਤ ਵੀ ਪੇਸ਼ ਕੀਤੇ ਅਤੇ ਨਾਲ ਹੀ ਸਿਲੇਬਸ ਦੀ ਸਮੱਗਰੀ ਦੇ ਮਿਆਰ ਤੇ ਪੇਸ਼ਕਾਰੀ ਉਤੇ ਵੀ ਸਵਾਲ ਖੜ੍ਹੇ ਕਰ ਦਿੱਤੇ। ਨਵੀਂ ਕਿਤਾਬ ਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਸਿੱਖਿਆ ਬੋਰਡ ਦੀ ਇਤਿਹਾਸਕ ਨਜ਼ਰ ਸਿੱਖ-ਯਾਦ ਦੀਆਂ ਬਹੁ-ਪਰਤਾਂ ਤੇ ਬਹੁ-ਦਿਸ਼ਾਵਾਂ ਦੇਖਣ ਦੇ ਸਮਰੱਥ ਨਹੀਂ ਸੀ। ਇਹ ਜ਼ਿੰਦਾਦਿਲ ਤੱਥ ਵੀ ਉਨ੍ਹਾਂ ਦੀ ਸਮਝ ਵਿੱਚ ਸ਼ਾਮਿਲ ਨਹੀਂ ਸੀ ਕਿ ਸਿੱਖ ਇਤਿਹਾਸ ਦੀਆਂ ਯਾਦਾਂ ਕੇਵਲ ਸਿੱਖਾਂ ਲਈ ਹੀ ਪ੍ਰੇਰਨਾ ਸਰੋਤ ਨਹੀਂ ਸਗੋਂ ਇਹ ਮੁਲਕ ਅਤੇ ਸੰਸਾਰ ਦੀਆਂ ਕੌਮਾਂ ਦਾ ਜਗਦਾ-ਮਘਦਾ ਪ੍ਰਤੀਕ ਹੈ। ਇਸ ਲਈ ਇਤਿਹਾਸਕ ਤੱਥਾਂ ਦੇ ਆਪਸ ਵਿੱਚ ਜੋ ਅੰਤਰ-ਸਬੰਧ ਹੁੰਦੇ ਹਨ, ਉਹ ਬਾਰ੍ਹਵੀਂ ਦੀ ਇਸ ਕਿਤਾਬ ਪੜ੍ਹਨ ਲੱਗਿਆਂ ਵਿਦਿਆਰਥੀਆਂ ਨੂੰ ਵੱਡੀ ਰੌਸ਼ਨੀ ਨਹੀਂ ਦਿੰਦੇ।

ਉਂਜ, ਇਸ ਸਾਰੇ ਵਰਤਾਰੇ ਵਿੱਚ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਪੰਥਕ ਹਲਕਿਆਂ ਦਾ ਵੀ ਦਾਮਨ ਸਾਫ਼ ਨਹੀਂ ਹੈ ਕਿਉਂਕਿ ਜੇ ਉਨ੍ਹਾਂ ਨੂੰ ਵਿਦਿਆਰਥੀਆਂ ਅੰਦਰ ਇਤਿਹਾਸ ਦਾ ਜਜ਼ਬਾ ਪੈਦਾ ਕਰਨ ਦੀ ਕੋਈ ਰੀਝ ਹੈ ਤਾਂ ਫਿਰ ਉਨ੍ਹਾਂ ਦੀਆਂ ਸੰਸਥਾਵਾਂ ਦੇ ਬਹੁਤੇ ਸਕੂਲਾਂ ਵਿੱਚ ਸੀਬੀਐੱਸਈ ਦੇ ਸਿਲੇਬਸ ਨੂੰ ਹੀ ਕਿਉਂ

ਬਾਕੀ ਸਫ਼ਾ 28 ’ਤੇ

# ਭਾਰਤ ਤੇ ਅਮਰੀਕਾ ਦੀ ਜਮਹੂਰੀਅਤ: ਕੁਝ ਅਹਿਮ ਸਵਾਲ

**ਕੇ ਸੀ ਸਿੰਘ,**
ਲੇਖਕ ਭਾਰਤੀ ਵਿਦੇਸ਼ ਮੰਤਰਾਲੇ ਵਿੱਚ ਸਕੱਤਰ ਰਹਿ ਚੁੱਕਾ ਹੈ।

ਇਸ ਵਾਰ ਦਾ ਕਾਲਮ ਸੰਸਾਰ ਦੀ ਵਿੱਤੀ ਰਾਜਧਾਨੀ ਨਿਊ ਯਾਰਕ ਤੋਂ ਲਿਖਿਆ ਗਿਆ ਹੈ। ਇੱਥੋਂ ਸੰਸਾਰ ਵਿੱਚ ਕਈ ਤਬਦੀਲੀਆਂ ਦਿਖਾਈ ਦਿੰਦੀਆਂ ਹਨ। ਭਾਰਤ ਲਈ ਹੁਣ ਗਣਰਾਜ ਦੀ ਖ਼ਸਲਤ ਦਾ ਫ਼ੈਸਲਾ ਕਰਨ ਦਾ ਵੇਲਾ ਹੈ, ਭਾਵ ਸੰਨ 1950 'ਚ ਸਾਡੇ ਦੂਰਦਰਸ਼ੀ ਪੁਰਖਿਆਂ ਦੇ ਹਿਸਾਬ ਨਾਲ ਚੱਲਣਾ ਹੈ ਜਾਂ ਹਿੰਦੂਤਵ ਦੇ ਆਧਾਰ 'ਤੇ ਧਾਰਮਿਕ ਬਹੁਗਿਣਤੀ ਮੁਤਾਬਿਕ। ਇਸ ਫ਼ੈਸਲੇ 'ਚ ਅਹਿਮ ਮੀਲ-ਪੱਥਰ ਕਰਨਾਟਕ ਦੀ ਚੋਣ ਹੋ ਸਕਦੀ ਹੈ।

ਅਮਰੀਕੀ ਟੈਲੀਵਿਜ਼ਨ ਦੋ ਮੁੱਦਿਆਂ 'ਤੇ ਡਟਿਆ ਹੋਇਆ ਹੈ। ਇੱਕ ਤਾਂ ਹੈ ਰਾਸ਼ਟਰਪਤੀ ਡੋਨਲਡ ਟਰੰਪ ਦੀ ਕਦੇ ਨਾ ਮੁੱਕਣ ਵਾਲੀ ਰੰਗੀਨ ਮਿਜ਼ਾਜੀ ਅਤੇ ਰਾਸ਼ਟਰਪਤੀ ਚੋਣ ਵਿੱਚ ਰੂਸੀ ਦਖ਼ਲ ਦੀ ਮੁਏਲਰ ਵੱਲੋਂ ਕੀਤੀ ਜਾ ਰਹੀ ਜਾਂਚ। ਦੂਜਾ ਮੁੱਦਾ ਜੋ ਕੌਮਾਂਤਰੀ ਪੱਧਰ 'ਤੇ ਵਧੇਰੇ ਅਹਿਮ ਹੈ, ਟਰੰਪ ਵੱਲੋਂ ਇਰਾਨੀ ਪਰਮਾਣੂ ਸਮਝੌਤੇ ਵਿੱਚੋਂ ਅਮਰੀਕਾ ਦੇ ਬਾਹਰ ਨਿੱਕਲਣ ਦੇ ਐਲਾਨ ਬਾਰੇ ਹੈ। ਇਸ ਐਲਾਨ ਨਾਲ ਜਿੱਥੇ ਤੇਲ ਕੀਮਤਾਂ ਵਧਣਗੀਆਂ, ਉੱਥੇ ਭਾਰਤ-ਇਰਾਨ ਦੁਵੱਲੇ ਵਪਾਰ ਤੇ ਇਰਾਨ ਤੋਂ ਤੇਲ ਦੀਆਂ ਖ਼ਰੀਦਦਾਰੀਆਂ ਪੇਚੀਦਾ ਹੋਣਗੀਆਂ। ਉਂਜ, ਇਸ ਵੇਲੇ ਭਾਰਤ ਤੇ ਅਮਰੀਕਾ ਦੀ ਸਿਆਸਤ ਵਿਚ ਇਕ ਖ਼ਾਸ ਸਮਾਨਤਾ ਦਿਖਾਈ ਦਿੰਦੀ ਹੈ। ਮਸਲਨ, ਟਰੰਪ ਦੇ ਸਮਰਥਕਾਂ ਅਤੇ ਵਿਰੋਧੀਆਂ ਵਿਚਾਲੇ ਧਰੁਵੀਕਰਨ ਓਨਾ ਹੀ ਜ਼ਿਆਦਾ ਤੇ ਜ਼ਹਿਰੀਲਾ ਹੈ, ਜਿੰਨਾ ਨਰਿੰਦਰ ਮੋਦੀ ਦੇ ਮਾਮਲੇ 'ਚ ਹੋ ਰਿਹਾ ਹੈ। ਦੋਹਾਂ ਆਗੂਆਂ ਨੂੰ ਅਹਿਮ ਚੋਣਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕਾ 'ਚ ਸਮੁੱਚੀ ਕਾਂਗਰਸ ਅਤੇ ਸੈਨੇਟ ਦੀਆਂ ਇੱਕ-ਤਿਹਾਈ ਚੋਣਾਂ ਨਵੰਬਰ ਮਹੀਨੇ ਹੋਣੀਆਂ ਹਨ। ਸੈਨੇਟ 'ਚ ਰਿਪਬਲਿਕਨਾਂ ਦੀ ਬਹੁਗਿਣਤੀ ਇਸ ਵੇਲੇ 51-49 ਦੇ ਫ਼ਰਕ ਨਾਲ ਹੈ (2 ਡੈਮੋਕਰੈਟਸ ਆਜ਼ਾਦ ਬਣ ਗਏ ਹਨ)। ਕੋਈ ਰੱਤੀ ਭਰ ਨੁਕਸਾਨ ਟਰੰਪ ਦੇ ਸਿਆਸੀ ਦ੍ਰਿਸ਼ 'ਚ ਨਾਂਹ-ਪੱਖੀ ਤਬਦੀਲੀ ਲਿਆ ਸਕਦਾ ਹੈ। ਰਿਪਬਲਿਕਨ ਪਾਰਟੀ ਦੇ ਨਰਮ-ਖ਼ਿਆਲ ਆਗੂ ਤੇ ਸੈਨੇਟਰ ਜੌਹਨ ਮੈਕੇਨ ਬਿਮਾਰ ਹਨ। ਉਨ੍ਹਾਂ ਨੂੰ ਦਿਮਾਗ਼ ਦਾ ਕੈਂਸਰ ਹੈ ਤੇ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਜੇ ਉਨ੍ਹਾਂ ਦਾ ਦੇਹਾਂਤ ਜੂਨ ਤੋਂ ਪਹਿਲਾਂ ਹੋ ਜਾਂਦਾ ਹੈ, ਤਾਂ ਉਨ੍ਹਾਂ ਦੀ ਸੀਟ ਲਈ ਵੀ ਚੋਣ ਹੋਵੇਗੀ। ਮੈਕੇਨ ਇਹ ਬਿਆਨ ਦੇ ਚੁੱਕੇ ਹਨ ਕਿ ਉਨ੍ਹਾਂ ਦੇ ਜਨਾਜ਼ੇ 'ਚ ਟਰੰਪ ਨੂੰ ਸ਼ਿਰਕਤ ਕਰਨ ਦੀ ਕੋਈ ਜ਼ਰੂਰਤ ਨਹੀਂ, ਉਂਜ ਉਨ੍ਹਾਂ ਆਪਣੇ ਦੋਸਤ ਉੱਪ ਰਾਸ਼ਟਰਪਤੀ ਮਾਈਕ ਪੈਂਸ ਬਾਰੇ ਕਿਹਾ ਹੈ ਕਿ ਉਹ ਉਸ ਮੌਕੇ ਹਾਜ਼ਰ ਰਹਿ ਸਕਦੇ ਹਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਸਾਬਕਾ ਰਾਸ਼ਟਰਪਤੀ ਜਾਰਜ ਵਾਕਰ ਬੁਸ਼ ਅਤੇ ਬਰਾਕ ਓਬਾਮਾ ਉਨ੍ਹਾਂ ਬਾਰੇ ਕੁਝ ਆਖਣ। ਮੈਕੇਨ ਆਪਣੀ ਮੌਤ ਦੇ ਵਕਤ ਉਸ ਜ਼ਹਿਰ ਦਾ ਖ਼ਾਤਮਾ ਚਾਹੁੰਦੇ ਹਨ, ਜਿਸ ਦੀ ਮਦਦ ਨਾਲ ਟਰੰਪ ਪ੍ਰਫੁੱਲਤ ਹੋਏ ਹਨ। ਮੈਕੇਨ ਦਰਅਸਲ ਸਿਆਸੀ ਏਕਤਾ ਚਾਹੁੰਦੇ ਹਨ। ਕੀ ਭਾਰਤੀ ਜਨਤਾ ਪਾਰਟੀ ਦੇ ਦੋ ਮੁੱਖ ਸੀਨੀਅਰ ਆਗੂਆਂ ਦੇ ਪਰਿਵਾਰ ਅਜਿਹਾ ਕੋਈ ਸੁਨੇਹਾ ਦੇ ਸਕਦੇ ਹਨ?



ਅਮਰੀਕੀ ਸੰਸਦ ਵਿੱਚ ਤਾਕਤ ਦੇ ਬਦਲਦੇ ਸੰਤੁਲਨ 'ਚ ਤਾਂ ਟਰੰਪ ਨੂੰ ਮਹਾਂਦੋਸ਼ ਦੇ ਮਤੇ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ, ਜੇ ਉਹ ਕਿਸੇ ਅਦਾਲਤ ਦੇ ਸੰਮਨ ਨੂੰ ਅੱਖੋਂ ਪਰੋਖੇ ਕਰਦੇ ਹਨ ਜਾਂ ਕਿਸੇ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ ਜਾਂ ਉਸ ਹਾਲਤ ਵਿੱਚ ਹੋਰ ਵੀ ਭੈੜਾ ਹੋ ਸਕਦਾ ਹੈ, ਜੇ ਉਹ ਸਰਕਾਰੀ ਵਕੀਲ ਮੁਏਲਰ ਨੂੰ ਬਰਤਰਫ਼ ਕਰਨ ਦਾ ਫ਼ੈਸਲਾ ਕਰਦੇ ਹਨ। ਮੇਅਰ ਰੂਡੀ ਜਿਊਲਿਆਨੀ, ਜੋ ਟਰੰਪ ਦੇ ਨਵੇਂ ਵਕੀਲ ਵਜੋਂ ਕੰਮ ਸੰਭਾਲ ਰਹੇ ਹਨ, ਨੇ ਵਿਵਾਦਗ੍ਰਸਤ ਢੰਗ ਨਾਲ ਦਾਅਵਾ ਕੀਤਾ ਹੈ ਕਿ ਟਰੰਪ ਪੰਜਵੀਂ ਸੋਧ ਕਰ ਸਕਦੇ ਹਨ ਜਾਂ ਆਪਣੇ ਉੱਤੇ ਦੋਸ਼ ਲੱਗਣ ਤੋਂ ਬਚਾਅ ਲਈ ਅਦਾਲਤ ਵਿੱਚ ਪੇਸ਼ ਹੋਣ ਤੋਂ ਇਨਕਾਰ ਕਰ ਸਕਦੇ ਹਨ। ਮੁਏਲਰ ਹੁਣ ਰੂਸ ਦੇ ਇਕ ਧਨਾਢ ਅਤੇ ਟਰੰਪ ਦੇ ਅਟਾਰਨੀ ਮਾਈਕਲ ਕੋਹੇਨ ਵਿਚਾਲੇ ਇੱਕ ਨਵੇਂ ਸੰਪਰਕ ਬਾਰੇ ਪੁਣਛਾਣ ਕਰ ਰਹੇ ਹਨ; ਦੋਸ਼ ਹੈ ਕਿ ਕੋਹੇਨ ਨੇ ਉਸ ਪਾਸੋਂ ਪੰਜ ਲੱਖ ਡਾਲਰ ਵਸੂਲ ਕੀਤੇ ਸਨ।

ਭਾਰਤ 'ਚ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਉੱਤੇ ਮਹਾਂਦੋਸ਼ ਦੇ ਮਤੇ 'ਤੇ ਧਿਆਨ ਕੇਂਦ੍ਰਿਤ ਕੀਤਾ ਜਾ ਰਿਹਾ ਹੈ। ਉਹ ਮਤਾ ਉੱਪ ਰਾਸ਼ਟਰਪਤੀ ਵੈਂਕੱਈਆ ਨਾਇਡੂ ਵੱਲੋਂ ਰੱਦ ਕੀਤਾ ਜਾ ਚੁੱਕਾ ਹੈ। ਕਾਂਗਰਸ ਨੇ ਉਸ ਦੀ ਨਿਆਂਇਕ ਸਮੀਖਿਆ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਭਾਰਤ ਦੇ ਚੀਫ਼ ਜਸਟਿਸ ਨੇ ਕੌਲਿਜੀਅਮ ਦੇ ਸਭ ਤੋਂ ਵੱਧ ਸੀਨੀਅਰ ਮੈਂਬਰਾਂ ਨੂੰ ਅੱਖੋਂ ਪਰੋਖੇ ਕਰ ਕੇ ਇਕ ਸੰਵਿਧਾਨਕ ਬੈਂਚ ਕਾਇਮ ਕੀਤਾ ਹੈ ਤੇ ਇਉਂ ਹਿਤਾਂ ਦੇ ਟਕਰਾਓ ਬਾਰੇ ਸੁਆਲ ਉੱਠਣ ਲੱਗ ਪਏ। ਹੁਣ ਗੱਲ ਜਿੱਥੇ ਆ ਕੇ ਰੁਕ ਗਈ ਹੈ, ਉੱਥੇ ਸਰਕਾਰ ਅਤੇ ਭਾਰਤ ਦੇ ਚੀਫ਼ ਜਸਟਿਸ ਇੱਕ-ਦੂਜੇ ਦਾ ਬਚਾਅ ਕਰਦੇ ਦਿਖਾਈ ਦੇ ਰਹੇ ਹਨ। ਇੰਜ ਕਰਨਾਟਕ ਦੇ ਚੋਣ ਨਤੀਜੇ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਵਾਂਗ ਮੁਲਕ ਦੀਆਂ ਸਿਆਸੀ ਤਾਕਤਾਂ ਦਾ ਨਵਾਂ ਸੰਤੁਲਨ ਬਣਾ ਸਕਦੇ ਹਨ। ਦੋਹਾਂ ਮੁਲਕਾਂ ਵਿੱਚ ਇਹ ਦੋਵੇਂ ਰਹਿਨੁਮਾ ਹੁਣ ਜਮਹੂਰੀਅਤ ਦੀਆਂ ਬੁਨਿਆਦੀ ਸੰਸਥਾਵਾਂ 'ਤੇ ਦਬਾਅ ਪਾ ਰਹੇ ਹਨ।

**ਜਮਹੂਰੀ ਮੁਲਕ ਇਸ ਵੇਲੇ ਫੋਕੀਆਂ ਬਿਆਨਬਾਜ਼ੀਆਂ ਵਾਲੇ ਆਗੂਆਂ ਅਤੇ ਸੰਸਾਰੀਕਰਨ-ਵਿਰੋਧੀ ਆਇਤੁੱਲ੍ਹਿਆਂ ਦੇ ਦਬਾਅ ਹੇਠ ਹੈ। ਹੁਣ ਜਨਤਾ ਨੂੰ ਹਰ ਹਾਲਤ ਵਿੱਚ ਇਹ ਫ਼ੈਸਲਾ ਕਰਨਾ ਪਵੇਗਾ ਕਿ ਜਮਹੂਰੀਅਤ ਦੀ ਜਿਹੋ ਜਿਹੀ ਸ਼ਕਲ ਪਿਛਲੇ ਢਾਈ ਸਦੀਆਂ ਤੋਂ ਵਿਕਸਤ ਹੋਈ ਹੈ, ਕੀ ਉਹ ਹੁਣ ਅਜਿਹੇ ਹਾਲਾਤ 'ਚ ਜਿਊਂਦੀ ਰਹਿ ਸਕੇਗੀ, ਜਦੋਂ ਉਸ ਦੀਆਂ ਮੁੱਖ ਸੰਸਥਾਵਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੋਵੇ। ਕੀ ਅਸੀਂ ਹੁਣ ਅਜਿਹੇ ਤਾਨਾਸ਼ਾਹਾਂ ਅਧੀਨ ਗ਼ੈਰ-ਉਦਾਰਵਾਦੀ ਜਮਹੂਰੀਅਤਾਂ ਦੀਆਂ ਰਾਹਾਂ ਵੱਲ ਉਡਾਣਾਂ ਭਰਦੇ ਜਾ ਰਹੇ ਹਾਂ, ਜਿਨ੍ਹਾਂ ਨੂੰ ਵਿਰੋਧ ਤੇ ਆਜ਼ਾਦ ਮੀਡੀਆ, ਸੁਤੰਤਰ ਨਿਆਂਪਾਲਿਕਾ ਅਤੇ ਸੰਵੇਦਨਸ਼ੀਲ ਸੰਸਦ ਤੋਂ ਨਫ਼ਰਤ ਹੈ?**

ਅਮਰੀਕਾ ਅਤੇ ਭਾਰਤ ਦੀਆਂ ਸਰਕਾਰਾਂ ਮੀਡੀਆ ਦੀ ਇੱਕੋ ਤਰੀਕੇ ਨਾਲ ਹੱਤਕ ਕਰ ਰਹੀਆਂ ਹਨ, ਜਦ ਕਿ ਪ੍ਰੈੱਸ ਦੀ ਆਜ਼ਾਦੀ ਤੋਂ ਬਗ਼ੈਰ ਜਮਹੂਰੀਅਤ ਜਿਊਂਦੀ ਰਹਿ ਹੀ ਨਹੀਂ ਸਕਦੀ। ਅਜਿਹੇ ਹਮਲਿਆਂ ਦੀ ਸ਼ੁਰੂਆਤ ਸਾਲ 2014 'ਚ ਮੰਤਰੀ ਜਨਰਲ ਵੀ ਕੇ ਸਿੰਘ ਵੱਲੋਂ ਪ੍ਰੈੱਸ 'ਤੇ ਕੀਤੇ ਉਸ ਹਮਲੇ ਰਾਹੀਂ ਹੋ ਗਈ ਸੀ, ਜਦੋਂ ਉਨ੍ਹਾਂ ਪੱਤਰਕਾਰਾਂ ਨੂੰ 'ਪ੍ਰੈੱਸਟੀਚਿਊਟਸ' ਭਾਵ 'ਵੇਸਵਾਵਾਂ ਵਰਗੇ ਪੱਤਰਕਾਰ' ਆਖਿਆ ਸੀ। ਉੱਧਰ ਡੋਨਲਡ ਟਰੰਪ ਵੀ ਮੀਡੀਆ ਦੀ ਆਲੋਚਨਾ ਕਰਦੇ ਹੋਏ ਇਹੋ ਆਖਦੇ ਹਨ ਕਿ ਉਨ੍ਹਾਂ ਦੀ ਜੋ ਵੀ ਆਲੋਚਨਾ ਹੋ ਰਹੀ ਹੈ, ਉਹ ਸਭ 'ਜਾਅਲੀ ਖ਼ਬਰਾਂ' ਹਨ। ਇੱਧਰ ਨਰਿੰਦਰ ਮੋਦੀ ਮੀਡੀਆ ਅਤੇ ਸੰਸਦ, ਦੋਵਾਂ ਨੂੰ ਹੀ ਧੋਖਾ ਦੇ ਰਹੇ ਹਨ। ਹਾਲੀਆ ਬਜਟ ਸੈਸ਼ਨ ਦੌਰਾਨ ਸੱਤਾਧਾਰੀ ਪਾਰਟੀ ਦੇ ਆਪਣੇ ਸਮਰਥਕਾਂ ਤੇ ਵਿਰੋਧੀ ਧਿਰ ਨੇ ਸਦਨ 'ਚ ਹੰਗਾਮਾ ਖੜ੍ਹਾ ਕਰੀ ਰੱਖਿਆ ਸੀ। ਸੋਸ਼ਲ ਮੀਡੀਆ ਦੇ ਮੰਚਾਂ ਦੀ ਵਰਤੋਂ ਮੁੱਖਧਾਰਾ ਦੇ ਪ੍ਰਿੰਟ ਤੇ ਇਲੈਕਟ੍ਰੌਨਿਕ ਮੀਡੀਆ ਨੂੰ ਠਿੱਬੀ ਲਾਉਣ ਲਈ ਕੀਤੀ ਜਾ ਰਹੀ ਹੈ। ਟਰੰਪ ਨੇ 'ਵਾਸ਼ਿੰਗਟਨ ਪੋਸਟ' ਦੇ ਮਾਲਕ ਜੈੱਫ਼ ਬਿਓਸ ਨੂੰ ਉਨ੍ਹਾਂ ਦੀ ਕੰਪਨੀ ਐਮੇਜ਼ਨ 'ਤੇ ਵਧੇਰੇ ਟੈਕਸ ਲਾਉਣ ਦੀ ਧਮਕੀ ਦੇ ਕੇ ਡਰਾਉਣ ਦਾ ਯਤਨ ਕੀਤਾ ਸੀ।

ਅਜਿਹੇ ਹਾਲਾਤ ਬਾਰੇ ਯਾਸ਼ਾ ਮੁੰਕ ਆਪਣੀ ਕਿਤਾਬ 'ਪੀਪਲ ਵਰਸਿਜ਼ ਡੈਮੋਕ੍ਰੈਸੀ' (ਜਨਤਾ ਬਨਾਮ ਜਮਹੂਰੀਅਤ) ਵਿੱਚ ਇਹ ਸੁਆਲ ਕਰਦੇ ਹਨ: "ਕੀ ਉਦਾਰਵਾਦੀ ਲੋਕਤੰਤਰਿਕ ਮੁਲਕ ਸਾਡੀ ਕਲਪਨਾ ਤੋਂ ਕਿਤੇ ਘੱਟ ਸਥਿਰ ਹੋ ਗਏ ਹਨ? ਕੀ ਲੋਕਾਂ ਨੂੰ ਖ਼ੁਸ਼ ਕਰਨ ਲਈ ਕੀਤੇ ਜਾਣ ਵਾਲੇ ਐਲਾਨ ਸਾਡੀ ਸਿਆਸੀ ਪ੍ਰਣਾਲੀ ਨੂੰ ਢਹਿ-ਢੇਰੀ ਕਰ ਕੇ ਰੱਖ ਦੇਣਗੇ?" ਜਦੋਂ ਚੋਣ ਜੰਗ ਭਖੀ ਹੋਈ ਸੀ, ਤਦ ਇਰਾਨ ਨਾਲ ਕੀਤੇ ਪਰਮਾਣੂ ਸਮਝੌਤੇ ਨੂੰ ਖ਼ਤਮ ਕਰਨ ਦਾ ਵਾਅਦਾ ਕੀਤਾ ਗਿਆ ਸੀ, ਹੁਣ ਉਸੇ ਨੂੰ ਪੂਰਾ ਕੀਤਾ ਗਿਆ ਹੈ। ਇਰਾਨ ਨਾਲ ਕੀਤੇ ਉਸ ਸਮਝੌਤੇ, ਜਿਸ ਨੂੰ 'ਸਾਂਝਾ ਵਿਆਪਕ ਕਾਰਜ ਪ੍ਰੋਗਰਾਮ' (ਜੇਸੀਪੀਓਏ) ਆਖਿਆ ਜਾਂਦਾ ਹੈ, ਨੂੰ ਹੁਣ ਅਮਰੀਕਾ ਵੱਲੋਂ ਇਸ ਲਈ ਖ਼ਤਮ ਨਹੀਂ ਕੀਤਾ ਜਾ ਰਿਹਾ ਕਿ ਇਰਾਨ ਨੇ ਉਸ ਦੀਆਂ ਮੱਦਾਂ ਦੀ ਕੋਈ ਉਲੰਘਣਾ ਕੀਤੀ ਹੈ। ਆਖਿਆ ਇਹ ਜਾ ਰਿਹਾ ਹੈ ਕਿ ਇਸ ਸਮਝੌਤੇ ਵਿੱਚ ਕਈ ਤਰ੍ਹਾਂ ਦੇ ਨੁਕਸ ਰਹਿ ਗਏ ਸਨ ਅਤੇ ਇਰਾਨ ਲਗਾਤਾਰ ਦਹਿਸ਼ਤਗਰਦੀ (ਜਿਵੇਂ ਲਿਬਨਾਨੀ ਹਿਜ਼ਬੁੱਲ੍ਹਾ) ਦੀ ਪੁਸ਼ਤ-ਪਨਾਹੀ ਕਰ ਰਿਹਾ ਹੈ, ਮਿਜ਼ਾਇਲਾਂ ਵਿਕਸਤ ਕਰ ਰਿਹਾ ਹੈ ਜਾਂ ਪਰਮਾਣੂ ਹਥਿਆਰਾਂ ਦੀ ਮਾਰ ਵਾਲਾ ਸੰਭਾਵੀ ਸਿਸਟਮ ਤਿਆਰ ਕਰ ਰਿਹਾ ਹੈ।

ਅਜਿਹਾ ਕਰਦੇ ਸਮੇਂ ਟਰੰਪ ਸੁਭਾਵਕ ਤੌਰ 'ਤੇ ਇਹ ਭੁਲਾ ਬੈਠੇ ਹਨ ਕਿ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ, ਕਿਉਂਕਿ ਉਨ੍ਹਾਂ ਦੇਖ ਲਿਆ ਸੀ ਕਿ ਦਹਿਸ਼ਤਗਰਦ ਜਥੇਬੰਦੀ ਇਸਲਾਮਿਕ ਸਟੇਟ ਦਾ ਟਾਕਰਾ ਸਿਰਫ਼ ਇਰਾਨ ਹੀ ਕਰ ਸਕਦਾ ਹੈ ਤੇ ਉਸੇ ਕੋਲ ਇੰਨੇ ਵਸੀਲੇ ਹਨ, ਉਸ ਕੋਲ ਸਮੁੱਚੇ ਪੱਛਮੀ ਏਸ਼ੀਆ ਦੇ ਭਾਈਵਾਲ ਸ਼ੀਆ ਮੁਲਕ ਹਨ। ਉਹ ਕੰਮ ਨਿੱਬੜ ਗਿਆ, ਹੁਣ ਅਮਰੀਕਾ ਉਸ ਦੇ ਸੁੰਨੀ ਵਿਰੋਧੀ ਮੁਲਕਾਂ, ਜਿਨ੍ਹਾਂ ਦੀ ਅਗਵਾਈ ਸਾਊਦੀ ਅਰਬ ਤੇ ਅਮੀਰਾਤ ਮੁਲਕ ਕਰ ਰਹੇ ਹਨ, ਨੂੰ ਖ਼ੁਸ਼ ਕਰਨ ਲਈ ਇਰਾਨ 'ਤੇ ਦਬਾਅ ਬਣਾਉਣਾ ਚਾਹੁੰਦਾ ਹੈ। ਰਾਸ਼ਟਰਪਤੀ ਟਰੰਪ ਨੂੰ ਇਜ਼ਰਾਇਲੀ ਖ਼ੁਫ਼ੀਆ ਏਜੰਸੀਆਂ 'ਤੇ ਪੂਰਾ ਭਰੋਸਾ ਹੈ, ਇਸੇ ਲਈ ਉਨ੍ਹਾਂ ਦਾ ਇਹੋ ਦਾਅਵਾ ਹੈ ਕਿ ਇਰਾਨ ਦਾ ਪਰਮਾਣੂ ਹਥਿਆਰ ਪ੍ਰੋਗਰਾਮ ਅਜੇ ਵੀ ਜਾਰੀ ਹੈ, ਉਸ ਨੂੰ ਖ਼ਤਮ ਨਹੀਂ ਕੀਤਾ ਗਿਆ। ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਅਮਰੀਕਾ ਵੱਲੋਂ ਪਰਮਾਣੂ ਸਮਝੌਤੇ ਤੋਂ ਪਿਛਾਂਹ ਹਟਣ ਤੋਂ ਪਰੇਸ਼ਾਨ ਹਨ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਉਹ ਅਮਰੀਕਾ ਦੇ ਇਸ ਕਦਮ ਦਾ ਮੁਲੰਕਣ ਕਰਨ ਤੋਂ ਬਾਅਦ ਪਰਮਾਣੂ ਸਮੱਗਰੀ ਤਿਆਰ ਕਰਨ ਦਾ ਕੰਮ ਮੁੜ ਸ਼ੁਰੂ ਕਰਨ ਜਾ ਰਹੇ ਹਨ। ਫ਼ਰਾਂਸ, ਜਰਮਨੀ ਅਤੇ ਇੰਗਲੈਂਡ ਦਾ ਈ-3 ਸਮੂਹ ਇਹ ਸਮਝੌਤਾ ਬਚਾਉਣਾ ਚਾਹੁੰਦਾ ਹੈ ਅਤੇ ਪੀ 5+1 ਸਮੂਹ ਦੇ ਦੋ ਹੋਰ ਮੈਂਬਰ ਚੀਨ ਤੇ ਰੂਸ ਵੀ ਇਹੋ ਚਾਹੁਣਗੇ, ਜਿਨ੍ਹਾਂ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ। ਇਰਾਨ ਥੋੜ੍ਹੀ ਉਡੀਕ ਕਰ ਕੇ ਇਹ ਦੇਖਣਾ ਚਾਹੇਗਾ ਕਿ ਕੀ ਯੂਰੋਪੀਅਨ ਯੂਨੀਅਨ ਦੇ ਮੁਲਕ ਅਮਰੀਕੀ ਪਾਬੰਦੀਆਂ ਦੇ ਬਾਵਜੂਦ ਉਸ ਨਾਲ ਵਪਾਰ ਜਾਰੀ ਰੱਖਦੇ ਹਨ ਜਾਂ ਨਹੀਂ, ਤੇ ਕੀ ਉਨ੍ਹਾਂ ਦੇ ਨਿਵੇਸ਼ ਸੰਪਰਕ ਪਹਿਲਾਂ ਵਾਂਗ ਜਾਰੀ ਰਹਿੰਦੇ ਹਨ ਜਾਂ ਨਹੀਂ। ਅਜਿਹਾ ਕੁਝ ਮੁਸ਼ਕਿਲ ਲੱਗਦਾ ਹੈ ਕਿਉਂਕਿ ਯੂਰੋਪੀਅਨ ਕੰਪਨੀਆਂ ਇਰਾਨ ਦੇ ਛੋਟੇ ਜਿਹੇ ਬਾਜ਼ਾਰ ਲਈ ਅਮਰੀਕਾ ਨਾਲ ਚੱਲਦੇ ਆਪਣੇ ਵੱਡੇ ਪੱਧਰ 'ਤੇ ਕਾਰੋਬਾਰ ਨੂੰ ਖ਼ਤਰੇ ਵਿੱਚ ਨਹੀਂ ਪਾਉਣਗੀਆਂ। ਸਾਲ 2005 ਵਿੱਚ ਵੀ ਅਜਿਹਾ ਕੁਝ ਹੋਇਆ ਸੀ, ਜਦੋਂ ਅਮਰੀਕਾ ਨੇ ਭਾਰਤ 'ਤੇ ਵਪਾਰਕ ਤੇ ਨਿਵੇਸ਼ ਸੰਪਰਕ ਤੋੜਨ ਦਾ ਦਬਾਅ ਪਾਇਆ ਸੀ। ਪੱਛਮੀ ਏਸ਼ੀਆ ਤੇ ਖਾੜੀ 'ਚ ਇਸ ਵੇਲੇ ਜੰਗ ਦੇ ਬੱਦਲ ਮੰਡਰਾ ਰਹੇ ਹਨ ਕਿਉਂਕਿ ਇਰਾਨੀ ਮੂਲਵਾਦੀ ਇਸੇ ਪਾਸੇ ਵੱਲ ਚੱਲਣਗੇ।

ਜਮਹੂਰੀ ਮੁਲਕ ਇਸ ਵੇਲੇ ਫੋਕੀਆਂ ਬਿਆਨਬਾਜ਼ੀਆਂ ਵਾਲੇ ਆਗੂਆਂ ਅਤੇ ਸੰਸਾਰੀਕਰਨ-ਵਿਰੋਧੀ ਆਇਤੁੱਲ੍ਹਿਆਂ ਦੇ ਦਬਾਅ ਹੇਠ ਹੈ। ਹੁਣ ਜਨਤਾ ਨੂੰ ਹਰ ਹਾਲਤ ਵਿੱਚ ਇਹ ਫ਼ੈਸਲਾ ਕਰਨਾ ਪਵੇਗਾ ਕਿ ਜਮਹੂਰੀਅਤ ਦੀ ਜਿਹੋ ਜਿਹੀ ਸ਼ਕਲ ਪਿਛਲੇ ਢਾਈ ਸਦੀਆਂ ਤੋਂ ਵਿਕਸਤ ਹੋਈ ਹੈ, ਕੀ ਉਹ ਹੁਣ ਅਜਿਹੇ ਹਾਲਾਤ 'ਚ ਜਿਊਂਦੀ ਰਹਿ ਸਕੇਗੀ, ਜਦੋਂ ਉਸ ਦੀਆਂ ਮੁੱਖ ਸੰਸਥਾਵਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੋਵੇ। ਕੀ ਅਸੀਂ ਹੁਣ ਅਜਿਹੇ ਤਾਨਾਸ਼ਾਹਾਂ ਅਧੀਨ ਗ਼ੈਰ-ਉਦਾਰਵਾਦੀ ਜਮਹੂਰੀਅਤਾਂ ਦੀਆਂ ਰਾਹਾਂ ਵੱਲ ਉਡਾਣਾਂ ਭਰਦੇ ਜਾ ਰਹੇ ਹਾਂ, ਜਿਨ੍ਹਾਂ ਨੂੰ ਵਿਰੋਧ ਤੇ ਆਜ਼ਾਦ ਮੀਡੀਆ, ਸੁਤੰਤਰ ਨਿਆਂਪਾਲਿਕਾ ਅਤੇ ਸੰਵੇਦਨਸ਼ੀਲ ਸੰਸਦ ਤੋਂ ਨਫ਼ਰਤ ਹੈ?
(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)

**ਕੁਲਜੀਤ ਬੈਂਸ**

# ਨਸ਼ਾ ਵਿਰੋਧੀ ਮੁਹਿੰਮ 'ਚ ਖੜੋਤ ਤੋੜਨ ਦਾ ਵੇਲਾ

ਕਿਸੇ ਸਮੇਂ ਨਸ਼ੇ ਪੰਜਾਬ ਵਿੱਚ ਜਨਤਕ ਚਰਚਾ ਦਾ ਮੁੱਖ ਮੁੱਦਾ ਸਨ। ਇਹ ਚਰਚਾ ਚੋਣਾਂ ਤੋਂ ਐਨ ਪਹਿਲਾਂ ਸਿਖਰ 'ਤੇ ਪੁੱਜ ਗਈ ਸੀ। ਚੋਣਾਂ ਮਗਰੋਂ ਸਰਕਾਰ ਬਣਿਆਂ ਇੱਕ ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ ਅਤੇ ਅਗਲੀਆਂ ਚੋਣਾਂ ਹਾਲੇ ਚਾਰ ਸਾਲ ਨਹੀਂ ਹੋਣੀਆਂ। ਲਿਹਾਜ਼ਾ, ਸਿਆਸੀ ਭਾਸ਼ਣਬਾਜ਼ੀ ਨੂੰ ਛੱਡ ਕੇ ਕਾਂਗਰਸ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ 'ਤੇ ਘੋਖਵੀਂ ਨਜ਼ਰ ਮਾਰਨ ਅਤੇ ਇਸ ਵਿੱਚ ਲੋੜੀਂਦੀਆਂ ਸੋਧਾਂ ਸਬੰਧੀ ਵਿਚਾਰਨ ਲਈ ਇਹ ਚੰਗਾ ਵੇਲਾ ਹੈ। ਪਿਛਲੇ ਹਫ਼ਤੇ 'ਟ੍ਰਿਬਿਊਨ' ਵੱਲੋਂ ਇਸ ਮਸਲੇ ਸਬੰਧੀ ਛਾਪੀਆਂ ਰਿਪੋਰਟਾਂ ਸਹਾਰੇ ਕੁਝ ਬਿੰਦੂਆਂ ਨੂੰ ਜੋੜ ਕੇ ਸਹੀ ਤਸਵੀਰ ਉਘਾੜਨ ਦੀ ਜ਼ਰੂਰਤ ਹੈ।

ਸੂਬਾਈ ਪੁਲੀਸ ਅਤੇ ਸਿਹਤ ਵਿਭਾਗ ਦੀ ਚੋਖੀ ਮਸ਼ੀਨਰੀ ਚੋਣਾਂ ਤੋਂ ਪਹਿਲਾਂ ਹੀ ਹਰਕਤ ਵਿੱਚ ਸੀ, ਪਰ ਨਵੀਂ ਸਰਕਾਰ ਬਣਨ ਮਗਰੋਂ ਇਸ ਅਮਲ ਵਿੱਚ ਵਧੇਰੇ ਜੋਸ਼ ਦੇਖਣ ਨੂੰ ਮਿਲਿਆ। ਉਂਜ, ਪੁਲੀਸ ਦੀ ਸਪੈਸ਼ਲ ਟਾਸਕ ਫੋਰਸ ਕਾਇਮ ਕਰਨ ਤੋਂ ਇਲਾਵਾ ਕੋਈ ਹੋਰ ਨਵੀਂ ਰਣਨੀਤੀ ਨਹੀਂ ਬਣਾਈ ਗਈ। ਜ਼ਿਆਦਾਤਰ ਯਤਨ ਰਵਾਇਤੀ ਲੀਹਾਂ ਮੁਤਾਬਿਕ ਹੀ ਹੋਏ



ਜਿਵੇਂ ਤਸਕਰਾਂ ਦੀ ਫੜੋ-ਫੜੀ ਅਤੇ ਨਸ਼ਾ ਛੁਡਾਊ ਕੇਂਦਰਾਂ ਦੀ ਗਿਣਤੀ ਵਧਾਉਣਾ। ਇਸ ਦਾ ਪ੍ਰਭਾਵ ਵੀ ਪਿਆ। ਨਸ਼ਿਆਂ ਦੇ ਭਾਅ ਵਧ ਗਏ, ਨਸ਼ਾ ਛੁਡਾਊ ਕੇਂਦਰਾਂ ਵਿੱਚ ਮਰੀਜ਼ਾਂ ਦੀ ਗਿਣਤੀ ਅਤੇ ਐੱਨਡੀਪੀਐੱਸ ਕਾਨੂੰਨ ਤਹਿਤ ਮਾਮਲਿਆਂ ਦੀ ਗਿਣਤੀ ਵਧ ਗਈ। ਇਸ ਦੇ ਨਾਲ ਹੀ ਵਧੇਰੇ ਖ਼ਤਰਨਾਕ ਨਸ਼ਿਆਂ ਦੀ ਬਜਾਏ ਮੁਕਾਬਲਤਨ ਹਲਕੇ ਨਸ਼ੇ ਵਰਤਣ ਦਾ ਰੁਝਾਨ ਸ਼ੁਰੂ ਹੋਇਆ।

ਇਹ ਸਭ ਕੁਝ ਸ਼ਲਾਘਾਯੋਗ ਹੈ, ਪਰ ਇਸ ਮੁਹਿੰਮ ਵਿੱਚ ਹੁਣ ਖੜੋਤ ਆ ਗਈ ਜਾਪਦੀ ਹੈ ਅਤੇ ਸੂਬੇ ਵਿੱਚ ਹਾਲੇ ਵੀ ਨਸ਼ੇੜੀਆਂ ਦੀ ਗਿਣਤੀ ਖ਼ਤਰੇ ਦੀ ਹੱਦ ਤੋਂ ਜ਼ਿਆਦਾ ਹੈ। ਇਸ ਤੋਂ ਇਲਾਵਾ ਜ਼ਮਾਨਤ 'ਤੇ ਬਾਹਰ ਆਉਣ ਮਗਰੋਂ ਤਸਕਰ ਮੁੜ ਨਸ਼ਿਆਂ ਦੇ ਧੰਦੇ ਵਿੱਚ ਲੱਗ ਜਾਂਦੇ ਹਨ ਅਤੇ ਇਲਾਜ ਮਗਰੋਂ ਨਸ਼ੇੜੀ ਫਿਰ ਨਸ਼ਾ ਕਰਨ ਲੱਗਦੇ ਹਨ। ਭਾਵੇਂ ਪਹਿਲਾਂ ਨਾਲੋਂ ਘੱਟ ਪੱਧਰ 'ਤੇ ਹੀ ਸਹੀ, ਪਰ ਨਸ਼ਿਆਂ ਦੀ ਮੰਗ ਅਤੇ ਪੂਰਤੀ ਦਾ ਨਵਾਂ ਤਵਾਜ਼ਨ ਕਾਇਮ ਹੋ ਗਿਆ ਹੈ। ਇਹ ਸਥਿਤੀ ਸਰਕਾਰ ਵੱਲੋਂ ਨਵੇਂ ਸਿਰਿਓਂ ਧਿਆਨ ਮੰਗਦੀ ਹੈ।

ਨਸ਼ਿਆਂ ਖ਼ਿਲਾਫ਼ ਇਸ ਲੜਾਈ ਵਿੱਚ ਪੁਲੀਸ ਨੂੰ ਮੂਹਰਲੀ ਕਤਾਰ ਵਿੱਚ ਤਾਇਨਾਤ ਕੀਤਾ ਗਿਆ ਹੈ। ਪੁਲੀਸ ਨੇ ਕੁਝ ਹੱਦ ਤਕ ਕਾਰਗੁਜ਼ਾਰੀ ਦਿਖਾਈ, ਪਰ ਸਿਹਤ, ਸਮਾਜਿਕ ਅਤੇ ਆਰਥਿਕ ਪੱਖਾਂ ਵਾਲੇ ਇਸ ਮਸਲੇ ਨੂੰ ਇਹ ਇਕੱਲੇ ਤੌਰ 'ਤੇ ਨਹੀਂ ਨਜਿੱਠ ਸਕਦੀ। ਆਪਣਾ ਕੰਮ ਕਰਦਿਆਂ ਵੀ ਪੁਲੀਸ, ਗਵਾਹਾਂ ਦੀ ਅਣਹੋਂਦ ਵਿੱਚ ਨਸ਼ਾ ਵੇਚਣ ਵਾਲਿਆਂ ਅਤੇ ਤਸਕਰਾਂ ਦੇ ਦੋਸ਼ ਸਾਬਿਤ ਕਰਨ ਵਿੱਚ ਨਾਕਾਮ ਰਹਿੰਦੀ ਹੈ। ਇਸ ਦੇ ਸਿੱਟੇ ਵਜੋਂ 2016 ਦੇ ਮੁਕਾਬਲੇ 2017 ਵਿੱਚ ਇਨ੍ਹਾਂ

ਬਾਕੀ ਸਫ਼ਾ 28 'ਤੇ

# SIKH GURDWARA OF LOS ANGELES LANKERSHIM

ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ ||
ਜਿਨਾਂ ਦੇਸ਼ ਦੀ ਸੇਵਾ ਵਿੱਚ ਪੈਰ ਪਾਇਆ, ਓਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ ||



ਕਰਤਾਰ ਸਿੰਘ ਸਰਾਭਾ
(24 ਮਈ 1896-16 ਨਵੰਬਰ 1915)

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂ
ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ
ਸ਼ਹੀਦ ਸ.ਕਰਤਾਰ ਸਿੰਘ ਸਰਾਭਾ ਜੀ ਦਾ122 ਵਾ ਜਨਮ
ਦਿਹਾੜਾ ਗੁਰੂਦਵਾਰਾ ਲੈਕਰਸਿਮ ਵਿਖੇ ਮਨਾਇਆ ਜਾ ਰਿਹਾ ਹੈ

MAY 20 , 2018 { SUNDAY }
ਸਮਾ 9 ਵਜੇ ਤੋਂ 2 ਵਜੇ ਤਕ
MAY 18, 19, ਸ਼ੁਕਰਵਾਰ ਸ਼ਨੀਵਾਰ
ਸਮਾ ਸ਼ਾਮ 6 ਤੋਂ 9 ਵਜੇ ਤਕ

ਆਰੰਭ ਸ੍ਰੀ ਅਖੰਡ ਪਾਠ ਸਾਹਿਬ :
18 ਮਈ, 2018 ਦਿਨ ਸ਼ੁੱਕਰਵਾਰ 10:00 ਵਜੇ ਸਵੇਰੇ
ਭੋਗ ਸ੍ਰੀ ਅਖੰਡ ਪਾਠ ਸਾਹਿਬ :
20 ਮਈ, 2018 ਦਿਨ ਐਤਵਾਰ 10:00 ਵਜੇ ਸਵੇਰੇ



Bhai Mehal Singh ji {Chandigarh wale}

ਹੋਰ ਜਾਣਕਾਰੀ ਲਈ ਫ਼ੋਨ ਕਰੋ :
Jatinder Singh Grewal 818-632-0701 Baldev Singh Grewal 818-456-6338

CHHOLE BHATURE SEVA BY:
SIKH WELFARE ORGANIZATION

Shaheed Kartar Singh Memorial Society INC.

AT
SIKH GURDWARA OF LOS ANGELES
7640 LANKERSHIM BLVD,
NORTH HOLLYWOOD, CA 91605
818-765-9399 818-423-8000

ਸਹਿਯੋਗੀ ਸੱਜਣ :
Ravi Grewal
Manjit S Pandher
Gurdas S Kehal
Ranjit Singh
Dharminder S. Grerwal
Dr.Jaswant S Dhillon
Pardeep Singh
Baldev S. Grewal
Baljinder S. Grewal
Darshan S Bhinder
Jasminder S. Grewal
Ajit Singh Thind
Daljit Singh
Jagtar S.Samra
Jatinder S. Grewal
Gurcharan S. Bains
Iqbal S. Samra
Milkha S.Sidhu
Jagdish S.Rai



# SINGH TRANSPORT INC



ਔਕਲੈਂਡ ਪੋਰਟ,
ਲਾਸ ਏਂਜਲਸ ਪੋਰਟ ਅਤੇ
ਲੌਂਗ ਬੀਚ ਪੋਰਟ 'ਤੇ ਕੰਮ
ਕਰਨ ਲਈ ਏ ਕਲਾਸ ਡਰਾਈਵਰਾਂ
ਅਤੇ ਓਨਰ ਆਪ੍ਰੇਟਰਾਂ
ਦੀ ਲੋੜ ਹੈ।

STUDENT
DRIVER
WELCOM
ਅਸੀਂ ਲਾਇਸੰਸ ਲੈਣ
ਲਈ ਤੁਹਾਡੇ ਸਕੂਲ ਦਾ
ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ
ਏਰੀਏ ਵਿਚੋਂ
ਡਰਾਈਵਰਾਂ ਦੀ
ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



# ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1








ਅਸੀਂ ਇੰਡੀਅਨ ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ
ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ,
ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)
**Punjab Trading Inc**
4710 B ST NW #103 Auburn, WA 98001
Phone:206-778-1823
shahbrands@gmail.com

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ

# ਨਗਰ ਕੀਰਤਨ



# Nagar Kirtan

## SAN FRANCISCO



## FREEDOM MARCH & SOVEREIGNTY RALLY

## ਐਤਵਾਰ 10 ਜੂਨ 2018 ਨੂੰ ਸੈਨ ਫ੍ਰਾਂਸਿਸਕੋ ਵਿਖੇ



ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਹਨਾਂ ਵਲੋਂ ਪਾਏ ਪੂਰਨਿਆਂ ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿੱਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿੱਚ 10 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿੱਚ ਹਰ ਸਾਲ ਦੀ ਤਰਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।



**Start 10AM at 36 2nd Street ਤੋਂ ਸਿਵਿਕ ਸੈਂਟਰ ਤੱਕ**

**ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀਂ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋ ਜਾਣੂ ਕਰਵਾਓ।**

FOR MORE INFO: **1-844-REM-1984**

ਬੇਨਤੀ ਕਰਤਾ: ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ







Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL

LAX TO DEL




Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70

Diesel/Gas

Exit 137

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons

open 6am to midnight

Phone: 765-478-6300





Raja™ SWEETS & CATERING®
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# Paradise Ballrooms

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



Address: 27293 S Hillview St, Tracy, CA 95304-8154

**Listing Price: $929,900,**

Area: 1.0100Acres (43996 Lot SqFt Apprx)



Address: 20199 Wicklund Rd, Tracy, CA 95391

**Listing Price $1,250,000,**

Area: 10.5000 Acres (457380 Lot SqFt Apprx)



Ranjit S Mangat

(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**

**68 E 11th Street Ste 109, Tracy, CA 95376**

**Office: 209-956-1000 Cell : 408-355-5700**

**gbsingh84@gmail.com**




# SAVE UPTO 24¢

## PER GALLON ON DIESEL






## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

First Punjabi Channel to go HD Worldwide

jus punjabi HD

IS NOW

HD

HIGH DEFINITION

Subscribe to the JUS Pack Today!

subscribe now

JUS Pack

has it all!

jus punjabi JUS one jus 24x7 9x TASHAN

4 channels for only $14.99 on dish | sling

Call 1-888-246-6242 to Subscribe

For advertisement & more information call: +1-718-752-9290

www.jusbroadcasting.com

# ਜਾਤਪਾਤ ਅਤੇ ਭਾਰਤ ਦਾ ਭਵਿੱਖ

**ਗੁਰਬਚਨ ਸਿੰਘ**
(ਗਿਆਨੀ ਦਿਤ ਸਿੰਘ ਸਾਹਿਤ ਸਭਾ)



ਸਾਰੇ ਕਾਨੂੰਨੀ ਦਾਅਵਿਆਂ ਦੇ ਬਾਵਜੂਦ ਭਾਰਤ ਵਿਚੋਂ ਜਾਤਪਾਤ ਖਤਮ ਨਹੀਂ ਕੀਤੀ ਜਾ ਸਕੀ। ਮਨੁੱਖੀ ਬਰਾਬਰੀ ਦਾ ਸਭ ਤੋਂ ਵੱਡਾ ਪੈਰੋਕਾਰ ਇਸਲਾਮ ਧਰਮ ਵੀ ਇਸ ਦੇਸ਼ ਵਿਚੋਂ ਜਾਤਪਾਤ ਖਤਮ ਨਹੀਂ ਕਰ ਸਕਿਆ। ਇਸਾਈ ਧਰਮ, ਜਿਹੜਾ ਸਾਰੇ ਮਨੁੱਖਾਂ ਨੂੰ ਇਕੋ ਪ੍ਰਮਾਤਮਾ ਦੇ ਪੁਤਰ ਸਮਝਦਾ ਹੈ, ਉਹ ਵੀ ਇਥੇ ਆ ਕੇ ਜਾਤਪਾਤ ਦਾ ਸ਼ਿਕਾਰ ਹੋ ਗਿਆ। ਹੋਰ ਤੇ ਹੋਰ ਜਾਤਪਾਤ ਦੀਆਂ ਕਬਰਾਂ ਉਤੇ ਸਿਰਜੇ ਗਏ ਖਾਲਸਈ ਇਨਕਲਾਬ ਨੇ ਵੀ ਭਾਵੇਂ ਜਾਤਪਾਤੀ ਪ੍ਰਬੰਧ ਨੂੰ ਬਹੁਤ ਵੱਡੇ ਝੰਜੋੜੇ ਦਿਤੇ ਪਰ ਅਖੀਰ ਉਤੇ ਆ ਕੇ ਉਹ ਵੀ ਇਸੇ ਜਾਤਪਾਤ ਦਾ ਸ਼ਿਕਾਰ ਹੋ ਗਿਆ ਹੈ। ਸੰਤ ਬਾਬੇ, ਡੇਰੇਦਾਰ ਅਤੇ ਅਨੇਕ ਤਰ੍ਹਾਂ-ਤਰ੍ਹਾਂ ਦੇ ਮਿਸ਼ਨਰੀ ਲੋਕ ਵੀ ਇਸ ਦੇਸ਼ ਵਿਚੋਂ ਜਾਤਪਾਤ ਦਾ ਬੀਜ ਨਾਸ ਕਰਨ ਵਿਚ ਅਸਫਲ ਰਹੇ ਹਨ। ਇਥੋਂ ਤੱਕ ਕਿ ਸਾਰੀ ਦੁਨੀਆ ਨੂੰ ਹਰ ਤਰ੍ਹਾਂ ਦੀ ਬਰਾਬਰੀ ਦੇ ਸਮਾਜ ਵਿਚ ਪ੍ਰੋਅ ਕੇ ਕਮਿਊਨਿਸਟ ਸਮਾਜ ਦੀ ਉਸਾਰੀ ਕਰਨ ਦੇ ਨਾਅਰੇ ਲਾ ਰਹੇ ਕਾਮਰੇਡ ਵੀ ਇਸੇ ਜਾਤਪਾਤੀ ਰੋਗ ਨਾਲ ਗ੍ਰਸਤ ਹਨ।

ਸਭ ਤੋਂ ਵੱਡਾ ਸੁਆਲ ਇਹ ਹੈ, ਕਿ ਜਾਤ ਪਾਤ ਖਤਮ ਕਿਉਂ ਨਹੀਂ ਹੁੰਦੀ? ਮਨੁੱਖ ਮਰ ਜਾਂਦਾ ਹੈ, ਪਰ ਜਾਤਪਾਤ ਫਿਰ ਵੀ ਜਿਉਂਦੀ ਰਹਿੰਦੀ ਹੈ। ਸਾਡੇ ਦੇਸ਼ ਦੇ ਬਹੁਗਿਣਤੀ ਕਮਿਊਨਿਸਟਾਂ ਸਮੇਤ ਬਹੁਤੇ ਪੜ੍ਹੇ-ਲਿਖੇ ਲੋਕਾਂ ਦਾ ਮੰਨਣਾ ਹੈ ਕਿ ਜਾਤਪਾਤ ਦਾ ਕਾਰਨ ਦਲਿਤਾਂ ਦਾ ਆਰਥਿਕ ਪਛੜੇਵਾਂ ਹੈ। ਇਸ ਆਰਥਿਕ ਪਛੜੇਵੇਂ ਦੇ ਖਤਮ ਹੋਣ ਨਾਲ ਜਾਤਪਾਤ ਆਪਣੇ-ਆਪ ਹੀ ਖਤਮ ਹੋ ਜਾਵੇਗੀ ਪਰ ਇਹ ਸੱਚ ਨਹੀਂ ਹੈ। ਆਰਥਿਕ ਪਛੜੇਵੇਂ ਕਾਰਨ ਜਾਤਪਾਤ ਨਹੀਂ ਸਗੋਂ ਜਾਤਪਾਤ ਕਾਰਨ ਆਰਥਿਕ ਪਛੜੇਵਾਂ ਹੈ। ਜਾਤਪਾਤ ਕਾਰਨ ਸਮਾਜ ਦੇ ਇਕ ਹਿਸੇ ਨੂੰ ਸਮਾਜ ਦੀ ਮੁੱਖ ਧਾਰਾ ਵਿਚੋਂ ਬਾਹਰ ਧੱਕ ਦਿੱਤਾ ਗਿਆ ਹੈ। ਸਮਾਜ ਵਿਚੋਂ ਬਾਹਰ ਧੱਕਣ ਤੇ ਸਰਬਪਖੀ ਵਿਕਾਸ ਦੇ ਮੌਕੇ ਨਾ ਮਿਲਣ ਕਾਰਨ, ਇਹ ਸਮਾਜ ਆਰਥਿਕ ਪਛੜੇਵੇਂ ਦਾ ਸ਼ਿਕਾਰ ਹੈ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਆਪਣੀ ਇਕ ਅਹਿਮ ਲਿਖਤ 'ਜਾਤ-ਪਾਤ ਦਾ ਬੀਜ ਨਾਸ' ਵਿਚ ਜਾਤਪਾਤ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਲਿਖਿਆ ਹੈ, "ਜਾਤ ਇਕ ਧਾਰਨਾ ਹੈ ਅਤੇ ਮਨ ਦੀ ਇਕ ਅਵਸਥਾ ਹੈ। ਇਸ ਲਈ ਜਾਤਪਾਤ ਦੇ ਖਾਤਮੇ ਦਾ ਅਰਥ ਕਿਸੇ ਠੋਸ ਰੁਕਾਵਟ ਨੂੰ ਖਤਮ ਕਰਨਾ ਨਹੀਂ, ਸਗੋਂ ਇਸ ਦਾ ਅਰਥ ਆਪਣੇ ਮਨਾਂ ਦੀਆਂ ਧਾਰਨਾਵਾਂ ਨੂੰ ਬਦਲਣਾ ਹੈ। ਜਾਤਪਾਤ ਬੁਰੀ ਹੋ ਸਕਦੀ ਹੈ। ਇਹ ਇਨਸਾਨਾਂ ਕੋਲੋਂ ਵਹਿਸ਼ੀ ਕੰਮ ਕਰਵਾ ਸਕਦੀ ਹੈ। ਫਿਰ ਵੀ ਇਹ ਮੰਨਣਾ ਪਵੇਗਾ ਕਿ ਜੇ ਹਿੰਦੂ ਜਾਤਪਾਤ ਦੀ ਪਾਲਣਾ ਕਰਦੇ ਹਨ, ਤਾਂ ਇਸ ਕਰਕੇ ਨਹੀਂ ਕਿ ਉਹ ਵਹਿਸ਼ੀ ਹਨ, ਸਗੋਂ ਇਸ ਕਰਕੇ ਹੈ ਕਿ ਉਹ ਪੱਕੇ ਧਾਰਮਿਕ ਹਨ। ਜੇ ਲੋਕ ਜਾਤਪਾਤ ਦੀ ਪਾਲਣਾ ਕਰਦੇ ਹਨ, ਤਾਂ ਇਸ ਦਾ ਅਰਥ ਇਹ ਨਹੀਂ ਕਿ ਲੋਕ ਹੀ ਗਲਤ ਹਨ। ਬਲਕਿ ਉਹਨਾਂ ਦਾ ਧਰਮ ਗਲਤ ਹੈ, ਜੋ ਉਹਨਾਂ ਨੇ ਮਨਾਂ ਅੰਦਰ ਜਾਤਪਾਤ ਦੀਆਂ ਧਾਰਨਾਵਾਂ ਭਰਦਾ ਹੈ। ਸਪਸ਼ਟ ਹੈ ਕਿ ਦੁਸ਼ਮਣ ਲੋਕ ਨਹੀਂ ਸਗੋਂ ਉਹ ਸਾਸ਼ਤਰ ਹਨ, ਜੋ ਲੋਕਾਂ ਨੂੰ ਜਾਤਪਾਤ ਦਾ ਧਰਮ ਸਿਖਾਉਂਦੇ ਹਨ। ਇਹ ਸਾਸ਼ਤਰ ਹੀ ਹਨ ਜੋ ਜਾਤਪਾਤ ਦੇ ਧਰਮ ਦਾ ਉਪਦੇਸ਼ ਦੇਂਦੇ ਹਨ। ਹਰ ਇਕ ਇਸਤਰੀ ਪੁਰਸ਼ ਨੂੰ ਇਨ੍ਹਾਂ ਧਾਰਮਿਕ ਸਾਸ਼ਤਰਾਂ ਦੀ ਗੁਲਾਮੀ ਤੋਂ ਮੁਕਤ ਕਰ ਦਿਓ ਤੇ ਸਾਸ਼ਤਰਾਂ ਉਤੇ ਆਧਾਰਿਤ ਅੰਧ-ਵਿਸ਼ਵਾਸਾਂ ਨੂੰ ਉਨ੍ਹਾਂ ਦੇ ਦਿਮਾਗਾਂ ਵਿਚੋਂ ਕੱਢ ਦਿਓ, ਤਾਂ ਇਹ ਇਸਤਰੀ ਪੁਰਸ਼ ਕਿਸੇ ਦੇ ਕਹੇ ਬਗੈਰ ਹੀ ਆਪਸ ਵਿਚ ਸਾਂਝਾ ਲੰਗਰ ਅਤੇ ਜਾਤਪਾਤ ਤੋੜ ਕੇ ਵਿਆਹ ਕਰਨ ਲੱਗ ਪੈਣਗੇ।"

ਸਾਸ਼ਤਰਾਂ ਦਾ ਧਰਮ ਇਕ ਫਿਲਾਸਫੀ ਹੈ, ਇਕ ਦ੍ਰਿਸ਼ਟੀਕੋਣ ਤੇ ਇਸ ਦ੍ਰਿਸ਼ਟੀਕੋਣ ਅਨੁਸਾਰ ਬਣੀ ਸੋਚ ਹੈ। ਇਸ ਸੋਚ ਨੂੰ ਡਾ. ਅੰਬੇਡਕਰ ਬ੍ਰਾਹਮਣਵਾਦ ਦਾ ਨਾਂ ਦੇਂਦੇ ਹਨ। ਖੁਦ ਪਰਜੀਵੀ ਹੋਣ ਕਰਕੇ ਇਹ ਸੋਚ-ਪ੍ਰਬੰਧ ਨਾ ਸਿਰਫ ਹਰ ਕਿਸਮ ਦੇ ਲੁਟੇਰੇ ਆਰਥਿਕ ਰਿਸ਼ਤਿਆਂ ਦੀ ਪੈਰਵਾਈ ਕਰਦਾ ਹੈ, ਸਗੋਂ ਉਨ੍ਹਾਂ ਦੀ ਡਟ ਕੇ ਵਕਾਲਤ ਕਰਦਾ ਹੈ। ਲੁਟੇਰੇ ਆਰਥਿਕ ਰਿਸ਼ਤਿਆਂ ਨੂੰ ਵਿਚਾਰਧਾਰਕ ਆਧਾਰ ਮੁਹੱਈਆ ਕਰਦਾ ਹੈ। ਇਹ ਗੁਲਾਮਦਾਰੀ ਯੁਗ ਵਿੱਚ ਗੁਲਾਮ ਮਾਲਕਾਂ ਦੀ ਪੈਰਵਾਈ ਕਰਦਾ ਰਿਹਾ ਹੈ ਅਤੇ ਜਾਗੀਰੂ-ਰਜਵਾੜਾਸ਼ਾਹੀ ਯੁਗ ਵਿੱਚ ਰਜਵਾੜਾਸ਼ਾਹੀ ਦਾ ਸਿਧਾਂਤਕ ਵਕੀਲ ਰਿਹਾ ਹੈ। ਅੱਜ ਇਹ ਅਰਧ ਜਾਗੀਰੂ ਆਰਥਿਕ ਰਿਸ਼ਤਿਆਂ ਦੀ ਹੀ ਨਹੀਂ, ਸਗੋਂ ਸਾਮਰਾਜੀ (ਪੂੰਜੀਵਾਦੀ) ਆਰਥਿਕ ਰਿਸ਼ਤਿਆਂ ਦੀ ਵੀ ਪੁਸ਼ਤਪਨਾਹੀ ਕਰ ਰਿਹਾ ਹੈ। ਇਸੇ ਕਰਕੇ ਸਾਮਰਾਜੀ ਪੂੰਜੀਵਾਦੀ ਦਾ ਪੈਰੋਕਾਰ ਸਮੁੱਚਾ ਮੀਡੀਆ ਭਾਵ ਸਾਰੇ ਟੀ. ਵੀ. ਚੈਨਲ, ਸਮੇਤ 'ਧਰਮ ਨਿਰਪੱਖ' ਸਰਕਾਰੀ ਚੈਨਲਾਂ ਦੇ, ਅਖ਼ਬਾਰਾਂ ਤੇ ਮੈਗਜ਼ੀਨ 24 ਘੰਟੇ ਇਸ ਬ੍ਰਾਹਮਣਵਾਦ ਦਾ ਪ੍ਰਚਾਰ ਕਰਦੇ ਨਜ਼ਰ ਆਉਂਦੇ ਹਨ।

ਇਥੇ ਬ੍ਰਾਹਮਣਵਾਦ ਬਾਰੇ ਸਿਧਾਂਤਕ ਸਪੱਸ਼ਟਤਾ ਦੀ ਲੋੜ ਹੈ। ਆਰ ਐਸ ਐਸ ਦੀ ਰਾਜਨੀਤੀ ਦਾ ਵਿਚਾਰਧਾਰਕ ਆਧਾਰ ਇਹੀ ਬ੍ਰਾਹਮਣਵਾਦ ਹੈ। ਇਸ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਬ੍ਰਾਹਮਣਵਾਦ ਦਾ ਰਾਜਨੀਤਕ ਰੂਪ ਆਰ ਐਸ ਐਸ ਹੈ। ਬ੍ਰਾਹਮਣਵਾਦ ਹੋਰ ਕੁਝ ਨਹੀਂ ਸਗੋਂ ਠੋਸ ਹਕੀਕਤ ਨੂੰ ਉਲਟੇ ਸਿਰ ਖੜ੍ਹਾ ਕਰਨ ਦੀ ਇਕ ਸੋਚ ਹੈ। ਇਹ ਕੁਦਰਤੀ ਹਕੀਕਤ ਦੀ ਵਿਆਖਿਆ ਠੋਸ ਅਸਲੀਅਤ ਉਤੇ ਆਧਾਰਿਤ ਨਹੀਂ, ਸਗੋਂ ਆਪਣੇ ਦਿਮਾਗਾਂ ਵਿਚ ਬਣੀਆਂ ਮਨ-ਕਲਪਿਤ ਮਾਨਤਾਵਾਂ ਵਿਚੋਂ ਕਰਦਾ ਹੈ। ਇਹ ਇਸ ਸੰਸਾਰ ਦੀ ਵਿਆਖਿਆ, ਕਿਸੇ ਕਲਪਿਤ ਨਰਕ-ਸੁਰਗ, ਪੁਨਰ ਜਨਮ, ਪੁੰਨ-ਪਾਪ, ਕਲਪਿਤ ਦੇਵੀ-ਦੇਵਤਿਆਂ ਬ੍ਰਹਮਾ, ਵਿਸ਼ਨੂੰ, ਮਹੇਸ਼, ਗਣੇਸ਼ ਆਦਿ ਤੇ ਮਨੁੱਖਾਂ ਦੀ ਜਮਾਂਦਰੂ ਨਾਬਰਾਬਰੀ ਦੇ ਸਿਧਾਂਤ ਨੂੰ ਮੰਨ ਕੇ ਕਰਦਾ ਹੈ। ਮਨੁੱਖ ਤੇ ਕੁਦਰਤ ਦੇ ਰਿਸ਼ਤੇ ਦੀ ਕੀਤੀ ਗਈ ਇਹ ਮਨ-ਕਲਪਿਤ ਵਿਆਖਿਆ ਅੱਜ ਸਾਮਰਾਜੀ ਦੌਰ ਵਿਚ ਆ ਕੇ ਹੋਰ ਵੀ ਭਿਅੰਕਰ ਰੂਪ ਧਾਰਨ ਕਰ ਗਈ ਹੈ। ਅੱਜ ਇਹੀ ਬ੍ਰਾਹਮਣਵਾਦ ਸਾਮਰਾਜੀ ਪੂੰਜੀਵਾਦ ਵੱਲੋਂ ਕੁਦਰਤ ਨਾਲੋਂ ਟੁੱਟੇ ਹੋਏ ਇਕ ਕਲਪਿਤ ਸੰਸਾਰ ਦੀ ਉਸਾਰੀ ਨੂੰ ਸਿਧਾਂਤਕ ਆਧਾਰ ਮੁਹੱਈਆ ਕਰ ਰਿਹਾ ਹੈ।

ਜਿੰਨਾ ਚਿਰ ਮਨੁੱਖ ਦਾ ਕੁਦਰਤ ਨਾਲ ਆਪਣਾ ਰਿਸ਼ਤਾ ਤੇ ਇਸ ਰਿਸ਼ਤੇ ਰਾਹੀਂ ਆਪਣੇ ਨਾਲਦਿਆਂ ਮਨੁੱਖਾਂ ਨਾਲ ਰਿਸ਼ਤਾ ਸਪੱਸ਼ਟ ਨਹੀਂ ਹੁੰਦਾ (ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥) ਓਨਾ ਚਿਰ ਬ੍ਰਾਹਮਣਵਾਦ ਬਾਰੇ ਮਨੁੱਖੀ ਚੇਤਨਾ ਵਿਚ ਬਣਿਆ ਭਰਮਜਾਲ ਖਤਮ ਨਹੀਂ ਹੋ ਸਕਦਾ। ਇਹ ਭਰਮਜਾਲ ਖਤਮ ਹੋਏ ਬਿਨਾਂ ਨਾ-ਬਰਾਬਰੀ ਦੇ ਬ੍ਰਾਹਮਣੀ ਸਿਧਾਂਤ ਭਾਵ ਜਾਤਪਾਤ ਤੇ ਕਰਮਕਾਂਡ ਤੋਂ ਖਹਿੜਾ ਨਹੀਂ ਛੁੱਟ ਸਕਦਾ। ਧਰਮ ਇਕ ਅਮੂਰਤ ਵਿਚਾਰ ਨਹੀਂ ਸਗੋਂ ਸਮਾਜੀ ਰਿਸ਼ਤਿਆਂ ਦਾ ਜਮ੍ਹਾਂ-ਜੋੜ ਹੈ, ਜਿਸ ਨੂੰ ਰਾਜ ਅਤੇ ਸਮਾਜ ਪੈਦਾ ਕਰਦਾ ਹੈ ਅਤੇ ਇਸ ਨੂੰ ਮਨੁਖੀ ਚੇਤਨਾ ਵਿਚ ਦ੍ਰਿੜ ਕਰਦਾ ਹੈ। ਇਸ ਲਈ ਜਿੰਨਾ ਚਿਰ ਇਹ ਸਾਮਰਾਜੀ ਪੂੰਜੀਵਾਦੀ ਰਾਜ ਤੇ ਸਮਾਜ ਖਤਮ ਨਹੀਂ ਹੁੰਦੇ, ਓਨਾ ਚਿਰ ਬ੍ਰਾਹਮਣੀ ਧਰਮ ਨੂੰ ਖਤਮ ਕਰਨ ਜਾਂ ਜਾਤਪਾਤ ਦਾ ਬੀਜ ਨਾਸ ਕਰਨ ਦਾ ਭਰਮ ਪਾਲਣਾ ਇਕ ਖਾਮਖਿਆਲੀ ਹੈ।

ਬ੍ਰਾਹਮਣਵਾਦ ਕੁਦਰਤ ਤੇ ਮਨੁੱਖ ਦੇ ਰਿਸ਼ਤੇ ਨੂੰ ਉਲਟੇ ਸਿਰ ਖੜਾ ਕਰ ਦੇਂਦਾ ਹੈ। ਇਹ ਮਨੁੱਖ ਨੂੰ ਕੁਦਰਤ ਦੀ ਸਿਰਜਣਾ ਸਮਝਣ ਦੀ ਬਜਾਇ, ਕਿਸੇ ਮਨ-ਕਲਪਿਤ ਰੱਬ ਨੂੰ ਇਸ ਰਿਸ਼ਤੇ ਵਿਚ ਲਿਆ ਵਾੜਦਾ ਹੈ। ਜਿੰਨਾ ਚਿਰ ਕੁਦਰਤ ਤੇ ਮਨੁਖ ਦੇ ਸਿੱਧੇ ਰਿਸ਼ਤੇ ਦੀ ਸਪੱਸ਼ਟ ਨਿਸ਼ਾਨਦੇਹੀ ਨਹੀਂ ਕੀਤੀ ਜਾਂਦੀ, ਓਨਾ ਚਿਰ ਇਸ ਬ੍ਰਾਹਮਣੀ ਕੂੜ ਵਿਰੁੱਧ ਅਸਰਦਾਰ ਜੰਗ ਨਹੀਂ ਵਿੱਢੀ ਜਾ ਸਕਦੀ। ਕੁਦਰਤ ਤੇ ਮਨੁੱਖ ਦੇ ਰਿਸ਼ਤੇ ਬਾਰੇ ਸਪੱਸ਼ਟ ਹੋਏ ਬਿਨਾਂ ਮਨੁੱਖ ਦਾ ਆਤਮਿਕ ਵਿਕਾਸ ਸੰਭਵ ਨਹੀਂ ਅਤੇ ਆਤਮਿਕ ਵਿਕਾਸ ਬਿਨਾਂ ਮਨੁੱਖ ਦੇ ਅਸਲੀ ਮਨੁੱਖ ਬਣਨ ਦੀ ਕਿਰਿਆ ਸ਼ੁਰੂ ਨਹੀਂ ਹੋ ਸਕਦੀ। ਇਸ ਤੋਂ ਬਿਨਾਂ ਮਨੁੱਖ ਦੀ ਆਪਣੀਆਂ ਕੁਦਰਤੀ ਲੋੜਾਂ ਦੀ ਪਛਾਣ ਕਰਨ ਅਤੇ ਮਨੁੱਖੀ-ਸਮਾਜੀ ਰਿਸ਼ਤਿਆਂ ਨੂੰ ਅਮੀਰ ਭਾਵ ਜਾਤਪਾਤ ਰਹਿਤ ਬਣਾਉਣ ਦੀ ਕਿਰਿਆ ਅੱਧਵਾਟੇ ਰੁਕ ਜਾਂਦੀ ਹੈ। ਜਦੋਂ ਮਨੁੱਖ ਦਾ ਮਨੁੱਖੀ ਤੇ ਸਮਾਜੀ ਵਿਕਾਸ ਹੀ ਰੁਕ ਜਾਏ ਤਾਂ ਜਾਤਪਾਤ ਰਹਿਤ ਹਰ ਤਰ੍ਹਾਂ ਦੀ ਬਰਾਬਰੀ ਦੇ ਸਮਾਜਵਾਦੀ ਸਮਾਜ ਦੀ ਸਿਰਜਣਾ ਦਾ ਕਾਰਜ ਅੱਗੇ ਨਹੀਂ ਵਧ ਸਕਦਾ।

ਬਾਬਾ ਸਾਹਿਬ ਡਾ. ਅੰਬੇਡਕਰ ਨੇ ਇਸੇ ਆਤਮਿਕ ਪੱਖ ਤੋਂ ਕਮਿਊਨਿਸਟਾਂ ਨਾਲੋਂ ਆਪਣਾ ਦਾਰਸ਼ਨਿਕ ਤੋੜ-ਵਿਛੋੜਾ ਕੀਤਾ ਹੈ। ਇਸੇ ਕਰਕੇ ਡਾ. ਅੰਬੇਡਕਰ ਕਹਿੰਦੇ ਹਨ ਕਿ ਕਿਰਤੀ ਵਰਗ ਦੇ ਦੋ ਦੁਸ਼ਮਣ ਹਨ : ਬ੍ਰਾਹਮਣਵਾਦ ਤੇ ਪੂੰਜੀਵਾਦ। ਬ੍ਰਾਹਮਣਵਾਦ ਮਨੁੱਖ ਨੂੰ ਆਤਮਿਕ ਤੌਰ ਉਤੇ ਗੁਲਾਮ



ਬਣਾਉਂਦਾ ਹੈ ਅਤੇ ਲੁਟੇਰੇ ਆਰਥਿਕ ਰਿਸ਼ਤਿਆਂ ਉਤੇ ਆਧਾਰਿਤ ਪੂੰਜੀਵਾਦੀ ਰਾਜਪ੍ਰਬੰਧ ਇਸ ਬ੍ਰਾਹਮਣਵਾਦ ਦੀ ਹਰ ਤਰ੍ਹਾਂ ਰਾਖੀ ਕਰਦਾ ਹੈ। ਭਾਵੇਂ ਇਹ ਖਿਆਲ ਰੱਖਣ ਦੀ ਲੋੜ ਹੈ ਕਿ ਬ੍ਰਾਹਮਣਵਾਦ ਦਾ ਵਿਰੋਧ ਕਰਨ ਲੱਗਿਆਂ 'ਹਿੰਦੂ' ਮਾਨਤਾਵਾਂ ਨੂੰ ਮੰਨਣ ਵਾਲੇ ਲੋਕਾਂ ਦੇ ਜਜ਼ਬਾਤ ਨੂੰ ਠੇਸ ਨਾ ਪਹੁੰਚੇ, ਕਿਉਂਕਿ ਮਨੁੱਖੀ ਚੇਤਨਾ ਵਿਚ ਹਿੰਦੂ ਮਾਨਤਾਵਾਂ ਤੇ ਬ੍ਰਾਹਮਣਵਾਦ ਇਕ ਦੂਜੇ ਦੇ ਸਮਅਰਥੀ ਬਣਾ ਦਿਤੇ ਗਏ ਹਨ। ਇਥੇ ਬੁੱਧ, ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦੀ ਮਿਸਾਲ ਲਈ ਜਾ ਸਕਦੀ ਹੈ, ਜਿਨ੍ਹਾਂ ਨੇ ਕੁਦਰਤ ਤੇ ਮਨੁੱਖ ਦੇ ਹਕੀਕੀ ਰਿਸ਼ਤਿਆਂ ਦਾ ਖੰਡਨ ਕਰਨ ਵਾਲੀਆਂ ਜਾਂ ਕੁਦਰਤੀ ਨੇਮਾਂ (ਹੁਕਮ) ਦੇ ਉਲਟ ਜਾਣ ਵਾਲੀਆਂ ਬ੍ਰਾਹਮਣੀ ਮਾਨਤਾਵਾਂ ਨੂੰ ਰੱਦ ਕਰਨ ਦੀ ਬੜੀ ਖੂਬਸੂਰਤ ਜਾਚ ਦੱਸੀ ਹੈ। ਸਾਡੇ ਇਸ ਕਥਨ ਦੀ ਪੁਸ਼ਟੀ ਬਾਬਾ ਸਾਹਿਬ ਅੰਬੇਡਕਰ ਨੇ ਵੀ ਕੀਤੀ ਹੈ, ਜਦੋਂ ਉਹ ਕਹਿੰਦੇ ਹਨ ਕਿ ਵੇਦਾਂ ਸਾਸ਼ਤਰਾਂ ਨੂੰ ਰੱਦ ਕਰਨ ਸਮੇਂ "ਤੁਹਾਨੂੰ ਓਹੋ ਦ੍ਰਿੜ੍ਹਤਾ ਧਾਰਨ ਕਰਨੀ ਪਵੇਗੀ, ਜਿਹੜੀ ਬੁੱਧ ਨੇ ਕੀਤੀ ਸੀ, ਜਿਹੜੀ ਗੁਰ ਨਾਨਕ ਨੇ ਕੀਤੀ ਸੀ।" ਡਾ. ਅੰਬੇਡਕਰ ਇਹ ਵੀ ਕਹਿੰਦੇ ਹਨ : "ਬ੍ਰਾਹਮਣਵਾਦ ਇਕ ਅਜਿਹੀ ਜ਼ਹਿਰ ਹੈ, ਜਿਸ ਨੇ ਹਿੰਦੂਵਾਦ ਨੂੰ ਦੂਸ਼ਿਤ ਕਰ ਦਿਤਾ ਹੈ। ਜੇ ਤੁਸੀਂ ਬ੍ਰਾਹਮਣਵਾਦ ਨੂੰ ਖਤਮ ਕਰ ਦਿਓਗੇ ਤਾਂ ਹਿੰਦੂਵਾਦ ਨੂੰ ਬਚਾਉਣ ਵਿਚ ਸਫਲ ਹੋ ਜਾਵੋਂਗੇ।"

ਸਾਮਰਾਜੀ ਸੰਸਾਰੀਕਰਨ ਇਕ ਨਵੀਂ ਕਿਸਮ ਦੀ ਗੁਲਾਮੀ ਹੈ। ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦਾ ਮੁੱਖ ਮਕਸਦ ਸਰਕਾਰੀ ਤੇ ਜਨਤਕ ਖੇਤਰ ਦੇ ਅਦਾਰਿਆਂ ਨੂੰ ਨਿੱਜੀ ਹੱਥਾਂ ਵਿਚ ਦੇਣਾ, ਲੋਕਾਂ ਨੂੰ ਮਿਲ ਰਹੀਆਂ ਸਰਕਾਰੀ ਸਹੂਲਤਾਂ ਨੂੰ ਖਤਮ ਕਰਨਾ ਅਤੇ ਸਰਕਾਰ ਦੀਆਂ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਨੂੰ ਘੱਟ ਤੋਂ ਘੱਟ ਕਰਨਾ ਹੈ। ਸੰਸਾਰੀਕਰਨ ਮਿਹਨਤਕਸ਼ਾਂ ਨੂੰ ਲੁੱਟਣ ਲਈ ਸਾਮਰਾਜੀਆਂ ਦੀ ਇਕ ਨਵੀਂ ਸਾਜ਼ਿਸ਼ ਹੈ। ਅਮਰੀਕਾ ਦੀ ਸਰਦਾਰੀ ਹੇਠ ਚੱਲਣ ਵਾਲੇ ਕੌਮਾਂਤਰੀ ਮਾਲੀ ਫੰਡ, ਸੰਸਾਰ ਬੈਂਕ, ਬਹੁਕੌਮੀ ਕਾਰਪੋਰੇਸ਼ਨਾਂ ਤੇ ਯੂਨਾਈਟਡ ਨੇਸ਼ਨਜ਼ ਦੀ ਸਨਅਤੀ ਵਿਕਾਸ ਸੰਸਥਾ, ਇਸ ਸੰਸਾਰੀਕਰਨ ਦੇ ਮੁੱਖ ਸੋਮੇ ਹਨ, ਜਿਨ੍ਹਾਂ ਦਾ ਇਕੋ-ਇਕ ਮਕਸਦ ਹਰ ਚੀਜ਼ ਨੂੰ ਮਾਲ ਵਿਚ ਤਬਦੀਲ ਕਰਕੇ ਵੱਧ ਤੋਂ ਵੱਧ ਮੁਨਾਫਾ ਪੈਦਾ ਕਰਨ ਲਈ ਪੂੰਜੀਪਤੀਆਂ ਵਾਸਤੇ ਸਸਤੀ ਕਿਰਤ ਦੀ ਤਲਾਸ਼ ਕਰਨਾ ਹੈ। ਅੱਜ ਸਸਤੀ ਤੋਂ ਸਸਤੀ ਕਿਰਤ ਹਾਸਲ ਕਰਨ ਲਈ ਹੀ, ਸਾਰੀਆਂ ਬਹੁਕੌਮੀ ਕਾਰਪੋਰੇਸ਼ਨਾਂ ਗਿਰਝਾਂ ਵਾਂਗ ਗਰੀਬ ਮਜ਼ਦੂਰਾਂ ਉਤੇ ਝਪਟ ਰਹੀਆਂ ਹਨ, ਜਿਨ੍ਹਾਂ ਵਿਚ ਦਲਿਤ ਵੀ ਸ਼ਾਮਿਲ ਹਨ।

ਅੱਜ ਸੰਸਾਰ ਬੈਂਕ, ਸਮਾਜ ਦੇ ਕਮਜ਼ੋਰ ਤਬਕਿਆਂ ਨੂੰ ਸਿਹਤ ਸੰਭਾਲ, ਵਿਦਿਆ, ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਦੇਣ ਵਿਚ ਸਰਕਾਰ ਦੇ ਮੋਹਰੀ ਰੋਲ ਅਦਾ ਕਰਨ ਤੋਂ ਬਿਲਕੁੱਲ ਇਨਕਾਰੀ ਹੈ। ਕਲਿਆਣਕਾਰੀ ਸਰਕਾਰ ਦੇ ਰੋਲ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਕੇ ਸੰਸਾਰ ਬੈਂਕ ਕਲਿਆਣਕਾਰੀ ਪ੍ਰੋਗਰਾਮਾਂ ਦੇ ਖਰਚਿਆਂ ਵਿਚ ਕਟੌਤੀ ਕਰਨ, ਪੂੰਜੀਪਤੀਆਂ ਦੀਆਂ ਨਿੱਜੀ ਕੰਪਨੀਆਂ ਨੂੰ ਵੱਧ ਤੋਂ ਵੱਧ ਮੁਨਾਫੇ ਕਮਾਉਣ ਦੀ ਖੁੱਲ੍ਹ ਦੇਣ, ਘਟੋ-ਘੱਟ ਉਜ਼ਰਤਾਂ ਦੇ ਕਾਨੂੰਨਾਂ ਨੂੰ ਖਤਮ ਕਰਨ, ਕਿਰਤ ਕਾਨੂੰਨਾਂ ਨੂੰ ਸਾਮਰਾਜੀਆਂ ਦੇ ਹੱਕ ਵਿਚ ਬਣਾਉਣ ਤੇ ਭੁਗਤਾਉਣ, ਭੂਮੀ ਸੁਧਾਰ ਖਤਮ ਕਰਨ ਲਈ ਮਜਬੂਰ ਕਰਦਾ ਹੈ, ਤਾਂ ਕਿ ਗਰੀਬ ਮਜ਼ਦੂਰ ਆਪਣੀ ਹਰ ਬੁਨਿਆਦੀ ਲੋੜ ਪੂਰੀ ਕਰਨ ਲਈ ਬਾਜ਼ਾਰ ਉਤੇ ਨਿਰਭਰ ਹੋ ਜਾਣ ਤੇ ਆਪਣੀ ਕਿਰਤ ਸ਼ਕਤੀ ਨੂੰ ਸਸਤੀ ਤੋਂ ਸਸਤੀ ਦਰ ਉਤੇ ਵੇਚਣ ਲਈ ਮਜਬੂਰ ਹੋ ਜਾਣ। ਇਸ ਪ੍ਰਸੰਗ ਵਿਚ ਅੱਜ ਦੀ ਹਾਲਤ ਵਿਚ ਜਾਤਪਾਤ ਵਿਰੋਧੀ ਸ਼ਕਤੀਆਂ ਨੂੰ ਪੂੰਜੀਵਾਦੀ ਸੰਸਾਰੀਕਰਨ ਤੇ ਬ੍ਰਾਹਮਣਵਾਦ ਵਿਰੁੱਧ ਸਾਂਝੀ ਲੜਾਈ ਵਿੱਢਣ ਦੀ ਲੋੜ ਹੈ। ਬ੍ਰਾਹਮਣਵਾਦ ਤੇ ਸਾਮਰਾਜੀ ਪੂੰਜੀਵਾਦ ਵਿਰੁੱਧ ਸਾਂਝੀ ਲੜਾਈ ਵਿੱਢਣ ਨਾਲ ਜਿੱਥੇ ਜਾਤਪਾਤ ਬਾਰੇ ਮਨੁੱਖੀ ਚੇਤਨਾ ਵਿਚ ਬਣਿਆ ਭਰਮ ਖਤਮ ਹੋਏਗਾ, ਉਥੇ ਨਾਲ ਹੀ ਹਰ ਤਰ੍ਹਾਂ ਦੀ ਬਰਾਬਰੀ ਦੇ ਸਮਾਜਵਾਦੀ ਸਮਾਜ ਦੀ ਉਸਾਰੀ ਲਈ ਸੰਘਰਸ਼ ਵੀ ਠੀਕ ਲੀਹਾਂ ਉਤੇ ਵਿੱਢਿਆ ਜਾ ਸਕੇਗਾ।

**ਪ੍ਰਸਿੱਧ ਦਲਿਤ ਚਿੰਤਕ ਸ੍ਰੀ ਐਸ ਐਲ ਵਿਰਦੀ ਨੇ ਠੀਕ ਹੀ ਲਿਖਿਆ ਹੈ ਕਿ**

1. ਪੂੰਜੀਵਾਦ ਦਾ ਪਾਸਾਰ ਅੱਜ ਮਨੁੱਖ ਦੇ ਆਰਥਿਕ ਜੀਵਨ ਤੱਕ ਹੀ ਸੀਮਤ ਨਹੀਂ ਸਗੋਂ ਰਾਜਨੀਤਕ, ਧਾਰਮਿਕ ਅਤੇ ਮਾਨਸਿਕ ਜੀਵਨ ਵਿਚ ਵੀ ਫੈਲ ਗਿਆ ਹੈ।
2. ਪੂੰਜੀਪਤੀ, ਰਾਜਨੀਤਕ ਲੀਡਰ ਅਤੇ ਧਾਰਮਿਕ ਆਗੂ ਆਪਸ ਵਿਚ ਰਲ-ਮਿਲ ਗਏ ਹਨ।
3. ਸਨਅਤੀਕਰਨ ਨਾਲ ਮਨੁੱਖਤਾ ਦਾ ਮਸ਼ੀਨੀਕਰਨ ਹੋ ਗਿਆ ਹੈ, ਜਦੋਂ ਕਿ ਮਨੁੱਖ ਰੂਪੀ ਮਸ਼ੀਨ ਨੂੰ ਚਲਾਉਣ ਵਾਲਾ ਉਪਰੇਟਰ (ਪੂੰਜੀਵਾਦ) ਕਿਸੇ ਨੂੰ ਨਜ਼ਰ ਨਹੀਂ ਆਉਂਦਾ। ਪੂੰਜੀਪਤੀ ਲਈ ਔਰਤ ਅਤੇ ਮਰਦ ਦੋਵੇਂ ਬਰਾਬਰ ਦੇ ਔਜਾਰ ਹਨ। ਔਜਾਰ ਰੂਪੀ ਇਸ ਔਰਤ-ਮਰਦ ਕੋਲ ਮਾਂ-ਬਾਪ ਅਤੇ ਬੱਚਿਆਂ ਦਾ ਦੁਖ ਸੁਣਨ ਲਈ ਵਿਹਲ ਹੀ ਨਹੀਂ ਰਹੀ।
4. ਹੁਣ ਔਰਤ-ਮਰਦ ਦੇ ਰਿਸ਼ਤੇ ਵੀ ਪੂੰਜੀ ਨਾਲ ਹੀ ਨਾਪੇ ਤੋਲੇ ਜਾਂਦੇ ਹਨ। ਪੂੰਜੀਵਾਦ ਰਿਸ਼ਤਿਆਂ ਦੀ ਭੰਨਤੋੜ ਬੜੀ ਹੁਸ਼ਿਆਰੀ ਨਾਲ ਕਰਦਾ ਹੈ। ਪਿਉ-ਧੀ, ਮਾਂ-ਪੁੱਤਰ, ਭੈਣ-ਭਰਾ, ਮਾਸੀ-ਭੂਆ ਦੁਆਲੇ ਪੂੰਜੀਵਾਦ ਅਤੇ ਬ੍ਰਾਹਮਣਵਾਦ ਨੇ ਇਕ ਅਜਿਹਾ ਜਾਲ ਬੁਣਿਆ ਹੈ, ਕਿ ਲੋਕਾਂ ਨੂੰ ਰਿਸ਼ਤਿਆਂ ਦੀ ਪਛਾਣ ਹੀ ਨਹੀਂ ਰਹੀ ਤੇ ਨਾ ਹੀ ਕੋਈ ਸ਼ਰਮ ਹਯਾ ਰਹੀ ਹੈ। ਇਸੇ ਕਰਕੇ ਪਰਿਵਾਰ ਟੁੱਟ ਰਹੇ ਹਨ।
5. ਸਮੁੱਚਾ ਪ੍ਰਬੰਧ ਇਸ ਤਰ੍ਹਾਂ ਦਾ ਬਣਾ ਦਿੱਤਾ ਗਿਆ ਹੈ ਕਿ ਮਨੁੱਖ ਆਪਣੇ-ਆਪ ਹੀ ਇੱਧਰ-ਓਧਰ ਦੌੜ ਰਿਹਾ ਹੈ। ਪ੍ਰੇਸ਼ਾਨੀ ਵਿਚ ਖਪ ਰਿਹਾ ਹੈ ਅਤੇ ਥੱਕ ਹਾਰ ਕੇ ਮੌਤ ਦੇ ਮੂੰਹ ਵਿਚ ਡਿੱਗ ਰਿਹਾ ਹੈ।
6. ਪੂੰਜੀਵਾਦ ਨੇ ਰਹਿਣ-ਸਹਿਣ, ਖਾਣ-ਪੀਣ, ਪਹਿਨਣ-ਪਚਰਣ, ਸਭ ਕੁਝ ਬਨਾਉਟੀ ਵਿਖਾਵਾ ਬਣਾ ਦਿੱਤਾ ਹੈ। ਮਣਾਂ ਮੂੰਹੀਂ (ਪੀਜ਼ਾ-ਬਰਗਰ) ਫਾਸਟ ਤੇ ਜੰਕ ਫੂਡ ਰੋਜ਼ਾਨਾ ਲੋਕਾਂ ਦੇ ਅੰਦਰ ਤੁੰਨਿਆ ਜਾ ਰਿਹਾ ਹੈ। ਸਿੱਟੇ ਵਜੋਂ ਮਨੁੱਖ ਮੋਟੇ ਹੋਣ ਦੇ ਨਾਲ-ਨਾਲ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਯੂਰਿਕ ਐਸਿਡ ਅਤੇ ਕੋਲੈਸਟਰੋਲ ਅਤੇ ਦਿਲ ਦੇ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ। ਲੋਕਾਂ ਨੂੰ ਰੋਗੀ ਬਣਾ ਕੇ ਪੂੰਜੀਵਾਦੀ ਡਰੱਗ ਮਾਫੀਆ ਆਪਣੀਆਂ ਦਵਾਈਆਂ ਵੇਚ ਰਿਹਾ ਹੈ ਅਤੇ ਅਰਬਾਂ-ਖਰਬਾਂ ਰੁਪਏ ਦੇ ਵਾਰੇ-ਨਿਆਰੇ ਕਰ ਰਿਹਾ ਹੈ। ਸਾਰਾ ਸਰਕਾਰੀ ਅਤੇ ਕਾਨੂੰਨੀ ਤੰਤਰ ਪੂੰਜੀਵਾਦ ਦੀ ਇਸ ਲੁੱਟ ਵਿਚ ਸ਼ਾਮਲ ਹੈ।
7. ਪੂੰਜੀਵਾਦ ਨੇ ਇਮੀਗਰੇਸ਼ਨ ਕੰਸਲਟੈਂਟ, ਰੀਅਲ ਇਸਟੇਟ ਏਜੰਟ, ਉਚੀਆਂ-ਉਚੀਆਂ ਇਮਾਰਤਾਂ ਬਣਾਉਣ ਵਾਲੇ, ਬਿਊਟੀ ਮਸਾਜ ਪਾਰਲਰ ਚਲਾਉਣ ਵਾਲੇ ਅਤੇ ਉਚੀਆਂ ਵਿਆਜ਼ ਦਰਾਂ ਉਤੇ ਕਰਜ਼ੇ ਦਿਵਾ ਕਿ ਕਮਿਸ਼ਨਾਂ ਨਾਲ ਆਪਣੀਆਂ ਜੇਬਾਂ ਭਰਨ ਵਾਲੇ ਦਲਾਲ ਪੈਦਾ ਕਰਕੇ ਪੂਰੇ ਸੰਸਾਰ ਵਿਚ ਆਪਣਾ ਜਾਲ ਵਿਛਾ ਰੱਖਿਆ ਹੈ। ਪੂੰਜੀਵਾਦ ਨੇ ਲੋਕਾਂ ਦੁਆਲੇ ਦੁਨੀਆ ਹੀ ਅਜਿਹੀ ਸਿਰਜ ਦਿੱਤੀ ਹੈ ਕਿ ਕ੍ਰੈਡਿਟ ਕਾਰਡ, ਬਿਜਲੀ ਪਾਣੀ ਦੇ ਬਿੱਲ, ਘਰਾਂ ਦੀਆਂ ਕਿਸ਼ਤਾਂ, ਗੱਡੀਆਂ ਦੀਆਂ ਕਿਸ਼ਤਾਂ, ਗੱਡੀਆਂ ਦੀ ਮੁਰੰਮਤ ਦਾ ਜਾਲ ਬੰਦੇ ਨੂੰ ਟਿਕ ਕੇ ਨਹੀਂ ਬੈਠਣ ਦੇਂਦੇ।
8. ਅੱਜ ਬੰਦਾ ਵੱਡੇ-ਵੱਡੇ ਵੇਅਰ ਹਾਊਸਾਂ, ਸਟੋਰਾਂ, ਮਾਲਾਂ ਵਿਚ ਜਾ ਕੇ ਓਹੀ ਕੁਝ ਖਰੀਦਦਾ ਹੈ, ਜੋ ਪੂੰਜੀਵਾਦੀ ਪ੍ਰਚਾਰ ਰਾਹੀਂ ਉਸ ਨੂੰ ਦੱਸਿਆ ਜਾਂਦਾ ਹੈ। ਪੂੰਜੀਵਾਦ ਨੇ ਹੈਰੀ ਪੋਟਰ , ਬਾਰਬੀ ਡੌਲ, ਸੁਪਰਮੈਨ, ਸਪਾਈਡਰਮੈਨ ਵਰਗੇ ਨਕਲੀ ਹੀਰੋ ਬੱਚਿਆਂ ਦੇ ਦਿਮਾਗਾਂ ਵਿਚ ਅਜਿਹੇ ਭਰ ਦਿੱਤੇ ਹਨ ਕਿ ਉਹ ਇਨ੍ਹਾਂ ਨੂੰ ਹੀ ਆਪਣਾ ਨਾਇਕ ਸਮਝਦੇ ਹਨ। ਜ਼ਿੰਦਗੀ ਦੇ ਅਸਲ ਹੀਰੋ ਇਨ੍ਹਾਂ ਨੇ ਜ਼ੀਰੋ ਕਰ ਦਿੱਤੇ ਹਨ। ਬੱਚੇ ਆਪਣੀ ਮਾਂ ਬੋਲੀ, ਆਪਣੇ ਸਿਹਤਮੰਦ ਸਭਿਆਚਾਰ, ਸਭ ਕੁਝ ਨੂੰ ਛੱਡ-ਛੁਡਾਅ ਕੇ ਕਿਸੇ ਹੋਰ ਹੀ ਦੁਨੀਆ ਵਿਚ ਗੁਆਚ ਗਏ ਹਨ। ਬੱਚੇ ਦੁਕਾਨਾਂ, ਸਟੋਰਾਂ ਵਿਚ ਜਾ ਕੇ ਮਾਪਿਆਂ ਦੀ ਗੱਲ ਨਹੀਂ ਸੁਣਦੇ, ਸਗੋਂ ਜੋ ਕੁਝ ਉਨ੍ਹਾਂ ਦੇ ਦਿਮਾਗਾਂ ਵਿਚ ਟੀ ਵੀ ਚੈਨਲਾਂ ਨੇ ਭਰਿਆ ਪਿਆ ਹੈ, ਉਸ ਨੂੰ ਲੈਣ ਦੀ ਜ਼ਿੱਦ ਕਰਦੇ ਹਨ। ਬੱਚੇ ਕਿਸੇ ਸਿਆਣੇ ਦੀ ਗੱਲ ਨਹੀਂ ਸੁਣਦੇ ਸਗੋਂ ਆਪਣੀ ਮਨਮਰਜ਼ੀ ਕਰਨ ਲਈ ਬਜ਼ਿੱਦ ਹਨ। ਬੰਦਾ ਰੋਜ਼ਮਰ੍ਹਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਦਿਨ ਰਾਤ ਕੰਮ ਉਤੇ ਟੁੱਟ-ਟੁੱਟ ਕੇ ਮਰਦਾ ਹੈ ਪਰ ਬੱਚਿਆਂ ਨੂੰ ਟੀ ਵੀ, ਵੀਡੀਓ, ਕੰਪਿਊਟਰ ਗੇਮਾਂ ਤੋਂ ਹੀ ਵਿਹਲ ਨਹੀਂ। ਇਹ ਸਾਰਾ ਕੁਝ ਨਵੀਆਂ-ਨਵੀਆਂ ਗੇਮਾਂ, ਗਾਣੇ, ਸੰਗੀਤ, ਫਿਲਮਾਂ, ਬਰੈਂਡਿਡ ਕੱਪੜਿਆਂ ਦਾ ਕਰੇਜ਼ ਆਪਣੇ-ਆਪ ਨਹੀਂ ਆ ਰਿਹਾ ਸਗੋਂ ਪੂੰਜੀਪਤੀ ਲਿਆ ਰਿਹਾ ਹੈ ਅਤੇ ਬੜੀ ਮੱਕਾਰੀ ਨਾਲ ਬੱਚਿਆਂ ਦੀ ਮਾਨਸਿਕਤਾ ਨੂੰ ਕਾਬੂ ਕਰਕੇ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਹੜੱਪ ਰਿਹਾ ਹੈ।
9. ਰੇਡੀਓ, ਟੀ ਵੀ ਚੈਨਲਾਂ 'ਤੇ ਵਾਰ-ਵਾਰ

ਬਾਕੀ ਸਫ਼ਾ 28 'ਤੇ

# ਨਹਿਰੂ ਬਾਰੇ ਬੁਣੇ ਝੂਠ ਦੇ ਜਾਲ 'ਚ ਖੁਦ ਹੀ ਫਸਦੇ ਜਾ ਰਹੇ ਹਨ ਨਰਿੰਦਰ ਮੋਦੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਸਤੇ ਚੋਣ ਜਿੱਤਣਾ ਬੜੀ ਗੱਲ ਨਹੀਂ ਹੈ। ਉਹ ਜਿੰਨੀਆਂ ਚੋਣਾਂ ਜਿੱਤ ਚੁੱਕੇ ਹਨ ਤੇ ਜਿਤਾ ਚੁੱਕੇ ਹਨ, ਉਹ ਰਿਕਾਰਡ ਵੀ ਲੰਮੇ ਸਮੇਂ ਤੱਕ ਰਹੇਗਾ। ਕਰਨਾਟਕ ਦੀ ਜਿੱਤ ਕੋਈ ਬੜੀ ਗੱਲ ਨਹੀਂ ਹੈ ਪ੍ਰੰਤੂ ਅੱਜ ਪ੍ਰਧਾਨ ਮੰਤਰੀ ਨੂੰ ਆਪਣੀ ਹਾਰ ਦੇਖਣੀ ਚਾਹੀਦੀ ਹੈ ਕਿ ਉਹ ਕਿਸ ਤਰ੍ਹਾਂ ਆਪਣੇ ਭਾਸ਼ਣਾਂ ਵਿੱਚ ਹਾਰਦੇ ਜਾ ਰਹੇ ਹਨ। ਤੁਹਾਨੂੰ ਇਹ ਹਾਰ ਚੋਣ ਨਤੀਜਿਆਂ ਵਿੱਚ ਨਹੀਂ ਦਿਖੇਗੀ, ਇਹ ਹਾਰ ਉੱਥੇ ਦਿਖੇਗੀ ਜਿੱਥੇ ਨਰਿੰਦਰ ਮੋਦੀ ਦੇ ਭਾਸ਼ਣਾਂ ਵਿਚਲਾ ਝੂਠ ਫੜਿਆ ਜਾ ਰਿਹਾ ਹੁੰਦਾ ਹੈ। ਉਨ੍ਹਾਂ ਦੁਆਰਾ ਬੋਲੇ ਗਏ ਤੱਥਾਂ ਦੀ ਜਾਂਚ ਹੋ ਰਹੀ ਹੁੰਦੀ ਹੈ। ਇਤਿਹਾਸ ਦੀ ਦਹਿਲੀਜ਼ ਉੱਤੇ ਖੜ੍ਹੇ ਹੋ ਕੇ ਝੂਠ ਦੇ ਸਹਾਰੇ ਪ੍ਰਧਾਨ ਮੰਤਰੀ ਇਤਿਹਾਸ ਦਾ ਮਜ਼ਾਕ ਉਡਾ ਰਹੇ ਹਨ। ਇਤਿਹਾਸ ਉਨ੍ਹਾਂ ਦੇ ਇਸ ਦੁਸਾਹਸ ਨੂੰ ਨੋਟ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣਾ ਸਿਖਰ ਚੁਣ ਲਿਆ ਹੈ। ਉਨ੍ਹਾਂ ਦਾ ਇੱਕ ਸਿਖਰ ਅਸਮਾਨ ਵਿੱਚ ਹੈ ਅਤੇ ਇੱਕ ਰਸਾਤਲ ਦੀਆਂ ਉਨ੍ਹਾਂ ਨੀਵਾਣਾਂ ਵਿੱਚ ਵੀ ਹੈ ਜਿੱਥੇ ਨਾ ਕੋਈ ਮਰਿਆਦਾ ਹੈ, ਨਾ ਪੱਧਰ ਹੈ। ਉਨ੍ਹਾਂ ਨੂੰ ਹਰ ਕੀਮਤ ਉਤੇ ਸੱਤਾ ਚਾਹੀਦੀ ਹੈ ਤਾਂ ਕਿ ਉਹ ਸਭ ਨੂੰ ਸਿਖਰ ਉਤੇ ਦਿਖਾਈ ਦੇਣ ਪਰ ਖ਼ੁਦ ਰਹਿਣਪਤਾਲ ਵਿੱਚ। ਇਹ ਹੇਠ ਗਿਰਨਾ ਹੀ ਹੈ ਕਿ ਇੱਕ ਨਾਇਕ ਹੋ ਕੇ ਵੀ ਉਨ੍ਹਾਂ ਦੀਆਂ ਗੱਲਾਂ ਦੀ ਢੁਲਾਈ ਹੋ ਜਾਂਦੀ ਹੈ। ਇਸ ਗਿਰਾਵਟ ਦੀ ਚੋਣ ਉਹ ਖ਼ੁਦ ਕਰਦੇ ਹਨ, ਜਦੋਂ ਉਹ ਗਲਤ ਤੱਥ ਰੱਖਦੇ ਹਨ, ਝੂਠਾ ਇਤਿਹਾਸ ਰੱਖਦੇ ਹਨ, ਵਿਰੋਧੀ ਨੇਤਾ ਨੂੰ ਉਨ੍ਹਾਂ ਦੀ ਮਾਂ ਦੀ ਬੋਲੀ ਵਿੱਚ ਬਹਿਸ ਦੀਚੁਣੌਤੀ ਦਿੰਦੇ ਹਨ। ਇਹ ਗਲੀ ਦੀ ਭਾਸ਼ਾ ਹੈ ਪ੍ਰਧਾਨ ਮੰਤਰੀ ਦੀ ਨਹੀਂ।

## ਇਤਿਹਾਸ ਨਾਲ ਖਿਲਵਾੜ ਕਿਉਂ ਕਰ ਰਹੇ ਹਨ ਪੀਐੱਮ ਮੋਦੀ

ਦਰਅਸਲ ਪ੍ਰਧਾਨ ਮੰਤਰੀ ਲਈ ਨਹਿਰੂ ਚਣੌਤੀ ਬਣ ਰਹੇ ਹਨ। ਉਨ੍ਹਾਂ ਖੁਦ ਨਹਿਰੂ ਨੂੰ ਚੁਣੌਤੀ ਮੰਨ ਲਿਆ ਹੈ। ਉਹ ਲਗਾਤਾਰ ਨਹਿਰੂ ਨੂੰ ਭੰਡਦੇ ਰਹਿੰਦੇ ਹਨ। ਉਨ੍ਹਾਂ ਦੇ ਸਮਰਥਕਾਂ ਦੀ ਫੌਜ ਵਟਸਐਪ ਨਾਮ ਦੀ ਝੂਠੀ ਯੂਨੀਵਰਸਿਟੀ ਵਿੱਚ ਨਹਿਰੂ ਨੂੰ ਲੈ ਕੇ ਲਗਾਤਾਰ ਝੂਠ ਫੈਲਾ ਰਹੀ ਹੈ। ਨਹਿਰੂ ਦੇ ਸਾਹਮਣੇ ਇਕ ਹੋਰ ਝੂਠਾ ਨਹਿਰੂ ਖੜ੍ਹਾ ਕੀਤਾ ਜਾ ਰਿਹਾ ਹੈ। ਹੁਣ ਲੜਾਈ ਮੋਦੀ ਅਤੇ ਨਹਿਰੂ ਦੀ ਨਹੀਂ ਰਹਿ ਗਈ ਹੈ ਸਗੋਂ ਹੁਣ ਲੜਾਈ ਹੋ ਗਈ ਹੈ ਅਸਲੀ ਨਹਿਰੂ ਅਤੇ ਝੂਠ ਨਾਲ ਬਣਾਏ ਗਏ ਨਹਿਰੂ ਦੀ। ਤੁਸੀਂ ਜਾਣਦੇ ਹੋ ਇਸ ਲੜਾਈ ਵਿੱਚ ਜਿੱਤ ਅਸਲੀ ਨਹਿਰੂ ਦੀ ਹੀ ਹੋਵੇਗੀ। ਨਹਿਰੂ ਨਾਲ ਲੜਦੇ ਲੜਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਾਰੇ ਪਾਸੇ ਨਹਿਰੂ ਦਾ ਭੂਤ ਖੜ੍ਹਾ ਹੋ ਗਿਆ ਹੈ। ਨਹਿਰੂ ਦਾ ਆਪਣਾ ਇਤਿਹਾਸ ਹੈ, ਉਹ ਕਿਤਾਬਾਂ ਨੂੰ ਫੂਕ ਦੇਣ ਅਤੇ ਤੀਨ ਮੂਰਤੀ ਭਵਨ ਨੂੰ ਢਾਹ ਦੇਣ ਨਾਲ ਨਹੀਂ ਮਿਟੇਗਾ। ਇਹ ਗਲਤੀ ਖ਼ੁਦ ਮੋਦੀ ਕਰ ਰਹੇ ਹਨ। ਨਹਿਰੂ-ਨਹਿਰੂ ਕਰਦੇ-ਕਰਦੇ ਉਹ ਚਾਰੇ ਪਾਸੇ ਨਹਿਰੂ ਖੜ੍ਹਾ ਕਰ ਰਹੇ ਹਨ। ਮੋਦੀ ਦੇ ਆਸ ਪਾਸ ਹੁਣ ਨਹਿਰੂ ਦਿਖਾਈ ਦੇਣ ਲੱਗੇ ਹਨ। ਉਨ੍ਹਾਂ ਦੇ ਸਮਰਥਕ ਵੀ ਕੁਝ ਦਿਨਾਂ ਵਿੱਚ ਨਹਿਰੂ ਬਾਰੇ ਮਾਹਰ ਹੋ ਜਾਣਗੇ, ਮੋਦੀ ਦੇ ਨਹੀਂ। ਭਾਵੇਂ ਹੀ ਉਨ੍ਹਾਂ ਕੋਲ ਝੂਠ ਨਾਲ ਬਣਾਇਆ ਗਿਆ ਨਹਿਰੂ ਹੋਵੇਗਾ ਪਰ ਹੋਵੇਗਾ ਨਹਿਰੂ ਹੀ।

ਪ੍ਰਧਾਨ ਮੰਤਰੀ ਦੇ ਚੋਣ ਭਾਸ਼ਣਾਂ ਨੂੰ ਸੁਣ ਕੇ ਲੱਗਦਾ ਹੈ ਕਿ ਨਹਿਰੂ ਦਾ ਇਹੋ ਯੋਗਦਾਨ ਹੈ ਕਿ ਉਨ੍ਹਾਂ ਨੇ ਕਦੇ ਸੁਭਾਸ਼ ਚੰਦਰ ਬੋਸ, ਕਦੇ ਪਟੇਲ ਅਤੇ ਕਦੇ ਭਗਤ ਸਿੰਘ ਦਾ ਅਪਮਾਨ ਕੀਤਾ ਹੈ। ਉਹ ਆਜ਼ਾਦੀ ਦੀ ਜੰਗ ਵਿੱਚ ਨਹੀਂ ਸਨ, ਉਹ ਸਿਰਫ ਕੁਝ ਆਗੂਆਂ ਨੂੰ ਅਪਮਾਨਤ ਕਰਨ ਲਈ ਲੜ ਰਹੇ ਸਨ। ਕੀ ਨਹਿਰੂ ਇਨ੍ਹਾਂ ਲੋਕਾਂ ਦਾ ਅਪਮਾਨ ਕਰਦੇ ਹੋਏ ਬ੍ਰਿਟਿਸ਼ ਹਕੂਮਤ ਦੀਆਂ ਜੇਲ੍ਹਾਂ ਵਿੱਚ ਨੌਂ ਸਾਲ ਰਹੇ ਸਨ? ਇਨ੍ਹਾਂ ਆਗੂਆਂ ਵਿਚਾਲੇ ਵਿਚਾਰਧਾਰਕ ਦੂਰੀ, ਅੰਤਰ ਵਿਰੋਧ ਅਤੇ ਅਲੱਗ ਅਲੱਗ ਰਸਤੇ ਉੱਤੇ ਚੱਲਣ ਦੀ ਧੁਨ ਨੂੰ ਅਸੀਂ ਕਦੋਂ ਤੱਕ ਅਪਮਾਨ ਕਰਨ ਦੇ ਫਰੇਮ ਵਿੱਚੋਂ ਦੇਖਾਂਗੇ। ਇਸ ਹਿਸਾਬ ਨਾਲ ਤਾਂ ਉਸ ਦੌਰ ਵਿੱਚ ਹਰ ਕੋਈ ਇੱਕ ਦੂਜੇ ਦਾ ਅਪਮਾਨ ਹੀ ਕਰ ਰਿਹਾ ਸੀ। ਰਾਸ਼ਟਰੀ ਅੰਦੋਲਨ ਦੀ ਇਹੋ ਖ਼ੂਬੀ ਸੀ ਕਿ ਅਲੱਗ ਅਲੱਗ ਵਿਚਾਰਾਂ ਵਾਲੇ ਇੱਕ ਤੋਂ ਇੱਕ ਕੱਦਾਵਰ ਨੇਤਾ ਸਨ। ਇਹੋ ਖ਼ੂਬੀ ਗਾਂਧੀ ਦੀ ਸੀ, ਉਨ੍ਹਾਂ ਦੁਆਰਾ ਬਣਾਏ ਦੌਰ ਦੀ ਸੀ, ਜਿਸ ਕਾਰਨ ਕਾਂਗਰਸ ਵਿਚ ਅਤੇ ਕਾਂਗਰਸ ਤੋਂ ਬਾਹਰ ਆਗੂਆਂ ਦਾ ਭਰਿਆ ਆਕਾਸ਼ ਦਿਖਾਈ ਦਿੰਦਾ ਸੀ ਗਾਂਧੀ ਨੂੰ ਵੀ ਇਹ ਮੌਕਾ ਉਨ੍ਹਾਂ ਤੋਂ ਪਹਿਲਾਂ ਦੇ ਆਗੂਆਂ ਅਤੇ ਸਮਾਜ ਸੁਧਾਰਕਾਂ ਨੇ ਉਪਲੱਬਧ ਕਰਾਇਆ ਸੀ। ਮੋਦੀ ਦੇ ਹੀ ਸ਼ਬਦਾਂ ਵਿੱਚ ਇਹ ਭਗਤ ਸਿੰਘ ਦਾ ਵੀ ਅਪਮਾਨ ਹੈ ਕਿ ਉਨ੍ਹਾਂ ਦੀ ਸਾਰੀ ਕੁਰਬਾਨੀ ਨੂੰ ਨਹਿਰੂ ਵਾਸਤੇ



ਰਚੇ ਗਏ ਇੱਕ ਝੂਠ ਨਾਲ ਜੋੜਿਆ ਜਾ ਰਿਹਾ ਹੈ।

ਭਗਤ ਸਿੰਘ ਅਤੇ ਨਹਿਰੂ ਨੂੰ ਲੈ ਕੇ ਪ੍ਰਧਾਨ ਮੰਤਰੀ ਨੇ ਜੋ ਗ਼ਲਤ ਬੋਲਿਆ ਹੈ, ਉਹ ਗ਼ਲਤ ਹੀ ਨਹੀਂ ਬਲਕਿ ਝੂਠ ਹੈ। ਨਹਿਰੂ ਅਤੇ ਫੀਲਡ ਮਾਰਸ਼ਲ ਕਰਿਅੱਪਾ ਜਨਰਲ ਥਿਮਇਆ ਨੂੰ ਲੈ ਕੇ ਜੋ ਗ਼ਲਤ ਬੋਲਿਆ ਹੈ, ਉਹ ਵੀ ਝੂਠ ਸੀ। ਕਈ ਲੋਕ ਇਸ ਗਲਤ-ਫਹਿਮੀ ਵਿੱਚ ਰਹਿੰਦੇ ਹਨ ਕਿ ਇਹ ਪ੍ਰਧਾਨ ਮੰਤਰੀ ਦੀ ਰਿਸਰਚ ਟੀਮ ਦੀ ਗਲਤੀ ਹੈ। ਤੁਸੀਂ ਗੌਰ ਨਾਲ ਉਨ੍ਹਾਂ ਦੇ ਬਿਆਨਾਂ ਨੂੰ ਦੇਖੋ, ਜਦੋਂ ਤੁਸੀਂ ਇਕ ਇੱਕ ਸ਼ਬਦ ਦੇ ਨਾਲ ਪੂਰੇ ਧਿਆਨ ਨੂੰ ਦੇਖੋਗੇ ਤਾਂ ਉਹਦੇ ਵਿੱਚ ਇੱਕ ਡਿਜ਼ਾਈਨ ਦਿਖੇਗਾ। ਭਗਤ ਸਿੰਘ ਵਾਲੇ ਬਿਆਨ ਵਿੱਚ ਹੀ ਸਭ ਤੋਂ ਪਹਿਲਾਂ ਉਹ ਖ਼ੁਦ ਨੂੰ ਅਲੱਗ ਕਰਦੇ ਹਨ, ਕਹਿੰਦੇ ਹਨ ਕਿ ਉਨ੍ਹਾਂ ਨੂੰ ਇਤਿਹਾਸ ਦੀ ਜਾਣਕਾਰੀ ਨਹੀਂ ਹੈ ਅਤੇ ਫਿਰ ਅਗਲੇ ਵਾਕਾਂ ਵਿੱਚ ਵਿਸ਼ਵਾਸ ਦੇ ਨਾਲ ਕਹਿੰਦੇ ਹੋਏ ਸਵਾਲਾਂ ਦੇ ਅੰਦਾਜ਼ ਵਿੱਚ ਗੱਲ ਰੱਖਦੇ ਹਨ ਕਿ ਉਸ ਵਕਤ ਜਦੋਂ ਭਗਤ ਸਿੰਘ ਜੇਲ੍ਹ ਵਿੱਚ ਸੀ, ਤਦ ਕੋਈ ਕਾਂਗਰਸੀ ਨੇਤਾ ਮਿਲਣ ਨਹੀਂ ਗਿਆ। ਜੇਕਰ ਤੁਸੀਂ ਗੁਜਰਾਤ ਚੋਣਾਂ ਵਿੱਚ ਮਣੀਸ਼ੰਕਰ ਅਈਅਰ ਦੇ ਘਰ ਹੋਈ ਬੈਠਕ ਉਤੇ ਉਨ੍ਹਾਂ ਦੇ ਬਿਆਨ ਨੂੰ ਇਸੇ ਤਰ੍ਹਾਂ ਦੇਖੋਗੇ ਤਾਂ ਇੱਕ ਡਿਜ਼ਾਈਨ ਨਜ਼ਰ ਆਵੇਗਾ।

ਬਿਆਨਾਂ ਦੇ ਡਿਜ਼ਾਈਨਰ ਨੂੰ ਇਹ ਪਤਾ ਹੋਵੇਗਾ ਕਿ ਆਮ ਜਨਤਾ ਇਤਿਹਾਸ ਨੂੰ ਕਿਤਾਬਾਂ ਤੋਂ ਨਹੀਂ, ਕੁਝ ਅਫਵਾਹਾਂ ਤੋਂ ਜਾਣਦੀ ਹੈ। ਭਗਤ ਸਿੰਘ ਬਾਰੇ ਇਹ ਅਫਵਾਹ ਆਮ ਹੈ ਕਿ ਉਸ ਸਮੇਂ ਦੇ ਨੇਤਾਵਾਂ ਨੇ ਉਨ੍ਹਾਂ ਨੂੰ ਫਾਂਸੀ ਤੋਂ ਬਚਾਉਣ ਦਾ ਯਤਨ ਨਹੀਂ ਕੀਤਾ। ਇਸ ਲੋਕਾਚਾਰੀ ਅਫਵਾਹ ਨਾਲ ਤਾਰ ਮਿਲਾ ਕੇ ਅਤੇ ਉਸ ਦੇ ਆਧਾਰ ਉੱਤੇ ਨਹਿਰੂ ਨੂੰ ਸ਼ੱਕੀ ਬਣਾਇਆ ਗਿਆ। ਨਾਂ ਲਏ ਬਿਨਾਂ ਕਿਹਾ ਗਿਆ ਕਿ ਨਹਿਰੂ ਭਗਤ ਸਿੰਘ ਨੂੰ ਮਿਲਣ ਨਹੀਂ ਗਏ। ਇਹ ਇੰਨਾ ਸਧਾਰਨ ਤੱਥ ਹੈ ਕਿ ਇਹਦੇ ਵਿੱਚ ਕਿਸੇ ਵੀ ਰਿਸਰਚ ਟੀਮ ਤੋਂ ਗਲਤੀ ਹੋ ਹੀ ਨਹੀਂ ਸਕਦੀ। ਤਾਰੀਖ ਅਤੇ ਸਾਲ ਵਿੱਚ ਭੁੱਲ ਹੋ ਸਕਦੀ ਸੀ ਪਰ ਪੂਰਾ ਪ੍ਰਸੰਗ ਹੀ ਗਲਤ ਹੋਵੇ, ਇਹ ਇਕ ਪੈਟਰਨ ਦੱਸਦਾ ਹੈ। ਇਹ ਹੋਰ ਗੱਲ ਹੈ ਕਿ ਭਗਤ ਸਿੰਘ ਫਿਰਕਾਪ੍ਰਸਤੀ ਦੇ ਘੋਰ ਵਿਰੋਧੀ ਸਨ ਅਤੇ ਰੱਬ ਨੂੰ ਨਹੀਂ ਮੰਨਦੇ ਸਨ। ਫਿਰਕਾਪ੍ਰਸਤੀ ਦੇ ਸਵਾਲ ਉੱਤੇ ਨਾਸਤਿਕ ਹੋ ਕੇ ਜਿੰਨਾ ਭਗਤ ਸਿੰਘ ਸਪੱਸ਼ਟ ਹਨ, ਉਨੇ ਹੀ ਆਸਤਿਕ ਹੋ ਕੇ ਨਹਿਰੂ ਵੀ ਹਨ। ਬਲਕਿ ਦੋਵੇਂ ਕਰੀਬ ਦਿਖਦੇ ਹਨ। ਨਹਿਰੂ ਅਤੇ ਭਗਤ ਸਿੰਘ ਇੱਕ ਦੂਜੇ ਦਾ ਸਨਮਾਨ ਕਰਦੇ ਸਨ,ਵਿਰੋਧ ਵੀ ਹੋਵੇਗਾ ਤਾਂ ਕੀ ਇਸ ਦਾ ਹਿਸਾਬ ਚੋਣ ਰੈਲੀਆਂ ਵਿੱਚ ਹੋਵੇਗਾ।

ਨਹਿਰੂ ਦਾ ਸਾਰਾ ਇਤਿਹਾਸ ਤੇ ਆਲੋਚਨਾ ਅਨੇਕਾਂ ਕਿਤਾਬਾਂ ਵਿੱਚ ਦਰਜ ਹੈ। ਪ੍ਰਧਾਨ ਮੰਤਰੀ ਮੋਦੀ ਹੁਣ ਆਪਣਾ ਇਤਿਹਾਸ ਰਚ ਰਹੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ ਹੈ ਇਹ ਘੱਟ ਤੋਂ ਘੱਟ ਝੂਠ ਉਤੇ ਆਧਾਰਤ ਨਾ ਹੋਵੇ। ਉਨ੍ਹਾਂ ਨੂੰ ਇਹ ਛੋਟ ਨਾ ਤਾਂ ਬੀਜੇਪੀ ਦੇ ਪ੍ਰਚਾਰਕ ਦੇ ਤੌਰ 'ਤੇ ਹੈ, ਨਾ ਹੀ ਪ੍ਰਧਾਨ ਮੰਤਰੀ ਦੇ ਤੌਰ 'ਤੇ। ਕਾਇਦੇ ਨਾਲ ਉਨ੍ਹਾਂ ਨੂੰ ਇਸ ਗੱਲ ਲਈ ਮਾਫੀ ਮੰਗਣੀ ਚਾਹੀਦੀ ਹੈ, ਤਾਂ ਕਿ ਵਟਸਐਪ ਯੂਨੀਵਰਸਿਟੀ ਦੇ ਜ਼ਰੀਏ ਨਹਿਰੂ ਨੂੰ ਲੈ ਕੇ ਫੈਲਾਏ ਜਾ ਰਹੇ ਜ਼ਹਿਰ ਉੱਤੇ ਰੋਕ ਲੱਗੇ। ਹੁਣ ਮੋਦੀ ਹੀ ਨਹਿਰੂ ਨੂੰ ਆਰਾਮ ਦੇ ਸਕਦੇ ਹਨ। ਨਹਿਰੂ ਨੂੰ ਆਰਾਮ ਮਿਲੇਗਾ ਤਾਂ ਮੋਦੀ ਨੂੰ ਵੀ ਆਰਾਮ ਮਿਲੇਗਾ।

# ਪੱਛਮੀ ਬੰਗਾਲ : ਪੰਚਾਇਤੀ ਚੋਣਾਂ ਦੌਰਾਨ ਭਾਰੀ ਹਿੰਸਾ ਵਿਚ 13 ਵਿਅਕਤੀਆਂ ਦੀ ਮੌਤ, 43 ਜ਼ਖ਼ਮੀ

## ਕੇਂਦਰ ਸਰਕਾਰ ਨੇ ਹਿੰਸਾ ਬਾਰੇ ਮੰਗੀ ਰਿਪੋਰਟ

**ਕੋਲਕਾਤਾ/ਬਿਊਰੋ ਨਿਊਜ਼ :**

ਪੱਛਮੀ ਬੰਗਾਲ ਵਿੱਚ ਪੰਚਾਇਤੀ ਚੋਣਾਂ ਦੌਰਾਨ ਹੋਈ ਹਿੰਸਾ ਵਿੱਚ 13 ਵਿਅਕਤੀ ਮਾਰੇ ਗਏ ਅਤੇ 43 ਜ਼ਖ਼ਮੀ ਹੋ ਗਏ। ਭਾਵੇਂ ਚੋਣਾਂ ਦੇ ਮੱਦੇਨਜ਼ਰ ਸੂਬੇ ਵਿੱਚ 60 ਹਜ਼ਾਰ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ ਪਰ ਫਿਰ ਵੀ ਉੱਤਰੀ ਅਤੇ ਦੱਖਣੀ 24 ਪਰਗਨਾ, ਪੂਰਬੀ ਮਿਦਨਾਪੁਰ, ਬਰਦਵਾਨ, ਨਾਡੀਆ, ਮੁਰਸ਼ਦਾਬਾਦ ਅਤੇ ਦੱਖਣੀ ਦਿਨਾਜਪੁਰ ਜ਼ਿਲ੍ਹਿਆਂ ਵਿੱਚ ਭਾਰੀ ਹਿੰਸਾ ਹੋਈ। ਤ੍ਰਿਣਮੂਲ ਕਾਂਗਰਸ ਅਤੇ ਵਿਰੋਧੀ ਪਾਰਟੀ ਦੇ ਵਰਕਰਾਂ ਵਿਚਾਲੇ ਹੋਈਆਂ ਝੜਪਾਂ ਵਿੱਚ ਪੋਲਿੰਗ ਬੂਥਾਂ ਨੂੰ ਨਿਸ਼ਾਨਾ ਬਣਾਇਆ ਗਿਆ। ਕਈ ਪੋਲਿੰਗ ਸਟੇਸ਼ਨਾਂ ਨੇੜੇ ਦੇਸੀ ਬੰਬ ਸੁੱਟੇ ਗਏ।

ਸੂਬਾਈ ਚੋਣ ਕਮਿਸ਼ਨ ਦੇ ਸੂਤਰਾਂ ਅਨੁਸਾਰ ਹਿੰਸਾ ਦੇ ਬਾਵਜੂਦ 73 ਫੀਸਦੀ ਮਤਦਾਨ ਹੋਇਆ ਜਦੋਂਕਿ ਕਈ ਵੋਟਰ ਉਦੋਂ ਵੀ ਲਾਈਨਾਂ ਵਿੱਚ ਖੜ੍ਹੇ ਸਨ।

ਵਿਰੋਧੀ ਪਾਰਟੀਆਂ ਨੇ ਸੱਤਾਧਾਰੀ ਤ੍ਰਿਣਮੂਲ ਕਾਂਗਰਸ 'ਤੇ ਦਹਿਸ਼ਤ ਫੈਲਾਉਣ ਅਤੇ ਲੋਕਤੰਤਰ ਦਾ ਘਾਣ ਕਰਨ ਦਾ ਦੋਸ਼ ਲਾਇਆ ਹੈ। ਸੀਪੀਐਮ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਕਿਹਾ ਕਿ ਪਹਿਲਾਂ ਉਨ੍ਹਾਂ ਨੇ ਲੋਕਾਂ ਨੂੰ ਨਾਮਜ਼ਦਗੀ ਦਾਖ਼ਲ ਕਰਨ ਦੀ ਮਨਜ਼ੂਰੀ ਨਹੀਂ ਦਿੱਤੀ। ਦੂਜਾ ਨਾਮਜ਼ਦਗੀਆਂ ਭਰਨ ਤੋਂ ਬਾਅਦ ਟੀਐਮਸੀ ਨੇ ਉਮੀਦਵਾਰਾਂ ਨੂੰ ਨਾਮਜ਼ਦਗੀ ਵਾਪਸ ਲੈਣ ਲਈ ਧਮਕਾਇਆ। ਜਿਨ੍ਹਾਂ ਨੇ ਨਾਮਜ਼ਦਗੀ ਵਾਪਸ ਨਹੀਂ ਲਈ, ਉਨ੍ਹਾਂ 'ਤੇ ਹਮਲੇ ਕੀਤੇ ਗਏ। ਡੀ ਰਾਜਾ ਨੇ ਕਿਹਾ ਕਿ ਇਹ ਚੋਣਾਂ ਦਾ ਮਜ਼ਾਕ ਹੈ ਅਤੇ ਮਮਤਾ ਬੈਨਰਜੀ ਸਰਕਾਰ ਨੂੰ ਪੱਛਮੀ ਬੰਗਾਲ



ਵਿੱਚ ਲੋਕਤੰਤਰ ਨੂੰ ਬਚਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ।

ਸੂਬਾਈ ਚੋਣ ਕਮਿਸ਼ਨ (ਐਸਈਸੀ) ਅਤੇ ਪੁਲੀਸ ਅਨੁਸਾਰ ਪੂਰਬੀ ਮਿਦਨਾਪੁਰ ਜ਼ਿਲ੍ਹੇ ਦੇ ਨੰਦੀਗ੍ਰਾਮ ਇਲਾਕੇ ਵਿੱਚ ਬੂਥ ਦੇ ਬਾਹਰ ਹੋਈਆਂ ਝੜਪਾਂ ਵਿੱਚ ਦੋ ਵਿਅਕਤੀ ਮਾਰੇ ਗਏ ਜਦੋਂ ਕਿ 15 ਜਣੇ ਜ਼ਖ਼ਮੀ ਹੋ ਗਏ। ਇਸੇ ਜ਼ਿਲ੍ਹੇ ਦੇ ਕੋਨਟਾਈ ਵਿੱਚ ਇਕ ਆਜ਼ਾਦ ਉਮੀਦਵਾਰ ਅਤੇ ਚਾਰ ਹੋਰਨਾਂ 'ਤੇ ਮਿਰਚ ਪਾਊਡਰ ਸੁੱਟਿਆ ਗਿਆ। ਮੁਰਸ਼ਦਾਬਾਦ ਜ਼ਿਲ੍ਹੇ ਦੇ ਸੁਜਾਪੁਰ ਪਿੰਡ ਦੇ ਬੂਥ 'ਤੇ ਇਕ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਗਈ। ਮ੍ਰਿਤਕ ਭਾਜਪਾ ਵਰਕਰ ਦੱਸਿਆ ਜਾਂਦਾ ਹੈ। ਦੱਖਣੀ ਦਿਨਾਜਪੁਰ ਵਿੱਚ ਪੋਲਿੰਗ ਬੂਥ ਦੇ ਬਾਹਰ ਬੰਬ ਸੁੱਟਣ ਨਾਲ ਇਕ ਵਿਅਕਤੀ ਮਾਰਿਆ ਗਿਆ ਤੇ ਚਾਰ ਹੋਰ ਜ਼ਖ਼ਮੀ ਹੋ ਗਏ। ਨਾਡੀਆ ਜ਼ਿਲ੍ਹੇ ਦੇ ਨਕਾਸ਼ੀਪਾਰਾ ਅਤੇ ਸ਼ਾਂਤੀਪੁਰ ਇਲਾਕੇ ਵਿੱਚ ਹੋਈਆਂ ਝੜਪਾਂ ਵਿੱਚ ਦੋ ਵਿਅਕਤੀ ਮਾਰੇ ਗਏ। ਐਸਈਸੀ ਦੇ ਅਧਿਕਾਰੀ ਨੇ ਦੱਸਿਆ ਕਿ ਉੱਤਰੀ 24 ਪਰਗਨਾ ਦੇ ਅਮਦਾਨਗਾ ਇਲਾਕੇ ਵਿੱਚ ਚੋਣ ਬੂਥ 'ਤੇ ਸੁੱਟੇ ਬੰਬ ਵਿੱਚ ਸੀਪੀਐਮ ਵਰਕਰ ਮਾਰਿਆ ਗਿਆ ਤੇ ਇਕ ਜ਼ਖ਼ਮੀ ਹੋ ਗਿਆ। ਇਸੇ ਤਰ੍ਹਾਂ ਦੱਖਣੀ 24 ਪਰਗਨਾ ਦੇ ਕੁਲਤਲੀ ਵਿੱਚ ਇਕ ਵਿਅਕਤੀ ਪੋਲਿੰਗ ਸਟੇਸ਼ਨ ਦੇ ਬਾਹਰ ਸੁੱਟੇ ਬੰਬ ਵਿੱਚ ਮਾਰਿਆ ਗਿਆ।

ਕੂਚ ਬੇਹਾਰ ਜ਼ਿਲ੍ਹੇ ਵਿੱਚ ਉੱਤਰੀ ਬੰਗਾਲ ਵਿਕਾਸ ਮੰਤਰੀ ਰਾਬਿੰਦਰਨਾਥ ਘੋਸ਼ ਨੇ ਕਥਿਤ ਤੌਰ 'ਤੇ ਪੋਲਿੰਗ ਬੂਥ ਦੇ ਬਾਹਰ ਇਕ ਵਿਅਕਤੀ ਦੇ ਥੱਪੜ ਮਾਰ ਦਿੱਤਾ, ਜਦੋਂ ਕਿ ਮੰਤਰੀ ਨੇ ਇਸ ਤੋਂ ਇਨਕਾਰ ਕੀਤਾ ਹੈ। ਕਮਿਸ਼ਨ ਨੂੰ ਇਸ ਦੀ ਸ਼ਿਕਾਇਤ ਮਿਲੀ ਹੈ ਤੇ ਅਧਿਕਾਰੀਆਂ ਨੂੰ ਇਸ ਸਬੰਧੀ ਕਾਰਵਾਈ ਦੀ ਹਦਾਇਤ ਕੀਤੀ ਗਈ ਹੈ। ਦਿਨਹਾਟਾ ਇਲਾਕੇ ਵਿੱਚ 15 ਵਿਅਕਤੀ ਜ਼ਖ਼ਮੀ ਹੋ ਗਏ ਜਿਨ੍ਹਾਂ ਵਿੱਚ ਦੋ ਵੋਟਰ ਹਨ। ਇਸੇ ਤਰ੍ਹਾਂ ਉੱਤਰੀ ਦੀਨਾਜਪੁਰ ਜ਼ਿਲ੍ਹੇ ਵਿੱਚ ਪੋਲਿੰਗ ਬੂਥ ਨੇੜਿਓਂ ਤਿੰਨ ਬੰਬ ਮਿਲੇ ਹਨ। ਬੀਰਭੂਮ ਵਿੱਚ ਨਾਕਾਬਪੋਸ਼ ਹਥਿਆਰਬੰਦ ਲੋਕ ਬੂਥ ਦੇ ਬਾਹਰ ਵੋਟਰਾਂ ਨੂੰ ਧਮਕਾਉਂਦੇ ਦੇਖੇ ਗਏ। ਇਹੀ ਹਾਲ ਕੁਝ ਹੋਰ ਇਲਾਕਿਆਂ ਵਿੱਚ ਵੀ ਸੀ।

ਭਾਨਗੜ੍ਹ ਵਿੱਚ ਪੁਲੀਸ ਨੂੰ ਝੜਪਾਂ ਵਿੱਚ ਸ਼ਾਮਲ ਲੋਕਾਂ ਨੂੰ ਖਿੰਡਾਉਣ ਲਈ ਹਲਕਾ ਲਾਠੀਚਾਰਜ ਅਤੇ ਅੱਥਰੂਗੈਸ ਦੇ ਗੋਲ ਸੁੱਟਣੇ ਪਏ। ਮਾਲਦਾ ਜ਼ਿਲ੍ਹੇ ਵਿੱਚ ਪੱਥਰਬਾਜ਼ੀ ਵਿੱਚ ਇਕ ਪੁਲੀਸ ਅਧਿਕਾਰੀ ਜ਼ਖ਼ਮੀ ਹੋ ਗਿਆ। ਭਾਜਪਾ ਦੇ ਸੂਬਾ ਪ੍ਰਧਾਨ ਦਿਲੀਪ ਘੋਸ਼ ਨੇ ਦੋਸ਼ ਲਾਇਆ ਕਿ ਟੀਐਮਸੀ ਨੇ ਚੋਣਾਂ ਨੂੰ ਮਜ਼ਾਕ ਬਣਾ ਦਿੱਤਾ ਹੈ। ਦੂਜੇ ਪਾਸੇ ਟੀਐਮਸੀ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਦੱਖਣੀ 24 ਪਰਗਣਾ ਜ਼ਿਲ੍ਹੇ ਵਿੱਚ ਇਕ ਘਰ 'ਚ ਅੱਗ ਲਾ ਦਿੱਤੀ ਗਈ ਜਿਸ ਵਿੱਚ ਇਕ ਵਿਅਕਤੀ ਤੇ ਉਸ ਦੀ ਪਤਨੀ ਜ਼ਿੰਦਾ ਸੜ ਗਏ।

ਨਵੀਂ ਦਿੱਲੀ: ਪੰਚਾਇਤੀ ਚੋਣਾਂ ਦੌਰਾਨ ਹੋਈ ਹਿੰਸਾ ਵਿੱਚ 13 ਵਿਅਕਤੀਆਂ ਦੇ ਮਾਰੇ ਜਾਣ ਅਤੇ 43 ਦੇ ਜ਼ਖ਼ਮੀ ਹੋਣ ਦੇ ਮਾਮਲੇ ਦੀ ਕੇਂਦਰ ਨੇ ਪੱਛਮੀ ਬੰਗਾਲ ਸਰਕਾਰ ਤੋਂ ਰਿਪੋਰਟ ਮੰਗ ਲਈ ਹੈ। ਗ੍ਰਹਿ ਮੰਤਰਾਲੇ ਦੇ ਅਧਿਕਾਰੀ ਨੇ ਕਿਹਾ ਕਿ ਸੂਬਾ ਸਰਕਾਰ ਤੋਂ ਹਿੰਸਾ ਲਈ ਜ਼ਿੰਮੇਵਾਰ ਹਾਲਾਤ, ਸ਼ਾਂਤੀ ਬਹਾਲੀ ਲਈ ਚੁੱਕੇ ਕਦਮਾਂ ਅਤੇ ਕਸੂਰਵਾਰਾਂ ਨੂੰ ਸਜ਼ਾ ਦੇਣ ਬਾਰੇ ਵਿਸਥਾਰਤ ਰਿਪੋਰਟ ਮੰਗੀ ਗਈ ਹੈ।

## ਸਾਬਕਾ ਮੰਤਰੀ ਸ਼ਸ਼ੀ ਥਰੂਰ ਪਤਨੀ ਸੁਨੰਦਾ ਪੁਸ਼ਕਰ ਦੇ ਖੁਦਕੁਸ਼ੀ ਕੇਸ 'ਚ ਨਾਮਜ਼ਦ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਪੁਲੀਸ ਨੇ ਕਾਂਗਰਸ ਆਗੂ ਸ਼ਸ਼ੀ ਥਰੂਰ ਨੂੰ ਆਪਣੀ ਪਤਨੀ ਸੁਨੰਦਾ ਪੁਸ਼ਕਰ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦਾ ਮੁਲਜ਼ਮ ਦੱਸਦਿਆਂ ਇੱਥੇ ਅਦਾਲਤ ਵਿੱਚ ਉਸ ਖ਼ਿਲਾਫ਼ ਦੋਸ਼ ਪੱਤਰ ਦਾਖ਼ਲ ਕੀਤਾ ਹੈ। ਤਿੰਨ ਹਜ਼ਾਰ ਪੰਨਿਆਂ ਦੇ ਦੋਸ਼ ਪੱਤਰ ਵਿੱਚ ਕਿਹਾ ਗਿਆ ਹੈ ਕਿ ਥਰੂਰ ਆਪਣੀ ਪਤਨੀ ਉੱਤੇ ਜ਼ੁਲਮ ਵੀ ਕਰਦਾ ਸੀ। ਦਿੱਲੀ ਪੁਲੀਸ ਦਾ ਕਹਿਣਾ ਹੈ ਕਿ ਥਰੂਰ ਮੈਡੀਕੋ-ਲੀਗਲ ਅਤੇ ਫੋਰੈਂਸਿਕ ਸਬੂਤਾਂ ਦੇ ਆਧਾਰ 'ਤੇ ਮੁਲਜ਼ਮ ਪਾਇਆ ਗਿਆ ਹੈ। ਪੁਲੀਸ ਨੇ ਥਰੂਰ ਨੂੰ ਮੁਲਜ਼ਮ ਵੱਜੋਂ ਤਲਬ ਕੀਤੇ ਜਾਣ ਲਈ



ਅਦਾਲਤ ਨੂੰ ਬੇਨਤੀ ਕੀਤੀ ਹੈ। ਇਸ ਕੇਸ 'ਚ ਉਨ੍ਹਾਂ ਦੇ ਨੌਕਰ ਨਾਰਾਇਣ ਸਿੰਘ ਨੂੰ ਮੁੱਖ ਗਵਾਹ ਬਣਾਇਆ ਗਿਆ ਹੈ। ਮੈਟਰੋਪਾਲਿਟਨ ਮੈਜਿਸਟਰੇਟ ਧਰਮੇਂਦਰ ਸਿੰਘ ਵੱਲੋਂ 24 ਮਈ ਨੂੰ ਇਹ ਮਾਮਲਾ ਵਿਚਾਰਿਆ ਜਾਵੇਗਾ। ਜ਼ਿਕਰਯੋਗ ਹੈ ਕਿ 17 ਜਨਵਰੀ 2014 ਦੀ ਰਾਤ ਨੂੰ ਸੁਨੰਦਾ ਪੁਸ਼ਕਰ ਇੱਕ ਲਗਜ਼ਰੀ ਹੋਟਲ ਵਿੱਚ ਮ੍ਰਿਤਕ ਮਿਲੀ ਸੀ। ਥਰੂਰ ਨੂੰ ਆਈਪੀਸੀ ਦੀ ਧਾਰਾ 498 ਏ (ਪਤੀ ਜਾਂ ਕਿਸੇ ਹੋਰ ਰਿਸ਼ਤੇਦਾਰ ਵੱਲੋਂ ਔਰਤ 'ਤੇ ਜ਼ੁਲਮ ਢਾਹੁਣਾ) ਅਤੇ 306 (ਖ਼ੁਦਕੁਸ਼ੀ ਲਈ ਉਕਸਾਉਣਾ) ਤਹਿਤ ਮੁਲਜ਼ਮ ਦੱਸਿਆ ਗਿਆ ਹੈ। ਧਾਰਾ 498 ਏ ਤਹਿਤ ਤਿੰਨ ਸਾਲ ਤਕ ਅਤੇ ਧਾਰਾ 306 ਤਹਿਤ 10 ਸਾਲ ਤਕ ਦੀ ਸਜ਼ਾ ਹੋ ਸਕਦੀ ਹੈ। ਉਧਰ ਕਾਂਗਰਸ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਚਾਰਜਸ਼ੀਟ ਨੂੰ ਤਰਕ ਵਿਹੂਣੀ ਕਰਾਰ ਦਿੱਤਾ ਅਤੇ ਕਿਹਾ ਕਿ ਉਹ ਕੇਸ ਦਾ ਸਾਹਮਣਾ ਕਰਨ ਲਈ ਤਿਆਰ ਹਨ। ਉਨ੍ਹਾਂ ਦਿੱਲੀ ਪੁਲੀਸ ਦੇ ਇਰਾਦਿਆਂ 'ਤੇ ਸ਼ੱਕ ਜ਼ਾਹਰ ਕਰਦਿਆਂ ਕਿਹਾ ਕਿ ਪਿਛਲੇ ਸਾਲ 17 ਅਕਤੂਬਰ ਨੂੰ ਲਾਅ ਅਫ਼ਸਰ ਨੇ ਦਿੱਲੀ ਹਾਈ ਕੋਰਟ 'ਚ ਬਿਆਨ ਦਿੱਤਾ ਸੀ ਕਿ ਉਨ੍ਹਾਂ ਨੂੰ ਕਿਸੇ ਖ਼ਿਲਾਫ਼ ਕੁਝ ਵੀ ਸਬੂਤ ਨਹੀਂ ਮਿਲੇ ਹਨ ਅਤੇ ਹੁਣ ਛੇ ਮਹੀਨਿਆਂ ਬਾਅਦ ਉਹ ਦੋਸ਼ ਲਗਾ ਰਹੇ ਹਨ ਕਿ ਉਨ੍ਹਾਂ (ਸ਼ਸ਼ੀ) ਸੁਨੰਦਾ ਨੂੰ ਖ਼ੁਦਕੁਸ਼ੀ ਲਈ ਮਜਬੂਰ ਕੀਤਾ। ਇਸ ਦੌਰਾਨ ਕਾਂਗਰਸ ਤਰਜਮਾਨ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਥਰੂਰ ਖ਼ਿਲਾਫ਼ ਚਾਰਜਸ਼ੀਟ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਦਿੱਲੀ ਪੁਲੀਸ ਦੀ ਵਰਤੋਂ ਕਰਕੇ ਥਰੂਰ ਦੇ ਅਕਸ ਨੂੰ ਵਿਗਾੜ ਰਹੀ ਹੈ। ਉਨ੍ਹਾਂ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਇਹ ਭਾਜਪਾ ਦੇ ਹੈੱਡਕੁਆਰਟਰ ਤੋਂ ਮੜ੍ਹੇ ਗਏ ਹਨ। ਇਸ ਮਾਮਲੇ 'ਤੇ ਕੇਰਲਾ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਮੇਸ਼ ਚੇਨੀਥਲਾ ਨੇ ਕਿਹਾ ਕਿ ਕਾਂਗਰਸ ਆਗੂਆਂ ਨੂੰ ਦਬਾਉਣ ਅਤੇ ਬੇਇੱਜ਼ਤ ਕਰਨ ਲਈ ਭਾਜਪਾ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance Premiums available
Some Households qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਭਾਰਤ ਦੀ ਵੰਡ ਲਈ ਜਿਨਾਹ ਹੀ ਨਹੀਂ ਆਰ ਐਸ ਐਸ ਤੇ ਅੰਗਰੇਜ਼ ਵੀ ਜ਼ਿੰਮੇਵਾਰ

**• ਜਿਨਾਹ ਨੂੰ ਦੋਸ਼ਾਂ ਤੋਂ ਬਰੀ ਕਰਨ ਦਾ ਵਕਤ ਆ ਗਿਆ ਹੈ • ਕਾਂਗਰਸ ਮੁਸਲਮਾਨਾਂ ਪ੍ਰਤੀ ਸੁਹਿਰਦ ਨਹੀਂ ਸੀ ਤੇ ਉਸ ਨੇ ਆਪਣੀ ਟੇਕ ਹਿੰਦੂ ਭਾਈਚਾਰੇ 'ਤੇ ਰੱਖੀ**

**ਪ੍ਰੋ. ਬਲਵਿੰਦਰਪਾਲ ਸਿੰਘ**

ਬੀਤੇ ਦਿਨੀਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਿਦਿਆਰਥੀ ਯੂਨੀਅਨ ਹਾਲ ਵਿੱਚ ਲੱਗੀ ਮੁਹੰਮਦ ਜਿਨਾਹ ਦੀ ਤਸਵੀਰ ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਆਰ ਐੱਸ ਐੱਸ ਨਾਲ ਜੁੜੀਆਂ ਕੁਝ ਫਿਰਕੂ ਜਥੇਬੰਦੀਆਂ ਵੱਲੋਂ ਹੰਗਾਮਾ ਖੜਾ ਕੀਤਾ ਗਿਆ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਹਮੇਸ਼ਾ ਭਗਵੇਂਵਾਦੀਆਂ ਦੇ ਨਿਸ਼ਾਨੇ ਉੱਤੇ ਰਹੀ ਹੈ। ਉਨ੍ਹਾਂ ਦਾ ਪ੍ਰਚਾਰ ਇਹੀ ਰਿਹਾ ਹੈ ਕਿ ਇਸ ਯੂਨੀਵਰਸਿਟੀ ਨੂੰ ਦੇਸ਼ ਧ੍ਰੋਹੀਆਂ ਦਾ ਅੱਡਾ ਕਹਿ ਕੇ ਬਦਨਾਮ ਕੀਤਾ ਜਾਵੇ। ਯੂਨੀਵਰਸਿਟੀ ਦੇ ਯੂਨੀਅਨ ਹਾਲ ਵਿੱਚ ਜਿਨਾਹ ਦੀ ਫੋਟੋ ਲੱਗੀ ਹੋਈ ਹੈ। ਇਸ 'ਤੇ ਭਗਵੇਂਵਾਦੀਆਂ ਨੂੰ ਵੱਡਾ ਇਤਰਾਜ਼ ਹੈ। ਭਗਵੇਂਵਾਦੀ ਚਾਹੁੰਦੇ ਹਨ ਕਿ ਜਿਨਾਹ ਦਾ ਇਤਿਹਾਸ ਇਸ ਯੂਨੀਵਰਸਿਟੀ 'ਚੋਂ ਮਿਟਾ ਦਿੱਤਾ ਜਾਵੇ।

ਇਤਿਹਾਸ ਇਹ ਹੈ ਕਿ ਜਿਨਾਹ ਇਸ ਯੂਨੀਵਰਸਿਟੀ ਦੇ ਸੰਸਥਾਪਕ ਮੈਂਬਰ ਸਨ ਤੇ ਉਨ੍ਹਾਂ ਨੂੰ 1938 ਵਿੱਚ ਉਮਰ ਭਰ ਦੀ ਮੈਂਬਰਸ਼ਿਪ ਦਿੱਤੀ ਗਈ ਸੀ। ਉਨ੍ਹਾਂ ਤੋਂ ਪਹਿਲਾਂ ਮਹਾਤਮਾ ਗਾਂਧੀ ਨੂੰ ਵੀ 1920 ਵਿੱਚ ਇਸੇ ਉਪਾਧੀ ਨਾਲ ਸਨਮਾਨ ਦਿੱਤਾ ਗਿਆ ਸੀ। ਇਸ ਯੂਨੀਵਰਸਿਟੀ ਵਿੱਚ ਮਹਾਤਮਾ ਗਾਂਧੀ ਦਾ ਜਨਮ ਦਿਨ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ, ਪਰ ਜਿਨਾਹ ਦੀ ਇਥੇ ਕੋਈ ਯਾਦ ਨਹੀਂ ਮਨਾਈ ਜਾਂਦੀ। ਮਹਾਤਮਾ ਗਾਂਧੀ ਦੀ ਸ਼ਹਾਦਤ ਵਾਲੇ ਦਿਨ 30 ਜਨਵਰੀ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ ਜਾਂਦੀ ਹੈ।

ਜਦੋਂ ਭਗਵੇਂਵਾਦੀਆਂ ਨੇ ਇਸ ਯੂਨੀਵਰਸਿਟੀ ਵਿਚ ਹੰਗਾਮਾ ਖੜਾ ਕੀਤਾ ਤਾਂ ਉਸ ਦਿਨ ਸਾਬਕਾ ਉੱਪ-ਰਾਸ਼ਟਰਪਤੀ ਹਾਮਿਦ ਅੰਸਾਰੀ ਨੇ ਯੂਨੀਵਰਸਿਟੀ ਵਿੱਚ ਘੱਟ-ਗਿਣਤੀਆਂ ਨਾਲ ਸਬੰਧਿਤ ਵਿਸ਼ੇ ਉੱਤੇ ਭਾਸ਼ਣ ਦੇਣ ਆਉਣਾ ਸੀ। ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਮੁਸਲਮਾਨ ਹੋਣ ਕਰਕੇ ਭਗਵੇਂਵਾਦੀਆਂ ਨੂੰ ਭਾਉਂਦੇ ਨਹੀਂ ਹਨ। ਅਨਸਾਰੀ ਨੇ ਆਪਣੇ ਕਾਰਜ ਕਾਲ ਦੀ ਸਮਾਪਤੀ ਤੋਂ ਬਾਅਦ ਭੀੜ ਤੰਤਰ ਵੱਲੋਂ ਕੀਤੇ ਜਾਂਦੇ ਕਤਲਾਂ ਅਤੇ ਹਿੰਸਾ ਬਾਰੇ ਗੰਭੀਰ ਬਿਆਨ ਦਿੱਤਾ ਸੀ ਕਿ ਭਾਰਤ ਵਿੱਚ ਮੁਸਲਮਾਨ ਦਹਿਸ਼ਤ ਦੇ ਮਾਹੌਲ ਵਿੱਚ ਜੀਵਨ ਹੰਢਾ ਰਹੇ ਹਨ। ਇਸ ਤੋਂ ਬਾਅਦ ਸਾਬਕਾ ਉਪ ਰਾਸ਼ਟਰਪਤੀ ਅੰਸਾਰੀ ਭਗਵੇਂ ਰਾਸ਼ਟਰਵਾਦੀਆਂ ਦੇ ਨਿਸ਼ਾਨੇ ਉੱਤੇ ਹਨ।

ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੀ ਸੱਤਾ ਹੈ। ਇਸੇ ਕਰਕੇ ਭਗਵੇਂ ਰਾਸ਼ਟਰਵਾਦੀਆਂ ਨੂੰ ਕੋਈ ਡਰ ਨਹੀਂ ਹੈ। ਇਸੇ ਲਈ ਹਿੰਦੂ ਯੁਵਾ ਵਾਹਿਨੀ ਦੇ ਸਿਰਫ਼ 30 ਵਿਅਕਤੀਆਂ ਨੇ ਜੈ ਸ੍ਰੀ ਰਾਮ ਦੇ ਨਾਹਰੇ ਲਗਾ ਕੇ ਉੱਪ-ਰਾਸ਼ਟਰਪਤੀ ਦੇ ਪ੍ਰੋਗਰਾਮ ਨੂੰ ਰੱਦ ਕਰਵਾ ਦਿੱਤਾ। ਵੱਡੀ ਗਿਣਤੀ ਵਿਚ ਪੁਲੀਸ ਤਮਾਸ਼ਾ ਦੇਖਦੀ ਰਹੀ। ਜੇਕਰ ਮੁਸਲਮਾਨ ਵਿਦਿਆਰਥੀਆਂ ਨੇ ਇਸ ਸਬੰਧੀ ਰੋਸ ਜਲੂਸ ਕੱਢਿਆ ਤਾਂ ਉਸ ਉੱਪਰ ਪੁਲੀਸ ਨੇ ਲਾਠੀਚਾਰਜ ਕੀਤਾ। ਇਸ ਦੇ ਰੋਸ ਵੱਜੋਂ ਵਿਦਿਆਰਥੀਆਂ ਨੇ ਕਲਾਸਾਂ ਦਾ ਬਾਈਕਾਟ ਕੀਤਾ ਹੋਇਆ ਹੈ।

**ਜਿਨਾਹ ਦਾ ਵਿਰੋਧ**

ਜਦ ਵੀ ਮੁਹੰਮਦ ਅਲੀ ਜਿਨਾਹ ਖਬਰਾਂ ਵਿਚ ਆਉਂਦੇ ਹਨ। ਦੇਸ਼ ਵਿਚ ਫਿਰਕੂ ਕੱਟੜਵਾਦ ਦਾ ਮਾਹੌਲ ਬਣ ਜਾਂਦਾ ਹੈ। ਅਜਿਹਾ ਤਦ ਵੀ ਹੋਇਆ ਸੀ, ਜਦ 2005 ਵਿਚ ਐਲ ਕੇ ਅਡਵਾਨੀ ਨੇ ਉਨ੍ਹਾਂ ਦੀ ਮਜਾਰ ਦੀ ਯਾਤਰਾ ਕੀਤੀ ਸੀ। ਇਕ ਦਹਾਕੇ ਦੇ ਬਾਅਦ ਅਜਿਹਾ ਇਕ ਵਾਰ ਫਿਰ ਅਲੀਗੜ੍ਹ ਯੂਨੀਵਰਸਿਟੀ ਦੇ ਕਾਂਡ ਵਿਚ ਹੁਣੇ ਜਿਹੇ ਵਾਪਰਿਆ ਹੈ। ਆਧੁਨਿਕ ਭਾਰਤੀ ਲੋਕਾਂ ਅਤੇ ਜਿਨਾਹ ਦੇ ਵਿਚਾਲੇ ਰਿਸ਼ਤਾ ਕਾਫੀ ਉਲਝਿਆ ਹੋਇਆ ਹੈ। ਉਨ੍ਹਾਂ ਦੇ ਪ੍ਰਤੀ ਖਾਸ ਤੌਰ 'ਤੇ ਕੱਟੜਵਾਦੀ



ਹਿੰਦੂਆਂ ਦਾ ਰਵੱਈਆ ਜ਼ਬਰਦਸਤ ਗੁੱਸੇ ਵਾਲਾ ਹੈ। ਹਿੰਦੂ ਰਾਸ਼ਟਰਵਾਦੀਆਂ ਵਲੋਂ ਉਨ੍ਹਾਂ ਨੂੰ ਇਕ ਅਜਿਹੇ ਵਿਅਕਤੀ ਦੇ ਤੌਰ 'ਤੇ ਦੇਖਿਆ ਜਾਂਦਾ ਹੈ, ਜਿਸ ਨੇ ਸੱਤਾ ਦੀ ਪ੍ਰਾਪਤੀ ਦੀ ਨਿੱਜੀ ਭੁੱਖ ਕਾਰਨ ਮੁਸਲਮਾਨ ਫਿਰਕਾਪ੍ਰਸਤੀ ਨੂੰ ਉਤਸ਼ਾਹਿਤ ਕੀਤਾ ਅਤੇ ਇਹੀ ਕਾਰਨ ਦੇਸ਼ ਦੀ ਵੰਡ ਦਾ ਕਾਰਨ ਬਣਿਆ।

ਪੀੜ੍ਹੀਆਂ ਤੋਂ ਪੜ੍ਹਾਏ ਜਾ ਰਹੇ ਪਾਠ ਦੇ ਬਾਵਜੂਦ ਭਾਰਤੀ ਮੁਸਲਮਾਨਾਂ ਵਿਚ ਅੱਜ ਵੀ ਦੇਸ਼ ਵੰਡ ਤੇ ਜਿਨਾਹ ਦੀਆਂ ਕੁਝ ਯਾਦਾਂ ਬਚੀਆਂ ਹੋਈਆਂ ਹਨ। ਉਨ੍ਹਾਂ ਵਿਚੋਂ ਕਈਆਂ ਦੇ ਲਈ ਜਿਨਾਹ ਭਾਰਤ ਵੰਡ ਦੇ ਜ਼ਿੰਮੇਵਾਰ ਹਨ, ਪਰ ਇਸ ਦੇ ਨਾਲ ਹੀ ਉਹ ਪਿਛਲੀ ਸਦੀ ਵਿਚ ਮੁਸਲਮ ਭਾਰਤ ਦੇ ਸਭ ਤੋਂ ਮਹਾਨ ਨੇਤਾ ਵੀ ਹਨ, ਜਿਨ੍ਹਾਂ ਨੇ ਬ੍ਰਿਟਿਸ਼ ਭਾਰਤ ਵਿਚ ਸਾਰੇ ਮੁਸਲਮਾਨਾਂ ਨੂੰ ਲਾਮਬੰਦ ਕਰਕੇ ਮੁਸਲਿਮ ਲੀਗ ਨੂੰ ਇਕ ਰਾਸ਼ਟਰੀ ਪਾਰਟੀ ਬਣਾਇਆ। ਭਗਵੇਂਵਾਦੀ ਲੋਕਾਂ ਵਿਚ ਜਿਨਾਹ ਦਾ ਅਕਸ ਹਿੰਦੂ ਵਿਰੋਧੀ ਤੇ ਦੇਸ਼ ਵੰਡਣ ਵਾਲੀ ਸਖਸ਼ੀਅਤ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਤੇ ਕੀਤਾ ਜਾ ਰਿਹਾ ਹੈ। ਅਜਿਹਾ ਇਕ ਵਾਰ ਫਿਰ ਅਲੀਗੜ੍ਹ ਯੂਨੀਵਰਸਿਟੀ ਦੇ ਮਾਮਲੇ ਵਿਚ ਹੁਣੇ ਜਿਹੇ ਹੋਇਆ। ਇਹ ਅੰਤਰ ਵਿਰੋਧ ਤੇ ਸ਼ੋਰ ਸ਼ਰਾਬਾ ਇਸ ਪਾਸੇ ਵੀ ਇਸ਼ਾਰਾ ਕਰਦਾ ਹੈ ਕਿ ਭਾਰਤ ਦੀ ਜਨਤਾ ਨੂੰ ਵੰਡ ਤੋਂ ਪਹਿਲਾਂ ਦੀ ਫਿਰਕੂ ਸਿਆਸਤ ਨਾਲ ਭਰੇ ਦਸ ਸਾਲਾਂ ਵਿਚ ਚੱਲੀਆਂ ਬਹਿਸਾਂ ਜਾਂ ਪਾਕਿਸਤਾਨ ਦੇ ਨਿਰਮਾਣ ਦੇ ਅੰਦੋਲਨ ਬਾਰੇ ਵਿਚ ਸਹੀ ਢੰਗ ਨਾਲ ਪਤਾ ਨਹੀਂ ਹੈ।

ਇਸ ਤੋਂ ਇਹੀ ਪਤਾ ਚੱਲਦਾ ਹੈ ਕਿ ਭਾਰਤ ਦੇ ਲੋਕ ਪ੍ਰਾਪੇਗੰਡੇ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ ਤੇ ਰਾਸ਼ਟਰਵਾਦ 'ਤੇ ਕੁਝ ਜ਼ਿਆਦਾ ਹੀ ਤਿੱਖੀ ਪ੍ਰਤੀਕਿਰਿਆ ਦਿੰਦੇ ਹਨ, ਜਿਸ ਵਿਚ ਫਿਰਕੂਵਾਦ ਤੇ ਨਫ਼ਰਤ ਭਰੀ ਹੁੰਦੀ ਹੈ। ਜਿਨਾਹ 'ਤੇ ਪਏ ਰਹੱਸ ਦੇ ਪਰਦੇ ਨੂੰ ਹਟਾਉਣ ਤੇ ਅਜਿਹੇ ਅੰਤਰ ਵਿਰੋਧਾਂ ਨੂੰ ਸੁਲਝਾਉਣ ਲਈ ਇਹ ਜ਼ਰੂਰੀ ਸੀ ਕਿ ਦੇਸ਼ ਵੰਡ 'ਤੇ ਇਕ ਵਿਆਪਕ ਬਹਿਸ ਨੂੰ ਸਾਡੇ ਵਿਦਿਅਕ ਢਾਂਚੇ ਦਾ ਹਿੱਸਾ ਬਣਾਇਆ ਜਾਂਦਾ ਪਰ ਜਿਨਾਹ ਨੂੰ ਵੰਡ ਦੇ ਸਮੇਂ ਹੋਈ ਹਿੰਸਾ ਦਾ ਕਸੂਰਵਾਰ ਠਹਿਰਾ ਕੇ ਇਤਿਹਾਸ ਦੀ ਸੱਚਾਈ ਨੂੰ ਕਬਰ ਵਿਚ ਦੱਬ ਦਿੱਤਾ ਹੈ ਤੇ ਜਿਨਾਹ ਦੀ ਸਖਸ਼ੀਅਤ ਬਾਰੇ ਸੱਚ ਜਾਨਣ ਦਾ ਰਸਤਾ ਬੰਦ ਕਰ ਦਿੱਤਾ ਹੈ। ਜਿਨਾਹ ਦੇ ਉਭਰਨ ਦਾ ਵਿਸ਼ੇਸ਼ ਕਾਰਨ ਇਹ ਸੀ ਕਿ ਕਾਂਗਰਸ ਮੁਸਲਮਾਨ ਭਾਈਚਾਰੇ ਦੀਆਂ ਜਾਇਜ਼ ਮੰਗਾਂ ਲਈ ਆਪਣੀ ਜਗ੍ਹਾ ਨਾ ਬਣਾ ਸਕੀ ਤੇ ਉਹ ਸਿਰਫ ਆਪਣੀਆਂ ਨਾਕਾਮੀਆਂ ਨੂੰ ਛੁਪਾਉਂਦੀ ਰਹੀ। ਆਪਣੇ ਬਚਾਅ ਵਿਚ ਕਾਂਗਰਸ ਨੇ ਇਕ ਰਾਸ਼ਟਰ ਦੇ ਨਾਅਰੇ ਲਗਾ ਕੇ ਮੁਸਲਮਾਨਾਂ ਦੀਆਂ ਜਾਇਜ਼ ਮੰਗਾਂ ਬਾਰੇ ਸੰਵਾਦ ਰਚਾਉਣ ਵਿਚ ਰੁਕਾਵਟ ਪਾ ਦਿੱਤੀ। ਮੁਸਲਮਾਨ ਪ੍ਰਤੀਨਿਧ ਨਿਰਵਾਚਨ ਮੰਡਲ ਤੇ ਕੇਂਦਰ ਰਾਜ ਸਬੰਧ ਦਾ ਸੁਆਲ ਕਾਂਗਰਸ ਤੇ ਮੁਸਲਮ ਲੀਗ ਦੇ ਵਿਚਾਲੇ ਝਗੜੇ ਦੀ ਜੜ੍ਹ ਸੀ। ਇਹ ਉਹ ਮਸਲੇ ਸਨ, ਜਿਨ੍ਹਾਂ ਨੂੰ ਲੈ ਕੇ ਜ਼ਿਆਦਾਤਰ ਮੁਸਲਮ ਪਾਰਟੀਆਂ ਦੋ ਦਹਾਕਿਆਂ ਤੋਂ ਕਾਂਗਰਸ ਤੋਂ ਭਰੋਸਾ ਮੰਗ ਰਹੀਆਂ ਸਨ। ਜਦੋਂ ਜਿਨਾਹ ਲੰਡਨ ਤੋਂ ਵਾਪਸ ਪਰਤੇ ਤਾਂ ਉਨ੍ਹਾਂ ਨੇ 1934 ਦੌਰਾਨ ਮੁਸਲਿਮ ਲੀਗ ਦੀ ਕਮਾਂਡ ਸੰਭਾਲੀ ਤੇ ਇਸ ਉਪਰੰਤ ਉਨ੍ਹਾਂ ਨੇ ਇਨ੍ਹਾਂ ਮਸਲਿਆਂ ਸਬੰਧੀ ਕਾਂਗਰਸ ਨਾਲ ਗੱਲਬਾਤ ਵੀ ਜਾਰੀ ਰੱਖੀ ਤਾਂ ਜੋ ਮਾਮਲਾ ਨਿਪਟਾਇਆ ਜਾ ਸਕੇ। ਕਾਂਗਰਸੀ ਨੇਤਾਵਾਂ ਦਾ ਰਵੱਈਆ ਟਾਲ ਮਟੋਲ ਵਾਲਾ ਸੀ ਤਾਂ ਜੋ ਹਿੰਦੂ ਭਾਈਚਾਰੇ ਦੇ ਵੋਟ ਬੈਂਕ ਨੂੰ ਨਰਾਜ਼ ਨਾ ਕੀਤੇ ਜਾਵੇ। ਜ਼ਿਆਦਾਤਰ ਮੁਸਲਮ ਪਾਰਟੀਆਂ ਨੇ ਵਿਧਾਇਕਾਂ, ਪ੍ਰਸ਼ਾਸ਼ਨ, ਸੇਵਾਵਾਂ ਅਤੇ ਫ਼ੌਜ ਵਿਚ ਮੁਸਲਮਾਨਾਂ ਦੀ ਪ੍ਰਤੀਨਿਧਤਾਂ ਦੀ ਗਾਰੰਟੀ ਬਾਰੇ ਮੰਗ ਕੀਤੀ ਸੀ ਤਾਂ ਜੋ ਅਜ਼ਾਦ ਦੇਸ਼ ਵਿਚ ਉਨ੍ਹਾਂ ਨਾਲ ਕੋਈ ਭੇਦਭਾਵ ਨਾ ਹੋ ਸਕੇ। ਇਸ ਤੋਂ ਇਲਾਵਾ ਕੁਝ ਪੱਛੜੀਆਂ ਮੁਸਲਮ ਪਾਰਟੀਆਂ ਨੇ ਆਪਣੇ ਪੱਛੜੇ ਭਾਈਚਾਰੇ ਲਈ ਰਾਖਵੇਂਕਰਨ ਦੀ ਮੰਗ ਵੀ ਕੀਤੀ ਸੀ। ਇਸ ਵਿਚ ਜ਼ਿਆਦਾ ਅਹਿਮ ਹੈ ਕਿ ਮੁਸਲਮ ਲੀਗ ਦੇ ਮੁਖੀ ਦੇ ਤੌਰ 'ਤੇ ਜਿਨਾਹ ਨੇ ਕਾਂਗਰਸ ਤੋਂ ਫ਼ੌਜ ਵਿਚ ਮੁਸਲਮਾਨਾਂ ਦੀ ਹਿੱਸੇਦਾਰੀ ਤੈਅ ਕਰਨ ਦੀ ਮੰਗ ਕੀਤੀ ਸੀ, ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਰਾਜਨੀਤਕ ਅਧਿਕਾਰ, ਰਾਜ ਦੀ ਤਾਕਤ ਨਾਲ ਮਿਲਦੇ ਹਨ ਤੇ ਜੇਕਰ ਦੋਵੇਂ ਭਾਈਚਾਰੇ ਇਕ ਦੂਸਰੇ ਦਾ ਸਨਮਾਨ ਕਰਨਾ ਅਤੇ ਇਕ ਦੂਸਰੇ ਤੋਂ ਡਰਨਾ ਨਹੀਂ ਸਿਖਦੇ ਤਾਂ ਕੋਈ ਸਮਝੌਤਾ ਕਾਗਜ਼ ਦੇ ਟੁਕੜੇ ਤੋਂ ਜ਼ਿਆਦਾ ਕੁਝ ਵੀ ਨਹੀਂ ਹੈ।

ਤੀਸਰਾ ਮਹੱਤਵਪੂਰਨ ਮੁੱਦਾ ਭਵਿੱਖ ਦੇ ਭਾਰਤ ਵਿਚ ਕੇਂਦਰ ਨੂੰ ਦਿੱਤੇ ਜਾਣ ਵਾਲੇ ਵਿਸ਼ੇਸ਼ ਮਹੱਤਵ ਦਾ ਸੀ। ਮੁਸਲਮ ਬਹੁਮਤ ਵਾਲੇ ਪ੍ਰਾਂਤਾਂ ਵਿਚ ਜ਼ਿਆਦਾ ਅਧਿਕਾਰ ਦਿੱਤੇ ਜਾਣ ਦੀ ਮੰਗ ਰੱਖੀ ਗਈ, ਜਦ ਕਿ ਕਾਂਗਰਸ ਦਿੱਲੀ ਵਿਚ ਇਕ ਮਜ਼ਬੂਤ ਕੇਂਦਰ ਵਾਲੀ ਸਰਕਾਰ ਦੇ ਪੱਖ ਵਿਚ ਸੀ। ਵੀਟੋ ਦਾ ਮੁੱਦਾ ਇਸ ਕੇਂਦਰ-ਪ੍ਰਾਂਤ ਦੇ ਸੰਬੰਧ ਦੇ ਮਸਲੇ ਨਾਲ ਹੀ ਜੁੜਿਆ ਹੋਇਆ ਹੈ। ਜੇਕਰ ਮਜ਼ਬੂਤ ਕੇਂਦਰ ਵਾਲੇ ਸ਼ਾਸ਼ਨ ਵਿਚ ਸੰਸਦ ਵਿਚ ਹਿੰਦੂਆਂ ਦੀ ਸੰਖਿਆ ਮੁਸਲਮਾਨਾਂ ਦੇ ਅਨੁਪਾਤ ਵਿਚ ਤਿੰਨ ਗੁਣਾ ਹੋਵੇ ਤੇ ਇਕ ਅਜਿਹਾ ਖਰੜਾ ਲਿਆਂਦਾ ਜਾਂਦਾ ਹੈ, ਜਿਸ ਦੇ ਪੱਖ ਵਿਚ ਸਾਰੇ ਹਿੰਦੂ ਵੋਟ ਕਰਦੇ ਹਨ ਤੇ ਕੋਈ ਮੁਸਲਮ ਵੋਟ ਨਹੀਂ ਕਰਦਾ ਹੈ ਤਾਂ ਉਹ ਖਰੜਾ ਤਿੰਨ ਚੌਥਾਈ ਬਹੁਮਤ ਨਾਲ ਪਾਸ ਹੋ ਜਾਵੇਗਾ। ਇਸ ਤਰ੍ਹਾਂ ਕਿਸੇ ਵੀ ਮੁਸਲਮ ਪ੍ਰਤੀਨਿਧੀ ਦੁਆਰਾ ਵੋਟ ਨਾ ਕੀਤੇ ਜਾਣ ਦੀ ਸਥਿਤੀ ਵਿਚ ਵੀ ਇਸ ਵੱਡੇ ਉਪ ਮਹਾਂਦੀਪ ਦੀ ਪੂਰੀ ਵਿਵਸਥਾ ਨੂੰ ਪ੍ਰਭਾਵਿਤ ਕਰਨ ਵਾਲਾ ਕੋਈ ਵੀ ਕਾਨੂੰਨ ਬਣਾਇਆ ਜਾ ਸਕਦਾ ਹੈ।

ਜਿਨਾਹ ਅਜਿਹੇ ਗ਼ੈਰ ਸਿਧਾਂਤਕ ਲੋਕਤੰਤਰ ਨੂੰ ਨਹੀਂ ਮੰਨਦੇ ਸਨ, ਜਿਸ ਵਿਚ ਮੁਸਲਮਾਨਾਂ ਦੇ ਅਧਿਕਾਰਾਂ ਦਾ ਘਾਣ ਹੁੰਦਾ ਹੋਵੇ। ਉਨ੍ਹਾਂ ਕਿਹਾ ਕਿ ਇਹ ਬੈਲਟ ਬਕਸੇ ਰਾਹੀਂ ਇਕ ਦੇਸ਼ ਦੁਆਰਾ ਦੂਸਰੇ ਦੇਸ਼ ਉਤੇ ਰਾਜ ਕਰਨ ਵਰਗਾ ਹੈ ਤੇ ਇਸ ਦੇ ਬਚਾਅ ਦਾ ਇਕ ਹੀ ਰਸਤਾ ਮੁਸਲਮਾਨ ਭਾਈਚਾਰੇ ਨੂੰ ਵਿਧਾਇਕਾਂ ਵਿਚੋਂ ਵੀਟੋ ਸ਼ਕਤੀ ਦੇਣਾ ਹੈ। ਉਪਰੋਕਤ ਸਾਰੀਆਂ ਮੰਗਾਂ ਦਾ ਸਬੰਧ ਸੰਪਰਦਾਇਕ ਅਧਿਕਾਰਾਂ ਨਾਲ ਸੀ। ਉਸ ਸਮੇਂ ਦੌਰਾਨ ਕਾਂਗਰਸ ਨੇ ਇਸ ਸ਼ਬਦ ਨੂੰ ਇਸ ਪੱਧਰ ਤੱਕ ਬਦਨਾਮ ਕਰ ਦਿੱਤਾ ਕਿ ਅਸੀਂ ਇਸ ਸ਼ਬਦ ਦੇ ਪੁਰਾਣੇ ਤੇ ਜ਼ਿਆਦਾ ਤਰਕਵਾਦੀ ਤੇ ਅਸਲ ਅਰਥ ਨੂੰ ਭੁੱਲ ਗਏ। ਸੰਪਰਦਾਇਕ ਦਾ ਅਰਥ ਸੰਪਰਦਾਇ ਨਾਲ ਜੁੜਿਆ ਹੋਇਆ ਹੈ। ਸੰਪਰਦਾਇਕ ਦਾ ਅਰਥ ਦੂਸਰੇ ਭਾਈਚਾਰੇ ਦੇ ਖਿਲਾਫ਼ ਨਫ਼ਰਤ ਰੱਖਣਾ ਨਹੀਂ ਹੈ, ਇਸ ਦਾ ਅਰਥ ਆਪਣੀ ਪਛਾਣ ਨੂੰ ਆਪਣੇ ਧਰਮ ਤੇ ਭਾਈਚਾਰੇ ਨਾਲ ਜੋੜਨਾ ਹੈ। ਜਿਨਾਹ ਦਾ ਕਹਿਣਾ ਸੀ ਕਿ ਅਸੀਂ ਇਕ ਰਾਸ਼ਟਰ ਤਦ ਹੀ ਬਣਾ ਸਕਾਂਗੇ, ਜਦ ਅਸੀਂ ਘੱਟ ਗਿਣਤੀ ਭਾਈਚਾਰਿਆਂ ਨੂੰ ਸੁਰੱਖਿਆ ਦਾ ਅਹਿਸਾਸ ਕਰਾ ਸਕਾਂਗੇ। ਜਿਨਾਹ ਨੂੰ ਇਸ ਗੱਲ ਦਾ ਡਰ ਸੀ ਕਿ ਭਾਰਤ ਵਿਚ ਹਿੰਦੂ ਭਾਈਚਾਰਾ ਬਹੁਗਿਣਤੀ ਵਿਚ ਹੈ ਤੇ ਉਹ ਤਿੰਨ ਚੌਥਾਈ ਬਹੁਮਤ ਹੋਣ ਦੇ ਬਲ 'ਤੇ ਸੰਵਿਧਾਨ ਨੂੰ ਇਕਪਾਸੜ ਢੰਗ ਨਾਲ ਸੋਧ ਸਕਦਾ ਹੈ। ਇਹੀ ਕਾਰਨ ਤੇ ਡਰ ਦੇਸ਼ ਦੀ ਵੰਡ ਦਾ ਕਾਰਨ ਬਣਿਆ।

ਮੁਸਲਮ ਲੀਗ ਦੀ ਕਮਾਂਡ ਨੂੰ ਸੰਭਾਲਣ ਤੋਂ ਬਾਅਦ ਉਨ੍ਹਾਂ ਨੇ ਦੋ ਚੋਣਾਂ ਵਿਚ ਪਾਰਟੀ ਦੀ ਅਗਵਾਈ ਕੀਤੀ। ਕਾਂਗਰਸ ਨੇ 1937 ਵਿਚ ਹਿੰਦੂ ਵੋਟਰਾਂ ਨੂੰ ਸੰਗਠਿਤ ਕਰਦੇ ਹੋਏ 70 ਪ੍ਰਤੀਸ਼ਤ ਤੋਂ ਜ਼ਿਆਦਾ ਹਿੰਦੂ ਵੋਟ ਆਪਣੇ ਖਾਤੇ ਵਿਚ ਪਾ ਦਿੱਤੇ, ਪਰ ਮੁਸਲਮ ਵੋਟ ਯੂਨੀਅਨਿਸਟ ਪਾਰਟੀ, ਮੁਸਲਮ ਇੰਡੀਪੈਂਡੇਂਟ ਪਾਰਟੀ ਤੇ ਕ੍ਰਿਸ਼ਕ ਪਰਜਾ ਪਾਰਟੀ ਵਰਗੀਆਂ ਕਈ ਖੇਤਰੀ ਪਾਰਟੀਆਂ ਵਿਚ ਵੰਡ ਗਿਆ ਸੀ। ਹਾਲਾਂਕਿ ਮੁਸਲਮ ਲੀਗ ਇਕੋ ਪਾਰਟੀ ਸੀ, ਜਿਸ ਨੂੰ ਪੂਰੇ ਭਾਰਤ ਵਿਚੋਂ ਵੋਟ ਮਿਲੇ, ਜਿਸ ਦੇ ਖਾਤੇ ਵਿਚ 10 ਪ੍ਰਤੀਸ਼ਤ ਮੁਸਲਮ ਵੋਟ ਗਏ। ਇਸ ਬਿੰਦੂ 'ਤੇ ਕਾਂਗਰਸ ਨੇ ਮੁਸਲਮ ਦਲਾਂ ਨਾਲ ਕਿਸੇ ਵੀ ਗੱਠਜੋੜ ਦੀ ਸੰਭਾਵਨਾ ਨੂੰ ਖਾਰਜ ਕਰ ਦਿੱਤਾ। ਉੱਤਰ ਪ੍ਰਦੇਸ਼ ਤੇ ਬਿਹਾਰ ਵਰਗੇ ਮੁਸਲਮ ਘੱਟ ਗਿਣਤੀ ਪ੍ਰਾਂਤਾਂ ਵਿਚ ਉਨ੍ਹਾਂ ਦੇ ਦੋ ਸਾਲਾਂ ਦੇ ਰਾਜ ਦੌਰਾਨ ਮੁਸਲਮਾਨਾਂ ਖਿਲਾਫ਼ ਹਿੰਸਾ ਵਿਚ ਵਾਧਾ ਦੇਖਿਆ ਗਿਆ ਤੇ ਮੁਸਲਮਾਨਾਂ ਵਿਚ ਮੁਸਲਮ ਲੀਗ ਦੀ ਹਰਮਨਪਿਆਰਤਾ ਵਧਦੀ ਗਈ। ਇਨ੍ਹਾਂ ਸਾਲਾਂ ਦੌਰਾਨ ਜਿਨਾਹ ਨੇ ਝਾਰਖੰਡ ਦੀਆਂ ਜਨਜਾਤੀ ਪਾਰਟੀਆਂ ਤੇ ਬਾਬਾ ਸਾਹਿਬ ਅੰਬੇਡਕਰ ਵਰਗੇ ਅਨੁਸੂਚਿਤ ਜਾਤੀ ਦੇ ਪ੍ਰਤੀਨਿਧੀਆਂ ਨਾਲ ਗੱਠਜੋੜ ਬਣਾਉਣ ਦੀ ਪੇਸ਼ਕਸ਼ ਕੀਤੀ ਤੇ ਇਸ ਨੂੰ ਅਮਲੀ ਰੂਪ ਦਿੱਤਾ।

1946 ਵਿਚ ਜਦ ਅੰਗਰੇਜ਼ ਭਾਰਤ ਛੱਡ ਕੇ ਜਾਣ ਦੀ ਤਿਆਰੀ ਕਰ ਰਹੇ ਸਨ, ਮੁਸਲਮ ਨਿਰਵਾਚਨ ਮੰਡਲ ਜਿਨਾਹ ਦੇ ਪਿੱਛੇ ਲਾਮਬੰਦ ਹੋ ਗਿਆ ਤੇ ਮੁਸਲਮ ਲੀਗ ਨੂੰ ਪੂਰੇ ਬ੍ਰਿਟਿਸ਼ ਭਾਰਤ ਵਿਚ 80 ਪ੍ਰਤੀਸ਼ਤ ਵੋਟ ਮਿਲੇ। ਕਾਂਗਰਸ ਇਸ ਸੰਭਾਵਨਾ ਤੋਂ ਡਰੀ ਹੋਈ ਸੀ, ਕਿਉਂਕਿ ਨਾਂਹ ਦੇ ਬਰਾਬਰ ਵੋਟ ਮਿਲਣ ਦੇ ਬਾਵਜੂਦ ਉਹ ਮੁਸਲਮਾਨਾਂ ਦੀ ਨੁਮਾਇੰਦਗੀ ਭਰਨ ਦਾ ਦਾਅਵਾ ਕਰ ਰਹੀ ਸੀ। ਇਸ ਤਰ੍ਹਾਂ ਆਖਰੀ ਪੜਾਅ ਦੀ ਗੱਲਬਾਤ ਵਿਚ ਜਿਨਾਹ ਸਾਰੇ ਮੁਸਲਮਾਨ ਰਾਜਨੀਤਕ ਧੜਿਆਂ ਦੇ ਸੰਯੁਕਤ ਨੇਤਾ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਏ। ਉਨ੍ਹਾਂ ਨੇ ਉਨ੍ਹਾਂ ਮੰਗਾਂ ਨੂੰ ਦੁਹਰਾਇਆ ਜੋ ਦਹਾਕਿਆਂ ਤੋਂ ਗੱਲਬਾਤ ਦੀ ਮੇਜ 'ਤੇ ਰੱਖੀਆਂ ਹੋਈਆਂ ਸਨ। ਇਨ੍ਹਾਂ ਵਿਚੋਂ ਜ਼ਿਆਦਾਤਰ ਮੰਗਾਂ ਕਾਂਗਰਸ ਨੂੰ ਸਵੀਕਾਰ ਨਹੀਂ ਸਨ ਤੇ ਉਨ੍ਹਾਂ ਨੇ ਕੈਬਨਿਟ ਮਿਸ਼ਨ ਯੋਜਨਾ ਨੂੰ ਵੀ ਸਵੀਕਾਰ ਕਰ ਲੈਣ ਤੋਂ ਬਾਅਦ ਠੁਕਰਾ ਦਿੱਤਾ। ਇਹ ਇਕ ਤੱਥ ਹੈ ਜਿਸ ਦਾ ਜ਼ਿਕਰ ਮੌਲਾਨਾ ਅਜ਼ਾਦ ਨੇ ਆਪਣੀ ਕਿਤਾਬ 'ਇੰਡੀਆ ਵਿਨਸ ਫਰੀਡਮ' ਵਿਚ ਕੀਤਾ ਹੈ। ਇਹ ਦੇਖਦੇ ਹੋਏ ਇਹ ਤਰਕ ਦੇਣਾ ਮੁਸ਼ਕਲ ਹੈ ਕਿ ਮੁਸਲਮਾਨਾਂ ਕੋਲ ਵੰਡ ਜਾਂ ਗ੍ਰਹਿ ਯੁੱਧ ਤੋਂ ਇਲਾਵਾ ਹੋਰ ਵੀ ਕੋਈ ਬਦਲ ਬਚਿਆ ਹੋਇਆ ਸੀ?

**ਕੌਣ ਸੀ ਵੰਡ ਦਾ ਜ਼ਿੰਮੇਵਾਰ**

ਭਾਰਤ ਦੀ ਵੰਡ ਲਈ ਕੇਵਲ ਜਿਨਾਹ ਨਹੀਂ ਕਾਂਗਰਸ ਅਤੇ ਹਿੰਦੂ ਮਹਾਂਸਭਾ ਤੇ ਆਰ ਐਸ ਐਸ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਭਾਰਤ ਦੀ ਵੰਡ ਇੱਕ ਗੰਭੀਰ ਮਸਲਾ ਹੈ ਜਿਸ ਲਈ ਇਕੱਲੇ ਜਿਨਾਹ ਨੂੰ ਜ਼ਿੰਮੇਵਾਰ ਠਹਿਰਾਉਣਾ ਨਾਸਮਝੀ ਹੈ। ਇਸ ਵਿੱਚ ਮੁਸਲਿਮ ਲੀਗ, ਹਿੰਦੂ ਮਹਾਂਸਭਾ, ਕਾਂਗਰਸ ਅਤੇ ਬਰਤਾਨਵੀ ਸ਼ਾਸਨ ਸਣੇ ਸਾਰਿਆਂ ਦੀ ਭੂਮਿਕਾ ਹੈ।

ਇਤਿਹਾਸਕਾਰ ਉਮਾ ਕੌਰਾ ਨੇ ਲਿਖਿਆ ਹੈ ਕਿ ਵੰਡ ਦੀ ਲਾਈਨ ਉਸ ਵੇਲੇ ਡੂੰਘੀ ਹੋ ਗਈ ਜਦੋਂ 1929 ਵਿੱਚ ਮੋਤੀ ਲਾਲ ਨਹਿਰੂ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਹਿੰਦੂ ਮਹਾਂਸਭਾ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਮੋਤੀ ਲਾਲ ਨਹਿਰੂ ਕਮੇਟੀ ਨੇ ਹੋਰ ਗੱਲਾਂ ਤੋਂ ਇਲਾਵਾ ਇਸ ਗੱਲ ਦੀ ਵੀ ਸਿਫਾਰਸ਼ ਕੀਤੀ ਸੀ ਕਿ ਸੈਂਟਰਲ ਅਸੈਂਬਲੀ ਵਿਚ ਮੁਸਲਮਾਨਾਂ ਲਈ 33 ਫੀਸਦ ਸੀਟਾਂ ਰਾਖਵੀਆਂ ਹੋਣ। ਆਇਸ਼ਾ ਜਲਾਲ ਨੇ ਲਿਖਿਆ ਹੈ ਕਿ 1938 ਤੱਕ ਜਿਨਾਹ ਮੁਸਲਮਾਨਾਂ ਦੇ ਇਕੱਲੇ ਬੁਲਾਰੇ ਬਣ ਗਏ, ਕਿਉਂਕਿ ਕੇਵਲ ਉਹ ਉਨ੍ਹਾਂ ਦੀਆਂ ਮੰਗਾਂ ਨੂੰ ਜ਼ੋਰਦਾਰ ਤਰੀਕੇ ਨਾਲ ਚੁੱਕ ਰਹੇ ਸਨ।

ਦੂਜੇ ਪਾਸੇ ਇਤਿਹਾਸਕਾਰ ਚਾਰੂ ਗੁਪਤਾ ਨੇ ਲਿਖਿਆ, "ਕਾਂਗਰਸ ਦੇ ਅੰਦਰ ਦੇ ਹਿੰਦੂਵਾਦੀ ਅਤੇ ਹਿੰਦੂ ਮਹਾਂਸਭਾ ਦੇ ਨੇਤਾ ਜਿਸ ਤਰੀਕੇ ਨਾਲ ਭਾਰਤ ਮਾਤਾ, ਮਾਂ ਬੋਲੀ ਅਤੇ ਗਊ ਮਾਤਾ ਦੇ ਨਾਅਰੇ ਲਗਾ ਰਹੇ ਸਨ ਉਸ ਨਾਲ ਬਹੁਗਿਣਤੀ ਦੇ ਏਕਾਧਿਕਾਰ ਦਾ ਮਾਹੌਲ ਬਣ ਰਿਹਾ ਸੀ ਜਿਸ ਵਿਚ ਮੁਸਲਮਾਨਾਂ ਦਾ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰਨਾ ਸੁਭਾਵਿਕ ਸੀ।"

ਇਹ ਵੀ ਗੌਰ ਕਰਨ ਵਾਲੀ ਗੱਲ ਹੈ ਕਿ 1932 ਵਿੱਚ ਗਾਂਧੀ-ਅੰਬੇਡਕਰ ਦੇ ਪੁਣੇ ਪੈਕਟ ਤੋਂ ਬਾਅਦ ਜਦੋਂ ਦਲਿਤਾਂ ਲਈ ਸੀਟਾਂ ਰਾਖਵੀਆਂ ਹੋਈਆਂ ਤਾਂ ਸਵਰਨ ਜਾਤੀ ਅਤੇ ਮੁਸਲਮਾਨਾਂ, ਦੋਵਾਂ ਵਿੱਚ ਬੇਚੈਨੀ ਵਧੀ। ਉਨ੍ਹਾਂ ਨੂੰ ਲੱਗਿਆ ਕਿ ਉਨ੍ਹਾਂ ਦਾ ਦਬਦਬਾ ਘੱਟ ਹੋ ਜਾਵੇਗਾ। ਇਤਿਹਾਸਕਾਰ ਜੋਇਆ ਚੈਟਰਜੀ ਦਾ ਕਹਿਣਾ ਹੈ ਕਿ 1932 ਤੋਂ ਬਾਅਦ ਬੰਗਾਲ ਵਿੱਚ ਹਿੰਦੂ-ਮੁਸਲਮਾਨਾਂ ਦਾ ਟਕਰਾਅ ਵਧਦਾ ਗਿਆ ਜੋ ਵੰਡ ਦੀ ਭੂਮਿਕਾ ਤਿਆਰ ਕਰਨ ਲੱਗਾ।

ਦਰਅਸਲ 1905 ਵਿਚ ਧਰਮ ਦੇ ਆਧਾਰ 'ਤੇ ਬੰਗਾਲ ਦੀ ਵੰਡ ਕਰਕੇ ਅੰਗਰੇਜ਼ਾਂ ਨੇ ਵੰਡ ਦੀ ਨੀਂਹ ਤਿਆਰ ਕਰ ਦਿੱਤੀ ਸੀ। ਜੋਇਆ ਲਿਖਦੇ ਹਨ, "ਪੂਰਬੀ ਬੰਗਾਲ ਵਿੱਚ ਫਜ਼ਲ-ਉਲ-ਹੱਕ ਦੀ ਕ੍ਰਿਸ਼ੀ ਪਰਜਾ ਪਾਰਟੀ ਦਾ ਅਸਰ ਵਧਿਆ ਅਤੇ ਪੂਨਾ ਪੈਕਟ ਤੋਂ ਬਾਅਦ ਦਲਿਤਾਂ ਲਈ ਸੀਟਾਂ ਰਾਖਵੀਆਂ ਕੀਤੀਆਂ ਗਈਆਂ।

"ਇਸ ਦਾ ਅਸਰ ਇਹ ਹੋਇਆ ਕਿ ਕਥਿਤ ਉੱਚ ਜਾਤੀ ਹਿੰਦੂਆਂ ਦਾ ਦਬਦਬਾ ਘਟਣ ਲੱਗਿਆ, ਇਸ ਦੀ ਉਨ੍ਹਾਂ ਨੇ ਕਲਪਨਾ ਵੀ ਨਹੀਂ ਕੀਤੀ ਸੀ। ਇਸਦਾ ਨਤੀਜਾ ਇਹ ਹੋਇਆ ਕਿ ਬੰਗਾਲ ਦੇ ਕਥਿਤ ਉੱਚ ਜਾਤੀ ਦੇ ਲੋਕ ਬਰਤਾਨਵੀ ਰਾਜ ਦੇ ਵਿਰੋਧ ਦੇ ਬਦਲੇ ਮੁਸਲਮਾਨਾਂ ਖਿਲਾਫ਼ ਰੁਖ ਅਖਿਤਆਰ ਕਰਨ ਲੱਗੇ।"

ਵਿਲੀਅਮ ਗੋਲਡ ਨੇ ਲਿਖਿਆ ਹੈ ਕਿ ਉੱਤਰ ਪ੍ਰਦੇਸ਼ ਵਿੱਚ ਕਾਂਗਰਸ ਦੇ ਵੱਡੇ ਆਗੂ, ਪੁਰਸ਼ੋਤਮ ਦਾਸ ਟੰਡਨ, ਸੰਪੂਰਣਾਨੰਦ ਅਤੇ ਗੋਵਿੰਦ ਵੱਲਭ ਪੰਤ ਦਾ ਝੁਕਾਅ ਹਿੰਦੂਵਾਦ ਵੱਲ ਸੀ ਜਿਸ ਕਾਰਨ ਮੁਸਲਮਾਨ ਅਲੱਗ-ਥਲੱਗ ਮਹਿਸੂਸ ਕਰ ਰਹੇ ਸਨ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਵੰਡ ਵਿੱਚ ਉੱਤਰ ਪ੍ਰਦੇਸ਼ ਦੇ ਮੁਸਲਮਾਨਾਂ ਦੀ ਭੂਮਿਕਾ ਵੀ ਘੱਟ ਨਹੀਂ ਸੀ।

ਮੁਸ਼ੀਰੁਲ ਹਸਨ, ਪਾਪਿਆ ਘੋਸ਼ ਅਤੇ ਵਨਿਤਾ ਦਾਮੋਦਰਨ ਜਿਹੇ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ 1937 ਵਿੱਚ ਕਾਂਗਰਸ ਦੀ ਅਗਵਾਈ ਵਿੱਚ ਜਦੋਂ ਸਰਕਾਰ ਬਣੀ ਤਾਂ ਹਿੰਦੂਆਂ ਅਤੇ ਮੁਸਲਮਾਨਾਂ, ਦੋਵੇਂ ਪਾਸੇ ਦੇ ਫਿਰਕੂ ਅਨਸਰਾਂ ਵਿੱਚ ਸੱਤਾ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰਨ ਦੀ ਹੋੜ ਲੱਗੀ ਹੋਈ ਸੀ ਜੋ 1940 ਤੋਂ ਬਾਅਦ ਲਗਾਤਾਰ ਵਧਦੀ

ਬਾਕੀ ਸਫ਼ਾ 28 'ਤੇ

# ਪੋਸਤ ਦੀ ਖੇਤੀ ਨਾਲ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇਗਾ

## ਪੰਜਾਬ ਦੇ ਕਿਸਾਨ ਆਗੂਆਂ ਦਾ ਦਾਅਵਾ

**ਮੁਕਤਸਰ/ਬਿਊਰੋ ਨਿਊਜ਼:**
ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਪੋਸਤ (ਅਫ਼ੀਮ) ਦੀ ਖੇਤੀ ਨਾਲ ਪੰਜਾਬ ਦਾ ਕਿਸਾਨ ਖ਼ੁਸ਼ਹਾਲ ਹੋਵੇਗਾ ਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਵੀ ਹੋਰ ਨੀਵਾਂ ਜਾਣ ਤੋਂ ਰੋਕਿਆ ਜਾ ਸਕੇਗਾ। ਦੂਜੇ ਪਾਸੇ ਪੰਜਾਬ ਵਿੱਚ ਸਿੰਥੈਟਿਕ ਅਤੇ ਮੈਡੀਕਲ ਨਸ਼ਿਆਂ 'ਤੇ ਵੀ ਰੋਕਥਾਮ ਲੱਗੇਗੀ। ਇਸ ਬੈਠਕ ਦੌਰਾਨ ਕਿਸਾਨਾਂ ਨੇ ਪੋਸਤ ਦੀ ਖੇਤੀ 'ਤੇ ਸਰਕਾਰੀ ਮੋਹਰ ਲਾਉਣ ਵਾਲੇ ਮਸਲੇ 'ਤੇ ਹੱਥ ਖੜੇ ਕਰਕੇ ਸਮਰਥਨ ਦਿੱਤਾ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜਨਰਲ ਸਕੱਤਰ ਹਰਿੰਦਰ ਸਿੰਘ ਲੱਖੋਵਾਲ ਦਾ ਮੰਨਣਾ ਹੈ, "ਪੋਸਤ-ਅਫ਼ੀਮ ਦੀ ਖੇਤੀ ਨਾਲ ਪੰਜਾਬ ਦੇ ਨੌਜਵਾਨ ਇਸ ਨਸ਼ੇ 'ਤੇ ਨਹੀਂ ਲੱਗਣਗੇ।" ਉਨ੍ਹਾਂ ਦਾ ਤਰਕ ਹੈ ਕਿ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਜ਼ਿਆਦਾਤਰ ਨੌਜਵਾਨ ਪੋਸਤ ਤੇ ਅਫ਼ੀਮ ਦਾ ਨਸ਼ਾ ਨਹੀਂ ਕਰਦੇ।
ਲੱਖੋਵਾਲ ਮੁਤਾਬਕ ਅਫ਼ੀਮ ਦੀ ਪੈਦਾਵਾਰ ਦਾ "ਸਾਰਾ ਕੰਟਰੋਲ ਸਰਕਾਰ ਆਪਣੇ ਹੱਥ ਵਿਚ ਰੱਖੇ ਅਤੇ ਹਰ ਛੋਟੇ ਵੱਡੇ ਕਿਸਾਨ ਨੂੰ ਉਸਦੀ ਮਾਲਕੀ ਵਾਲੀ ਜ਼ਮੀਨ ਦੇ ਮੁਤਾਬਕ ਬਣਦੇ ਰਕਬੇ ਵਿੱਚ ਪੋਸਤ-ਅਫ਼ੀਮ ਦੀ ਖੇਤੀ ਕਰਨ ਦੇਵੇ ਤਾਂ ਜੋ ਹਰ ਕਿਸਾਨ ਖ਼ੁਸ਼ਹਾਲ ਹੋ ਸਕੇ।"
ਲੱਖੋਵਾਲ ਨੇ ਅਫ਼ੀਮ ਦੀ ਖੇਤੀ ਲਈ ਹਰ ਕਿਸਾਨ ਦੇ ਪਰਿਵਾਰ ਨੂੰ ਇਕ ਏਕੜ ਦਾ ਲਾਇਸੈਂਸ ਦੇਣ ਦੀ ਵਕਾਲਤ ਕੀਤੀ ਹੈ।
ਅਵਤਾਰ ਸਿੰਘ ਧੂੰਦਾ "ਆਲ ਇੰਡੀਆ ਅਫ਼ੀਮ ਪੈਦਾਵਾਰ ਕਿਸਾਨ ਜਥੇਬੰਦੀ" ਦੇ ਇੱਕ ਅਹੁਦੇਦਾਰ ਹਨ। ਉਨ੍ਹਾਂ ਦਾ ਕਹਿਣਾ ਹੈ, "ਅਸੀਂ ਪੰਜਾਬ ਵਿੱਚ ਅਫ਼ੀਮ ਪੈਦਾ ਕਰਨ ਲਈ ਲੰਬੇ ਸਮੇਂ ਤੋਂ ਸ਼ੰਘਰਸ਼ ਕਰ ਰਹੇ ਹਾਂ ਉਨ੍ਹਾਂ ਮੁਤਾਬਕ ਆਜ਼ਾਦੀ ਤੋਂ ਪਹਿਲਾਂ ਡੇਢ ਲੱਖ ਕਿਸਾਨਾਂ ਕੋਲ ਅਫ਼ੀਮ ਪੈਦਾ ਕਰਨ ਦਾ ਪਟਾ (ਲਾਇਸੈਂਸ) ਸੀ, ਜੋ ਬਾਅਦ ਵਿੱਚ ਘਟਾ ਦਿੱਤਾ ਗਿਆ।"
ਉਨ੍ਹਾਂ ਮੁਤਾਬਕ ਦੇਸ਼ ਵਿੱਚ ਦਵਾਈਆਂ ਵਿੱਚ ਵਰਤਣ ਲਈ 85 ਪ੍ਰਤੀਸ਼ਤ ਅਫ਼ੀਮ ਬਾਹਰਲੇ ਮੁਲਕਾਂ ਤੋਂ ਮੰਗਵਾਈ ਜਾਂਦੀ ਹੈ। ਜੇਕਰ ਦੇਸ਼ ਦੇ ਕਿਸਾਨਾਂ ਨੂੰ ਅਫ਼ੀਮ ਪੈਦਾ ਕਰਨ ਦੇ ਲਾਇਸੰਸ ਦਿੱਤੇ ਜਾਣ ਤਾਂ ਜਿੱਥੇ ਕਿਸਾਨ ਖ਼ੁਸ਼ਹਾਲ ਹੋਵੇਗਾ ਉੱਥੇ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਫ਼ੀਮ ਨਹੀਂ ਮੰਗਵਾਉਣੀ ਪਵੇਗੀ।

### ਅਫ਼ੀਮ ਦੀ ਖੇਤੀ ਨਾਲ ਪੰਜਾਬ ਦੇ ਨੌਜਵਾਨ ਇਸ ਨਸ਼ੇ 'ਤੇ ਨਹੀਂ ਲੱਗਣਗੇ-ਲੱਖੋਵਾਲ

ਅਵਤਾਰ ਸਿੰਘ ਦੇ ਮੁਤਾਬਕ ਰਾਜਸਥਾਨ ਦੇ ਚਿਤੌੜਗੜ੍ਹ ਵਿਚ ਅਫ਼ੀਮ ਪੈਦਾ ਕਰਨ ਵਾਲੇ ਕਿਸਾਨਾਂ ਨੇ 189 ਦਿਨਾਂ ਤੋਂ ਧਰਨਾ ਲਗਾਇਆ ਅਤੇ ਰਾਜਸਥਾਨ ਦੇ ਕਿਸਾਨ 30 ਹਜ਼ਾਰ ਨਵੇਂ ਲਾਇਸੰਸ ਲੈਣ ਵਿੱਚ ਸਫ਼ਲ ਹੋ ਗਏ ਹਨ।
ਅਵਤਾਰ ਸਿੰਘ ਦਾ ਕਹਿਣਾ ਹੈ ਕਿ ਇੱਕ ਏਕੜ ਜ਼ਮੀਨ ਵਿਚੋਂ 40 ਕਿੱਲੋ ਅਫ਼ੀਮ ਪੈਦਾ ਹੋ ਜਾਂਦੀ ਹੈ। ਜਿਸਦੀ ਕੌਮਾਂਤਰੀ ਮੰਡੀ ਵਿੱਚ ਕੀਮਤ ਡੇਢ ਲੱਖ ਪ੍ਰਤੀ ਕਿੱਲੋ ਹੈ।
ਦੂਜੇ ਪਾਸੇ ਛੇ ਤੋਂ ਅੱਠ ਕੁਇੰਟਲ ਡੋਡੇ ਅਤੇ ਖਸਖਸ ਦੀ ਪੈਦਾਵਾਰ ਨਿਕਲਦੀ ਹੈ। ਇਸ ਨਾਲ ਪੰਜਾਬ ਦਾ ਕਿਸਾਨ ਸਰਕਾਰ 'ਤੇ ਬੋਝ ਨਹੀਂ ਰਹੇਗਾ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਓਨ੍ਹਾਂ ਦੀ ਖੋਜ ਵਿੱਚ ਇਹ ਕਿਤੇ ਸਾਹਮਣੇ ਨਹੀਂ ਆਇਆ ਕਿ ਪੋਸਤ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੇ ਬੱਚੇ ਇਸ ਦਾ ਨਸ਼ਾ ਕਰਦੇ ਹੋਣ। ਕਿਸਾਨਾਂ ਦਾ ਇਹ ਵੀ ਤਰਕ ਹੈ ਕਿ ਜੇ ਪੰਜਾਬ ਸਰਕਾਰ ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੀ ਤਰ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਵੀ ਪੋਸਤ ਦੀ ਖੇਤੀ ਕਰਨ ਦੇ ਲਾਇਸੈਂਸ ਦਿੰਦੀ ਹੈ ਤਾਂ ਕਿਸਾਨ ਕੁਝ ਸਾਲਾਂ ਵਿਚ ਹੀ ਖ਼ੁਸ਼ਹਾਲ ਹੋ ਜਾਵੇਗਾ ਸਰਕਾਰਾਂ ਨੂੰ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੀ ਵੀ ਕੋਈ ਲੋੜ ਨਹੀਂ।
ਮੁਖਤਿਆਰ ਸਿੰਘ ਵਿਰਕ ਪਿੰਡ ਅੱਕੂ ਮਸਤੇ ਕੇ, ਦੇ ਵੱਡੇ ਕਿਸਾਨ ਹਨ। ਉਨ੍ਹਾਂ ਮੁਤਬਕ, ਉਨ੍ਹਾਂ ਕੋਲ 40 ਕਿੱਲੇ ਜ਼ਮੀਨ ਹੈ ਜਿਸ 'ਤੇ 70 ਲੱਖ ਕਰਜ਼ਾ ਹੈ।
ਉਨ੍ਹਾਂ ਹੁਣ ਤੱਕ ਕਣਕ ਤੇ ਝੋਨੇ ਦੀ ਫ਼ਸਲ ਤੋਂ ਇਲਾਵਾ ਕਈ ਸਬਜ਼ੀਆਂ ਦੀ ਕਾਸ਼ਤ ਵੀ ਕੀਤੀ ਪਰ ਹਮੇਸ਼ਾ ਨਿਰਾਸ਼ਾ ਹੀ ਹੱਥ ਲੱਗੀ, ਦੁੱਧ ਤੋਂ ਵੀ ਮੁਨਾਫ਼ਾ ਨਹੀਂ ਹੋਇਆ। ਉਨ੍ਹਾਂ ਮੁਤਾਬਕ ਜੇ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਪੋਸਤ-ਅਫ਼ੀਮ ਦੀ ਖੇਤੀ ਦੀ ਇਜ਼ਾਜ਼ਤ ਦਿੰਦੀ ਹੈ ਤਾਂ ਜਿੱਥੇ ਉਹ ਆਪਣਾ ਕਰਜ਼ਾ ਲਾਹ ਦੇਣਗੇ ਉੱਥੇ ਉਹ ਛੋਟੇ ਕਿਸਾਨਾਂ ਦੇ ਕਰਜ਼ੇ ਉਤਾਰਨ ਜੋਗੇ ਵੀ ਹੋ ਜਾਣਗੇ।

## ਕੈਪਟਨ ਸਰਕਾਰ ਨੂੰ ਵਧਿਆ ਡੇਰਿਆਂ ਦਾ ਹੇਜ

### *ਹਾਈਕੋਰਟ 'ਚ ਕਿਹਾ "ਕੁਝ ਗਲਤ ਨਹੀਂ ਹੋ ਰਿਹ ਡੇਰਿਆਂ 'ਚ"*

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਲਿਖਤੀ ਜਵਾਬ ਦਾਇਰ ਕਰਦਿਆਂ ਕਿਹਾ ਹੈ ਕਿ ਪੰਜਾਬ ਦੇ ਡੇਰਿਆਂ ਅਤੇ ਆਸ਼ਰਮਾਂ ਦੀ ਸਮੇਂ-ਸਮੇਂ 'ਤੇ ਜਾਂਚ ਕੀਤੀ ਜਾ ਰਹੀ ਹੈ ਅਤੇ ਹੁਣ ਤੱਕ ਕਿਸੇ ਵੀ ਡੇਰੇ ਵਿਚ ਗੈਰ ਕਾਨੂੰਨੀ ਗਤੀਵਿਧੀਆਂ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ। ਪੰਜਾਬ ਸਰਕਾਰ ਨੇ ਇਹ ਜਵਾਬ ਜਸਟਿਸਰ ਆਰੀਅਨ ਰੈਨਾ ਦੀ ਬੈਂਚ ਸਾਹਮਣੇ ਦਾਖਲ ਕੀਤਾ ਹੈ। ਜਾਣਕਾਰੀ ਮੁਤਾਬਕ ਹਾਈਕੋਰਟ ਨੇ ਕਰੀਬ 2 ਸਾਲ ਪਹਿਲਾਂ ਪੰਜਾਬ ਅਤੇ ਹਰਿਆਣਾ ਵਿਚ ਸਾਰੇ ਡੇਰਿਆਂ ਦੀ ਜਾਂਚ ਦੇ ਹੁਕਮ ਦਿੱਤੇ ਸਨ ਪਰ ਇਸ ਮਾਮਲੇ ਵਿਚ ਅਦਾਲਤ ਦੇ ਹੁਕਮਾਂ ਦੀ ਪਾਲਣਾ ਨਾ ਹੋਣ 'ਤੇ ਦਾਇਰ ਕੀਤੀ ਗਈ ਪਟੀਸ਼ਨ ਦੀ ਸੁਣਵਾਈ ਚੱਲ ਰਹੀ ਹੈ। ਸ਼ੁੱਕਰਵਾਰ ਨੂੰ ਪੰਜਾਬ ਸਰਕਾਰ ਵਲੋਂ ਦਾਖਲ ਉਕਤ ਜਵਾਬ ਨੂੰ ਜਸਟਿਸ ਆਰੀਅਨ ਰੈਨਾ ਨੇ ਰਿਕਾਰਡ 'ਤੇ ਲੈਂਦੇ ਹੋਏ ਅਗਲੀ ਸੁਣਵਾਈ 'ਤੇ ਹਰਿਆਣਾ ਸਰਕਾਰ ਨੂੰ ਵੀ ਆਪਣਾ ਜਵਾਬ ਦਾਇਰ ਕਰਨ ਲਈ ਕਿਹਾ ਹੈ।

## ਹੁਣ ਪੜ੍ਹਾਈ 'ਚ ਵੀ ਪੱਛੜਦਾ ਨਜ਼ਰ ਆ ਰਿਹੈ ਪੰਜਾਬ

### ਰਾਜ ਦੇ 163 ਸਕੂਲਾਂ ਦਾ ਦਸਵੀਂ ਦਾ ਨਤੀਜਾ ਸਿਫ਼ਰ ਫ਼ੀਸਦੀ ਰਿਹਾ

**ਜਲੰਧਰ/ਬਿਊਰੋ ਨਿਊਜ਼:** ਕਿਸੇ ਸਮੇਂ ਹਰ ਖੇਤਰ ਵਿੱਚ ਮੋਹਰੀ ਰਿਹਾ ਪੰਜਾਬ ਹੁਣ ਪੜ੍ਹਾਈ 'ਚ ਵੀ ਦਿਨੋਂ ਦਿਨ ਪੱਛੜਦਾ ਜਾ ਰਿਹਾ ਹੈ। ਪੰਜਾਬ ਵਿੱਚ ਸਕੂਲੀ ਸਿੱਖਿਆ ਦੇ ਅਸਲ ਮਿਆਰਾਂ ਦਾ ਪਤਾ ਚਾਜ਼ਾ ਅੰਕੜਿਆਂ ਤੋਂ ਹੀ ਲੱਗਦਾ ਹੈ। ਰਾਜ ਦੇ 163 ਸਕੂਲ ਅਜਿਹੇ ਹਨ ਜਿਨ੍ਹਾਂ ਦਾ ਦਸਵੀਂ ਦਾ ਨਤੀਜਾ ਸਿਫ਼ਰ ਫ਼ੀਸਦੀ ਰਿਹਾ ਹੈ।
ਇਨ੍ਹਾਂ ਵਿੱਚੋਂ ਬਹੁਤੇ ਸਕੂਲ ਨਾ ਸਰਹੱਦੀ ਇਲਾਕਿਆਂ ਵਿੱਚ ਸਥਿਤ ਹਨ ਅਤੇ ਨਾ ਹੀ ਮੰਡ ਖੇਤਰ ਜਾਂ ਕੰਢੀ ਦੇ ਇਲਾਕੇ ਵਿੱਚ। ਤਕਰੀਬਨ ਅੱਧੇ ਸਕੂਲ ਸ਼ਹਿਰੀ ਜਾਂ ਨੀਮ ਸ਼ਹਿਰੀ ਇਲਾਕਿਆਂ ਤੋਂ ਬਹੁਤੇ ਦੂਰ ਨਹੀਂ। ਫਿਰ ਵੀ ਇਨ੍ਹਾਂ ਦਾ ਕੋਈ ਵਿਦਿਆਰਥੀ ਪਾਸ ਨਹੀਂ ਹੋਇਆ। ਇਹ ਸਾਰੇ ਸਰਕਾਰੀ ਸਕੂਲ ਵੀ ਨਹੀਂ; ਇੱਕ ਤਿਹਾਈ ਗ਼ੈਰ-ਸਰਕਾਰੀ ਹਨ। ਅੰਕੜੇ ਦੱਸਦੇ ਹਨ ਕਿ 7747 ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਜੁੜੇ ਹੋਏ ਹਨ। ਤਕਰੀਬਨ 3200 ਸਕੂਲ ਕੇਂਦਰੀ ਬੋਰਡਾਂ ਭਾਵ ਸੀਬੀਐੱਸਈ ਜਾਂ ਆਈਸੀਐੱਸਈ ਨਾਲ ਸਬੰਧਿਤ ਹਨ। ਪੰਜਾਬ ਬੋਰਡ ਨਾਲ ਸਬੰਧਿਤ ਸਕੂਲਾਂ ਵਿੱਚ 163 ਦਾ ਦਸਵੀਂ ਦਾ ਨਤੀਜਾ ਸਿਫ਼ਰ ਫ਼ੀਸਦੀ ਰਿਹਾ ਹੈ, 176 ਹੋਰ ਸਕੂਲਾਂ ਵਿੱਚ ਪਾਸ ਪ੍ਰਤੀਸ਼ਤਤਾ 10 ਜਾਂ ਇਸ ਤੋਂ ਘੱਟ ਰਹੀ ਹੈ।
232 ਸਕੂਲਾਂ ਦਾ ਨਤੀਜਾ 20 ਫ਼ੀਸਦੀ ਤੋਂ ਘੱਟ ਹੈ। ਇਸ ਸਭ ਦੇ ਬਾਵਜੂਦ ਰਾਜ ਵਿੱਚ ਦਸਵੀਂ ਦੀ ਪਾਸ ਪ੍ਰਤੀਸ਼ਤਤਾ 2 ਫ਼ੀਸਦੀ ਸੁਧਰੀ ਹੈ। ਇਸ ਸੁਧਾਰ ਦੀ ਵਜ੍ਹਾ 669 ਅਜਿਹੇ ਸਕੂਲ ਹਨ ਜਿਨ੍ਹਾਂ ਦਾ ਨਤੀਜਾ 100 ਫ਼ੀਸਦੀ ਰਿਹਾ ਹੈ। ਸਿੱਖਿਆ ਅਧਿਕਾਰੀਆਂ ਦਾ ਦਾਅਵਾ ਸਿਫ਼ਰ ਫ਼ੀਸਦ ਨਤੀਜੇ ਵਾਲੇ ਬਹੁਤੇ ਸਕੂਲ ਉਹ ਹਨ ਜਿਨ੍ਹਾਂ ਵਿੱਚ ਪਹਿਲਾਂ ਨਕਲ 'ਤੇ ਟੇਕ ਜ਼ਿਆਦਾ ਰੱਖੀ ਜਾਂਦੀ ਸੀ। ਇਸ ਵਾਰ ਨਕਲ ਰੋਕਣ ਲਈ ਕੀਤੇ ਗਏ ਨਿੱਗਰ ਉਪਰਾਲਿਆਂ ਨੇ ਇਨ੍ਹਾਂ ਦੀ 'ਕਾਰਗੁਜ਼ਾਰੀ' ਉੱਤੇ ਸਚਮੁਚ ਮੰਦਾ ਅਸਰ ਪਾਇਆ। ਸਕੂਲਾਂ ਵਿਚ ਸਟਾਫ਼ ਪੂਰਾ ਨਹੀਂ ਹੈ ਅਤੇ ਨਾ ਹੀ ਅਧਿਆਪਕਾਂ ਨੂੰ ਪੂਰੀ ਤਨਖਾਹ ਦਿੱਤੀ ਜਾਂਦੀ ਹੈ, ਕਿਉਂਕਿ ਠੇਕੇ 'ਤੇ ਰੱਖੇ ਗਏ ਹਨ। ਗਿਣਤੀ ਦੇ ਅਨੁਪਾਤ ਪੱਖੋਂ ਤਰਨ ਤਾਰਨ ਜ਼ਿਲ੍ਹੇ ਦੇ 330 ਸਕੂਲਾਂ ਵਿੱਚੋਂ 51 ਵਿੱਚ ਦਸਵੀਂ ਦੇ ਸਾਰੇ ਵਿਦਿਆਰਥੀ ਫੇਲ੍ਹ ਹੋਏ ਜਦੋਂ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਕੁਲ 600 ਸਕੂਲਾਂ ਵਿੱਚੋਂ 27 ਦਾ ਨਤੀਜਾ ਸਿਫ਼ਰ ਰਿਹਾ। ਗੁਰਦਾਸਪੁਰ ਤੇ ਫਿਰੋਜ਼ਪੁਰ ਵੀ ਸਰਹੱਦੀ ਜ਼ਿਲ੍ਹੇ ਹਨ, ਪਰ ਉਨ੍ਹਾਂ ਦੀ ਕਾਰਗੁਜ਼ਾਰੀ ਅੰਮ੍ਰਿਤਸਰ-ਤਰਨਤਾਰਨ ਨਾਲੋਂ ਬਿਹਤਰ ਰਹੀ। ਫ਼ਾਜ਼ਿਲਕਾ ਤੇ ਪਠਾਨਕੋਟ ਫਾਡੀਆਂ ਦੀ ਗਿਣਤੀ ਪੱਖੋਂ ਮਾਲਵੇ ਦੇ ਜ਼ਿਲ੍ਹਿਆਂ ਨਾਲੋਂ ਬਦਤਰ ਪੁਜ਼ੀਸਨ ਵਿੱਚ ਨਹੀਂ। ਜ਼ਾਹਿਰ ਹੈ, ਨਤੀਜਿਆਂ ਦਾ ਸਬੰਧ ਦੂਰ-ਦਰਾਜ਼ ਜਾਂ ਸਰਹੱਦੀ ਖੇਤਰਾਂ ਵਿੱਚ ਸਥਿਤ ਹੋਣ ਨਾਲ ਘੱਟ ਹੈ, ਵਿਦਿਆਰਥੀਆਂ ਤੇ ਵਿਦਿਅਕ ਅਮਲੇ ਦੀ ਲਗਨ ਨਾਲ ਵੱਧ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਖਿਆ ਮੰਤਰੀ ਓ.ਪੀ. ਸੋਨੀ ਨੂੰ ਨਾਲ ਲੈ ਕੇ 12ਵੀਂ ਤੇ ਦਸਵੀਂ ਦੇ ਨਤੀਜਿਆਂ ਦੇ ਪ੍ਰਸੰਗ ਵਿੱਚ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਹੈ। ਇਸ ਦੇ ਆਧਾਰ 'ਤੇ ਸੁਝਾਏ ਬਹੁਤੇ ਕਦਮ ਅਕਾਦਮਿਕ ਕਿਸਮ ਦੇ ਵੱਧ ਤੇ ਅਮਲੀ ਘੱਟ ਹਨ।



# ਉੱਚ ਅਦਾਲਤਾਂ 'ਚ ਹੁੰਦਾ ਕੰਮਕਾਜ ਅਤੇ ਪੰਜਾਬੀ

**ਮਿੱਤਰ ਸੈਨ ਮੀਤ**
(ਸੰਪਰਕ: 98556-31777)

ਭਾਰਤ ਦਾ ਰਾਜਨੀਤਕ ਢਾਂਚਾ ਸੰਘੀ ਹੈ। ਦੇਸ਼ ਦੀਆਂ ਹੱਦਾਂ ਹਜ਼ਾਰਾਂ ਮੀਲਾਂ ਤਕ ਫੈਲੀਆਂ ਹੋਈਆਂ ਹਨ। ਉੱਤਰੀ ਅਤੇ ਦੱਖਣੀ ਸੂਬਿਆਂ ਦੀਆਂ ਭਾਸ਼ਾਵਾਂ ਵਿੱਚ ਜ਼ਮੀਨ ਆਸਮਾਨ ਦਾ ਫ਼ਰਕ ਹੈ। ਇੱਕ ਖੇਤਰ ਦੇ ਲੋਕਾਂ ਨੂੰ ਦੂਜੇ ਖੇਤਰ ਦੇ ਲੋਕਾਂ ਦੀ ਭਾਸ਼ਾ ਵਿਦੇਸ਼ੀ ਜਾਪਦੀ ਹੈ। ਇਸ ਕਠਿਨਾਈ ਨੂੰ ਮਹਿਸੂਸ ਕਰਦਿਆਂ ਸੰਵਿਧਾਨ ਦੇ ਘਾੜਿਆਂ ਨੇ ਸੰਵਿਧਾਨ ਲਾਗੂ ਹੋਣ ਦੇ ਪਹਿਲੇ 15 ਸਾਲਾਂ ਲਈ ਅਦਾਲਤੀ ਕੰਮਕਾਜ ਨੂੰ ਅੰਗਰੇਜ਼ੀ ਵਿੱਚ ਕੀਤੇ ਜਾਣ ਦੀ ਵਿਵਸਥਾ ਕੀਤੀ ਸੀ। ਫਿਰ ਹਿੰਦੀ ਨੂੰ ਸੰਪਰਕ ਭਾਸ਼ਾ ਵਜੋਂ ਅਪਣਾਇਆ ਜਾਣਾ ਸੀ। ਦੱਖਣੀ ਸੂਬੇ ਹਿੰਦੀ ਤੋਂ ਪੂਰੀ ਤਰ੍ਹਾਂ ਅਣਭਿੱਜ ਹੀ ਨਹੀਂ, ਇਸਦੇ ਕੱਟੜ ਵਿਰੋਧੀ ਵੀ ਹਨ। ਆਪੋ-ਆਪਣੀ ਖੇਤਰੀ ਭਾਸ਼ਾ ਨੂੰ ਜਾਨ ਨਾਲੋਂ ਵੱਧ ਪਿਆਰ ਵੀ ਕਰਦੇ ਹਨ। ਮਾਤ ਭਾਸ਼ਾ ਨਾਲ ਮੋਹ ਹੋਣ ਕਾਰਨ ਦੱਖਣ ਵਾਲਿਆਂ ਨੇ ਸੰਨ 1965 ਮਗਰੋਂ ਹਿੰਦੀ ਨੂੰ ਸੰਪਰਕ/ਰਾਸ਼ਟਰੀ ਭਾਸ਼ਾ ਦੇ ਤੌਰ 'ਤੇ ਅਪਣਾਏ ਜਾਣ ਦਾ ਸਖ਼ਤ ਵਿਰੋਧ ਕੀਤਾ। ਕੇਂਦਰ ਸਰਕਾਰ ਉਨ੍ਹਾਂ ਅੱਗੇ ਝੁਕੀ ਅਤੇ ਹਿੰਦੀ ਨੂੰ ਅੰਗਰੇਜ਼ੀ ਦੀ ਥਾਂ ਦੇਣ ਦੇ ਸਮੇਂ ਨੂੰ ਅੱਗੇ ਪਾ ਦਿਤਾ ਗਿਆ। ਅੱਗੇ ਪੈਂਦਿਆਂ-ਪੈਂਦਿਆਂ ਅੱਧੀ ਸਦੀ ਹੋਰ ਬੀਤ ਗਈ ਹੈ। ਰਾਜਨੀਤਕ ਮਜਬੂਰੀ ਕਾਰਨ ਰਾਜ ਭਾਸ਼ਾਵਾਂ ਨੂੰ ਆਪਣੀ ਬਨਦੀ ਥਾਂ ਪ੍ਰਾਪਤ ਕਰਨ ਲਈ ਪਤਾ ਨਹੀਂ ਹੋਰ ਕਿੰਨੀਆਂ ਸਦੀਆਂ ਤਕ ਇੰਤਜ਼ਾਰ ਕਰਨਾ ਪਵੇਗਾ।

**ਸੁਪਰੀਮ ਕੋਰਟ ਵਿੱਚ ਹੁੰਦਾ ਕੰਮ-ਕਾਜ**

ਦੇਸ਼ ਵਿੱਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਦੀ ਭਿੰਨਤਾ ਦੇ ਮੱਦੇਨਜ਼ਰ ਸੁਪਰੀਮ ਕੋਰਟ ਦੇ ਸਾਰੇ ਅਦਾਲਤੀ ਕੰਮਕਾਜ ਨੂੰ ਅੰਗਰੇਜ਼ੀ ਵਿੱਚ ਕੀਤੇ ਜਾਣ ਦੀ ਵਿਵਸਥਾ ਸੰਵਿਧਾਨ ਵਿੱਚ ਹੀ (ਆਰਟੀਕਲ 348 ਰਾਹੀਂ) ਕਰ ਦਿੱਤੀ ਗਈ ਸੀ। ਇਸ ਵਿਵਸਥਾ ਦੇ ਹੱਕ ਵਿੱਚ ਕਈ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਕੁਝ ਦਲੀਲਾਂ ਇਹ ਹਨ। ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਸਮੇਂ ਭਾਰਤ ਦੇ ਹਰ ਖਿੱਤੇ ਨੂੰ ਪ੍ਰਤੀਨਿਧਤਾ ਦੇਣ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਸੁਪਰੀਮ ਕੋਰਟ ਦਾ ਹਰ ਜੱਜ ਭਾਰਤ ਦੀਆਂ ਸਾਰੀਆਂ 22 ਦੀਆਂ 22 ਭਾਸ਼ਾਵਾਂ ਦਾ ਗਿਆਤਾ ਨਹੀਂ ਹੋ ਸਕਦਾ। ਅੰਗਰੇਜ਼ੀ ਇੱਕੋ ਇੱਕ ਅਜਿਹੀ ਭਾਸ਼ਾ ਹੈ ਜੋ ਸਾਰੇ ਖਿੱਤਿਆਂ ਨੂੰ ਪ੍ਰਵਾਨ ਹੈ ਜਿਸ ਬਾਰੇ ਕੋਈ ਰਾਜਨੀਤਕ ਜਾਂ ਧਾਰਮਿਕ ਵਾਦ-ਵਿਵਾਦ ਵੀ ਨਹੀਂ ਹੈ। ਭਾਰਤ ਵਿੱਚ ਲਾਗੂ ਸਾਰੇ ਕਾਨੂੰਨ ਅਤੇ ਉੱਚ ਅਦਾਲਤਾਂ ਦੇ ਪਹਿਲੇ ਫ਼ੈਸਲੇ ਸਿਰਫ਼ ਅੰਗਰੇਜ਼ੀ ਵਿੱਚ ਹਨ। ਅਜਿਹੇ ਕਾਰਨਾਂ ਕਾਰਨ ਜੱਜਾਂ ਨੂੰ ਆਪਣਾ ਕੰਮ ਹਰ ਖਿੱਤੇ ਦੀ ਸਾਂਝੀ ਭਾਸ਼ਾ ਅੰਗਰੇਜ਼ੀ ਵਿੱਚ ਨਿਪਟਾਉਣਾ ਆਸਾਨ ਹੈ। ਇਨ੍ਹਾਂ ਤਰਕਾਂ ਵਿੱਚ ਵਜ਼ਨ ਹੋਣ ਕਾਰਨ ਹਾਲ ਦੀ ਘੜੀ ਸੁਪਰੀਮ ਕੋਰਟ ਦੇ ਕੰਮਕਾਜ ਨੂੰ ਅੰਗਰੇਜ਼ੀ ਵਿੱਚ ਕੀਤੇ ਜਾਣ 'ਤੇ ਕਿਧਰੋਂ ਕੋਈ ਇਤਰਾਜ਼ ਨਹੀਂ ਉੱਠਿਆ। ਇਸੇ ਕਾਰਨ ਅੱਜ ਤਕ ਸੁਪਰੀਮ ਕੋਰਟ ਦੇ ਕੰਮਕਾਜ ਨੂੰ ਅੰਗਰੇਜ਼ੀ ਵਿੱਚ ਕੀਤੇ ਜਾਣ ਦੀ ਵਿਵਸਥਾ ਪ੍ਰਚੱਲਿਤ ਹੈ। ਉਂਜ ਵੀ ਸੁਪਰੀਮ ਕੋਰਟ ਵਿੱਚ ਹੋਣ ਵਾਲੀ ਅਦਾਲਤੀ ਪ੍ਰਕਿਰਿਆ ਨਾਲ ਮੁਕੱਦਮੇ ਦੀਆਂ ਧਿਰਾਂ ਦਾ ਸਿੱਧਾ ਸਬੰਧ ਨਹੀਂ ਹੁੰਦਾ। ਬਹਿਸਾਂ ਕਾਨੂੰਨੀ ਪੇਚੀਦਗੀਆਂ 'ਤੇ ਕੇਂਦਰਿਤ ਹੁੰਦੀਆਂ ਹਨ। ਸਾਰੀ ਅਦਾਲਤੀ ਕਾਰਵਾਈ ਵਕੀਲਾਂ ਰਾਹੀਂ ਹੁੰਦੀ ਹੈ।

**ਹਾਈ ਕੋਰਟਾਂ ਵਿੱਚ ਕੰਮਕਾਜ**

ਸੁਪਰੀਮ ਕੋਰਟ ਜਾਣ ਤੋਂ ਪਹਿਲਾਂ ਝਗੜਿਆਂ ਨੂੰ ਹਾਈ ਕੋਰਟ ਦੇ ਦਰਵਾਜ਼ਿਉਂ ਨਿਕਲਣਾ ਪੈਂਦਾ ਹੈ। ਹਰ ਸੂਬੇ ਦੀ ਆਪਣੀ ਹਾਈ ਕੋਰਟ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਰਗੀ ਕਿਸੇ ਕਿਸੇ ਹਾਈ ਕੋਰਟ ਨੂੰ ਦੋ-ਦੋ ਸੂਬਿਆਂ ਦਾ ਕੰਮ ਵੀ ਦੇਖਣਾ ਪੈਂਦਾ ਹੈ। ਧਿਰਾਂ ਵੱਲੋਂ ਹਾਈ ਕੋਰਟ ਵਿੱਚ ਕੀਤੇ ਜਾਣ ਵਾਲੇ ਕੰਮ ਨੂੰ ਖੇਤਰੀ ਰਾਜ ਭਾਸ਼ਾਵਾਂ ਵਿੱਚ ਕੀਤੇ ਜਾਣ ਦੀ ਵਿਵਸਥਾ ਵੀ ਸੰਵਿਧਾਨ ਨੇ ਹੀ ਕਰ ਦਿੱਤੀ ਸੀ, ਪਰ ਨਾਲ ਹੀ ਅਦਾਲਤ ਵੱਲੋਂ ਕੀਤੇ ਜਾਂਦੇ ਕੰਮਾਂ (ਫ਼ੈਸਲੇ, ਹੁਕਮ ਆਦਿ) ਦੀ ਭਾਸ਼ਾ ਨੂੰ ਅੰਗਰੇਜ਼ੀ ਹੀ ਰੱਖਿਆ ਗਿਆ ਸੀ (ਆਰਟੀਕਲ 348)।

ਸੰਵਿਧਾਨ ਵਿੱਚ ਨਿਰਧਾਰਤ 15 ਸਾਲ ਦਾ ਸਮਾਂ ਬੀਤ ਜਾਣ ਬਾਅਦ ਵੀ ਜਦੋਂ ਕੇਂਦਰ ਸਰਕਾਰ ਨੂੰ ਹਿੰਦੀ ਨੂੰ ਰਾਜ ਭਾਸ਼ਾ ਬਣਾਉਣ ਵਿੱਚ ਸਫਲਤਾ ਨਾ ਮਿਲੀ ਤਾਂ ਅੰਗਰੇਜ਼ੀ ਨੂੰ ਹੀ ਕੰਮਕਾਜ ਦੀ ਭਾਸ਼ਾ ਦੇ ਤੌਰ 'ਤੇ ਜਾਰੀ ਰੱਖਣ ਲਈ ਕੇਂਦਰ ਸਰਕਾਰ ਨੂੰ 'ਰਾਜ ਭਾਸ਼ਾ ਐਕਟ 1963' ਬਣਾਉਣਾ ਪਿਆ। ਇਸ ਐਕਟ ਨੇ ਹਾਈ ਕੋਰਟਾਂ ਨੂੰ ਆਪਣੇ ਵੱਲੋਂ ਕੀਤੇ ਜਾਂਦੇ ਕੰਮਕਾਜ ਨੂੰ ਅੰਗਰੇਜ਼ੀ ਦੇ ਨਾਲ-ਨਾਲ ਹਿੰਦੀ ਜਾਂ ਰਾਜ ਭਾਸ਼ਾ ਵਿੱਚ ਕੀਤੇ ਜਾਣ ਦੀ ਖੁੱਲ੍ਹ ਦਿੱਤੀ (ਧਾਰਾ 7)। ਇਸ ਨਾਲ ਦੋ ਸ਼ਰਤਾਂ ਰੱਖੀਆਂ ਹਨ। ਪਹਿਲੀ ਇਹ ਕਿ ਇਸ ਵਿਵਸਥਾ ਨੂੰ ਲਾਗੂ ਕਰਨ ਤੋਂ ਪਹਿਲਾਂ ਪ੍ਰਾਂਤ ਦੇ ਰਾਜਪਾਲ ਨੂੰ ਰਾਸ਼ਟਰਪਤੀ ਤੋਂ ਮਨਜ਼ੂਰੀ ਲੈਣੀ ਪਵੇਗੀ। ਦੂਜੀ ਇਹ ਕਿ ਜੇ ਜੱਜ ਫ਼ੈਸਲਾ ਹਿੰਦੀ ਜਾਂ ਰਾਜ ਭਾਸ਼ਾ ਵਿੱਚ ਲਿਖਦੇ ਹਨ ਤਾਂ ਫ਼ੈਸਲੇ ਦਾ ਪ੍ਰਵਾਨਿਤ ਅੰਗਰੇਜ਼ੀ ਅਨੁਵਾਦ ਵੀ ਹੋਵੇਗਾ।

ਹਾਈ ਕੋਰਟਾਂ ਵਿੱਚ ਹਿੰਦੀ ਜਾਂ ਖੇਤਰੀ ਰਾਜ ਭਾਸ਼ਾ ਵਿੱਚ ਅਦਾਲਤੀ ਕੰਮਕਾਜ ਹੋਣ ਦਾ ਕਈ ਦਲੀਲਾਂ ਦੇ ਆਧਾਰ 'ਤੇ ਵਿਰੋਧ ਕੀਤਾ ਜਾਂਦਾ ਹੈ। ਸੰਵਿਧਾਨ ਦੇ ਮਾਹਿਰ ਐਚ.ਐਮ. ਸੀਰਵਾਈ ਨੇ ਇਸ ਵਿਵਸਥਾ ਦੇ ਵਿਰੋਧ ਵਿੱਚ ਇਹ ਤਰਕ ਦਿੱਤੇ ਹਨ: 'ਜੇ ਨਿਆਂ ਪ੍ਰਸ਼ਾਸਨ, ਜੱਜਾਂ ਅਤੇ ਵਕੀਲਾਂ ਵਿੱਚ ਏਕਤਾ ਬਹਾਲ ਰੱਖਣੀ ਹੈ ਤਾਂ ਉੱਚ ਨਿਆਲਿਆਂ ਵਿੱਚ ਖੇਤਰੀ ਰਾਜ ਭਾਸ਼ਾ ਦੇ ਪ੍ਰਯੋਗ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਹੁਣ ਕਾਨੂੰਨੀ ਕਿੱਤੇ ਵਿੱਚ ਕੋਈ ਭੇਦਭਾਵ ਨਹੀਂ ਹੈ। ਕੋਈ ਵਕੀਲ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਜਾ ਕੇ ਵਕਾਲਤ ਕਰ ਸਕਦਾ ਹੈ। ਜੇ ਵੱਖ ਵੱਖ ਹਾਈ ਕੋਰਟਾਂ ਵਿੱਚ ਵੱਖ ਵੱਖ ਰਾਜ ਭਾਸ਼ਾਵਾਂ ਦੀ ਵਰਤੋਂ ਦੀ ਖੁੱਲ੍ਹ ਹੋ ਗਈ ਤਾਂ ਵਕੀਲਾਂ ਦਾ ਸਾਰੇ ਭਾਰਤ ਵਿੱਚ ਵਕਾਲਤ ਕਰਨ ਦਾ ਅਧਿਕਾਰ ਇੱਕ ਮਿਰਗਤ੍ਰਿਸ਼ਨਾ ਬਣ ਕੇ ਰਹਿ ਜਾਵੇਗਾ। ਭਾਸ਼ਾ ਦੀ ਬੰਦਿਸ਼ ਕਾਰਨ ਹਾਈ ਕੋਰਟ ਇੱਕ-ਦੂਜੇ ਨਾਲੋਂ ਕੱਟ ਜਾਣਗੇ। ਇੱਕ ਹਾਈ ਕੋਰਟ ਦੂਜੀ ਕੋਰਟ ਵੱਲੋਂ ਸੁਣਾਏ ਮਹੱਤਵਪੂਰਨ ਫ਼ੈਸਲਿਆਂ ਦੀ ਸਹਾਇਤਾ ਲੈਣ ਦੀ ਸੁਵਿਧਾ ਤੋਂ ਵਾਂਝੀ ਹੋ ਜਾਵੇਗੀ। ਕੇਂਦਰ ਸਰਕਾਰ ਵੱਲੋਂ ਬਣਾਏ ਕਾਨੂੰਨਾਂ ਦੀ ਇਕਸਾਰ ਵਿਆਖਿਆ, ਜੋ ਸਫ਼ਲ ਨਿਆਂ-ਪ੍ਰਬੰਧ ਦੀ ਨੀਂਹ ਹੈ, ਮੁਸ਼ਕਿਲ ਹੋ ਜਾਵੇਗੀ। ਇਸੇ ਤਰ੍ਹਾਂ ਸੁਪਰੀਮ ਕੋਰਟ ਦੇ ਕੰਮਕਾਜ ਵਿੱਚ ਇਕਸੁਰਤਾ ਰੱਖਣ ਅਤੇ ਸੁਪਰੀਮ ਕੋਰਟ ਵਿੱਚ ਜੱਜਾਂ ਦੀ ਨਿਯੁਕਤੀ ਸਮੇਂ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ। ਸੁਪਰੀਮ ਕੋਰਟ ਦੀ ਭਾਸ਼ਾ ਕੇਵਲ ਅੰਗਰੇਜ਼ੀ ਹੈ। ਵੱਖ ਵੱਖ ਹਾਈ ਕੋਰਟਾਂ ਦੇ ਵੱਖ ਵੱਖ ਖੇਤਰੀ ਭਾਸ਼ਾਵਾਂ ਵਿੱਚ ਕੰਮ ਕਰਨ ਵਾਲੇ ਜੱਜ ਇਕਦਮ ਅੰਗਰੇਜ਼ੀ ਵਿੱਚ ਕੰਮ ਕਿਵੇਂ ਕਰਨ ਲੱਗਣਗੇ? ਨਿਆਂ ਪ੍ਰਬੰਧ ਨੂੰ ਇਕਸੁਰ ਰੱਖਣ ਦੀ ਸੁਪਰੀਮ ਕੋਰਟ ਦੀ ਪ੍ਰਥਾ ਜੇ ਪੂਰੀ ਤਰ੍ਹਾਂ ਖਤਮ ਨਾ ਵੀ ਹੋਈ ਤਾਂ ਬੁਰੀ ਤਰ੍ਹਾਂ ਪ੍ਰਭਾਵਿਤ ਜ਼ਰੂਰ ਹੋਵੇਗੀ। ਜੱਜਾਂ ਦੇ ਨਾਲ ਨਾਲ ਫ਼ੈਸਲਿਆਂ ਦੀ ਗੁਣਵੱਤਾ ਵੀ ਘਟੇਗੀ f

ਦੂਜੇ ਪਾਸੇ ਹਾਈ ਕੋਰਟਾਂ ਵਿੱਚ ਰਾਜ ਭਾਸ਼ਾਵਾਂ ਵਿੱਚ ਕੰਮਕਾਜ ਹੋਣ ਦੇ ਹਮਾਇਤੀਆਂ ਦਾ ਤਰਕ ਹੈ ਕਿ ਇਹ ਮਸਲਾ ਮੁਕੱਦਮੇਬਾਜ਼ੀ ਨਾਲ ਸਬੰਧਿਤ ਧਿਰਾਂ ਦੀ ਸਮੱਸਿਆ ਦੇ ਤੌਰ 'ਤੇ ਨਜਿੱਠਣਾ ਚਾਹੀਦਾ ਹੈ ਨਾ ਕਿ ਵਕੀਲਾਂ ਦੀ ਸਮੱਸਿਆ ਦੇ ਆਧਾਰ 'ਤੇ। ਇਸ ਤਰਕ ਦੀ ਹਮਾਇਤ ਮਦਰਾਸ ਹਾਈ ਕੋਰਟ ਵੀ ਕਰ ਚੁੱਕੀ ਹੈ। 'ਵਕਾਲਤ ਦਾ ਕਿੱਤਾ ਪੈਸਾ ਕਮਾਉਣ ਵਾਲਾ ਕਿੱਤਾ ਨਹੀਂ ਸਗੋਂ ਸਰਕਾਰ ਦੁਆਰਾ ਲੋਕ ਭਲਾਈ ਲਈ ਸਥਾਪਿਤ ਕੀਤੀ ਗਈ ਇੱਕ ਸੰਸਥਾ ਹੈ। ਵਕੀਲਾਂ ਦੇ ਨਿੱਜੀ ਹਿੱਤਾਂ ਨਾਲੋਂ ਉਨ੍ਹਾਂ ਧਿਰਾਂ ਦਾ ਹਿੱਤ ਵੱਧ ਮਹੱਤਵਪੂਰਨ ਹੈ ਜੋ ਇਨਸਾਫ਼ ਲਈ ਅਦਾਲਤਾਂ ਵਿੱਚ ਆਉਂਦੀਆਂ ਹਨ। ਸਮੱਸਿਆ ਨੂੰ ਧਿਰਾਂ ਦੇ ਮਸਲੇ ਦੇ ਆਧਾਰ 'ਤੇ ਵਿਚਾਰਿਆ ਜਾਣਾ ਚਾਹੀਦਾ ਹੈ ਨਾ ਕਿ ਵਕੀਲਾਂ ਦੇ ਮਸਲੇ ਦੇ ਆਧਾਰ 'ਤੇ f ('ਐਮ. ਰਣਕਾ ਬਨਾਮ ਸਟੇਟ ਆਫ਼ ਤਮਿਲਨਾਡੂ', ਮਦਰਾਸ ਹਾਈ ਕੋਰਟ, ਫ਼ੈਸਲੇ ਦੀ ਮਿਤੀ 21 ਅਪਰੈਲ 1994 ਦਾ ਪੈਰਾ ਨੰ: 29,30,31)।

ਅੰਗਰੇਜ਼ੀ ਦੇ ਹੱਕ ਵਿੱਚ ਉੱਠਦੀ ਆਵਾਜ਼ ਦੀ ਪ੍ਰਵਾਹ ਨਾ ਕਰਦੇ ਹੋਏ, ਸੰਵਿਧਾਨਕ ਅਤੇ ਹੋਰ ਕਾਨੂੰਨੀ ਵਿਵਸਥਾ ਦਾ ਲਾਭ ਉਠਾਉਂਦੇ ਹੋਏ, ਉੱਤਰ ਦੇ ਘੱਟੋ-ਘੱਟ ਚਾਰ ਹਿੰਦੀ ਬੋਲਦੇ ਵੱਡੇ ਸੂਬਿਆਂ (ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ ਅਤੇ ਮੱਧ ਪ੍ਰਦੇਸ਼) ਨੇ ਹਾਈ ਕੋਰਟ ਵੱਲੋਂ ਸੁਣਾਏ ਜਾਂਦੇ ਫ਼ੈਸਲਿਆਂ, ਹੁਕਮਾਂ ਅਤੇ ਡਿਕਰੀਜ਼ ਆਦਿ ਲਈ ਅੰਗਰੇਜ਼ੀ ਦੇ ਨਾਲ-ਨਾਲ ਹਿੰਦੀ ਵਿੱਚ ਲਿਖੇ ਜਾਣ ਦਾ ਕਾਨੂੰਨ ਬਣਾ ਦਿੱਤਾ ਹੈ। ਪਹਿਲ ਰਾਜਸਥਾਨ ਨੇ ਕੀਤੀ। ਰਾਜਸਥਾਨ ਹਾਈ ਕੋਰਟ ਦੀ ਸਥਾਪਨਾ ਜੂਨ 1949 ਵਿੱਚ ਇੱਕ ਆਰਡੀਨੈਂਸ ਰਾਹੀਂ ਹੋਈ ਸੀ। ਉਸ ਆਰਡੀਨੈਂਸ ਦੀ ਧਾਰਾ 47 ਰਾਹੀਂ ਹੀ ਹਿੰਦੀ ਨੂੰ ਅੰਗਰੇਜ਼ੀ ਦੇ ਨਾਲ-ਨਾਲ ਹਾਈ ਕੋਰਟ ਦੀ ਭਾਸ਼ਾ ਵਜੋਂ ਅਪਣਾ ਲਿਆ ਗਿਆ ਸੀ। ਉੱਤਰ ਪ੍ਰਦੇਸ਼ ਸਰਕਾਰ ਨੇ ਸੰਨ 1951 ਵਿੱਚ ਹਿੰਦੀ ਨੂੰ ਰਾਜ ਭਾਸ਼ਾ ਦਾ ਦਰਜਾ ਦਿੱਤਾ। ਸੋਚੀ ਸਮਝੀ ਅਤੇ ਸੁਘੜ ਨੀਤੀ ਅਧੀਨ, ਹਿੰਦੀ ਨੂੰ ਵੱਖ ਵੱਖ ਪੜਾਵਾਂ ਵਿੱਚ ਲਾਗੂ ਕੀਤਾ ਗਿਆ। 1961 ਵਿੱਚ ਹਾਈ ਕੋਰਟ ਵਿੱਚ ਚੱਲਦੇ ਫ਼ੌਜਦਾਰੀ ਮੁਕੱਦਮਿਆਂ ਦੀ ਅਤੇ ਸੰਨ 1966 ਵਿੱਚ ਦੀਵਾਨੀ ਮੁਕੱਦਮਿਆਂ ਦੀ ਬਹਿਸ ਨੂੰ ਹਿੰਦੀ ਵਿੱਚ ਕਰਨ ਦੀ ਵਿਵਸਥਾ ਕੀਤੀ ਗਈ। ਸੰਨ 1969 ਵਿੱਚ ਧਿਰਾਂ ਵੱਲੋਂ ਦਾਇਰ ਕੀਤੇ ਜਾਂਦੇ ਰਿਟ ਪਟੀਸ਼ਨ, ਜਵਾਬ ਦਾਅਵੇ, ਹਲਫ਼ੀਆ ਬਿਆਨ, ਬਿਆਨ, ਦਸਤਾਵੇਜ਼ ਆਦਿ ਦੀ ਭਾਸ਼ਾ ਨੂੰ ਹਿੰਦੀ ਕੀਤਾ ਗਿਆ। ਅਖ਼ੀਰ ਸੰਨ 1970 ਵਿੱਚ ਹਾਈ ਕੋਰਟ ਵੱਲੋਂ ਸੁਣਾਏ ਜਾਂਦੇ ਫ਼ੈਸਲੇ ਅਤੇ ਹੁਕਮਾਂ ਦੀ ਭਾਸ਼ਾ ਵੀ ਹਿੰਦੀ ਕਰ ਦਿੱਤੀ ਗਈ। ਸੰਵਿਧਾਨ ਅਤੇ ਰਾਜ ਭਾਸ਼ਾ ਐਕਟ 1963 ਦੀਆਂ ਵਿਵਸਥਾਵਾਂ ਦੇ ਮੱਦੇਨਜ਼ਰ ਹਿੰਦੀ ਵਿੱਚ ਲਿਖੇ ਫ਼ੈਸਲਿਆਂ ਦਾ ਪ੍ਰਮਾਣਿਤ ਅੰਗਰੇਜ਼ੀ ਅਨੁਵਾਦ ਵੀ ਮਿਸਲ ਨਾਲ ਲਾਉਣ ਦਾ ਪ੍ਰਬੰਧ ਕਰ ਦਿੱਤਾ ਗਿਆ। ਇਸ ਤਰ੍ਹਾਂ ਉੱਤਰ ਪ੍ਰਦੇਸ਼ ਸਰਕਾਰ ਨੇ ਸੰਨ 1970 ਤਕ ਹਾਈ ਕੋਰਟ ਵਿੱਚ ਹੁੰਦੇ ਸਾਰੇ ਅਦਾਲਤੀ ਕੰਮਕਾਜ ਨੂੰ ਹਿੰਦੀ ਵਿੱਚ ਕਰਨ ਦੀ ਪੂਰਨ ਵਿਵਸਥਾ ਕਰ ਦਿੱਤੀ। ਅਲਾਹਾਬਾਦ ਹਾਈ ਕੋਰਟ ਦੇ ਇੱਕ ਡਿਵੀਜ਼ਨ ਬੈਂਚ ਨੇ ਇੱਕ ਮਹੱਤਵਪੂਰਨ ਫ਼ੈਸਲੇ ('ਪ੍ਰਬੰਧਕ ਸਮਿਤੀ ਬਨਾਮ ਜ਼ਿਲ੍ਹਾ ਵਿਦਿਆਲਿਆ ਨਿਰੀਕਸ਼ਕ', ਫ਼ੈਸਲੇ ਦੀ ਮਿਤੀ 28 ਸਤੰਬਰ 1976) ਰਾਹੀਂ ਇਨ੍ਹਾਂ ਵਿਵਸਥਾਵਾਂ 'ਤੇ ਆਪਣੀ ਮੋਹਰ ਲਾ ਦਿੱਤੀ। ਅੱਜਕੱਲ੍ਹ ਉੱਤਰ ਪ੍ਰਦੇਸ਼ ਹਾਈ ਕੋਰਟ ਵਿੱਚ ਹਰ ਤਰ੍ਹਾਂ ਦਾ ਅਦਾਲਤੀ ਕੰਮਕਾਜ ਰਾਜ ਭਾਸ਼ਾ ਹਿੰਦੀ ਵਿੱਚ ਹੁੰਦਾ ਹੈ। ਇਹੋ ਸਥਿਤੀ ਰਾਜਸਥਾਨ, ਬਿਹਾਰ ਅਤੇ ਮੱਧ ਪ੍ਰਦੇਸ਼ ਵਿੱਚ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਹੁੰਦੇ ਕੰਮ ਦੀ ਸਥਿਤੀ

ਅੱਜ ਤਕ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੀ ਕਿਸੇ ਵੀ ਸਰਕਾਰ ਨੇ ਪੰਜਾਬੀ ਨੂੰ ਹਾਈ ਕੋਰਟ ਦੇ ਅਦਾਲਤੀ ਕੰਮਕਾਜ ਦੀ ਭਾਸ਼ਾ ਬਣਾਉਣ ਲਈ ਉਪਰਾਲਾ ਤਾਂ ਕੀ ਕਰਨਾ ਸੀ, ਇਸ ਨੁਕਤੇ ਬਾਰੇ ਕਦੇ ਸੋਚਿਆ ਤਕ ਨਹੀਂ। ਨਤੀਜਨ ਹਾਈ ਕੋਰਟ ਵਿੱਚ ਹੁੰਦਾ ਹਰ ਅਦਾਲਤੀ ਕੰਮਕਾਜ ਸਿਰਫ਼ ਅੰਗਰੇਜ਼ੀ ਵਿੱਚ ਹੁੰਦਾ ਹੈ।

(ਲੇਖਕ ਉੱਘਾ ਪੰਜਾਬੀ ਅਦੀਬ ਅਤੇ ਸਾਬਕਾ ਜ਼ਿਲ੍ਹਾ ਅਟਾਰਨੀ ਹੈ)

# ਅੰਗਰੇਜ਼ੀ 'ਚ ਇਤਿਹਾਸ ਲਿਖਣ ਵਾਲਾ ਪਹਿਲਾ ਪੰਜਾਬੀ : ਸੱਯਦ ਮੁਹੰਮਦ ਲਤੀਫ਼

**ਡਾ. ਮੁਹੰਮਦ ਸ਼ਫੀਕ**
(ਸੰਪਰਕ: 98149-75686)

ਉਨੀਵੀਂ ਸਦੀ ਨੂੰ ਬਦਲਾਉ ਦੀ ਸਦੀ ਮੰਨਿਆ ਜਾਂਦਾ ਹੈ। ਉਸ ਦੌਰ ਵਿੱਚ ਹਿੰਦੁਸਤਾਨ ਵਿੱਚ ਫੈਲ ਰਹੀ ਕੌਮੀ ਜਾਗਰਤੀ ਤੇ ਸੁਤੰਤਰਤਾ ਲਹਿਰ ਕਾਰਨ ਬ੍ਰਿਟਿਸ਼ ਸਾਮਰਾਜ ਦੀ ਕਾਰਗੁਜ਼ਾਰੀ 'ਤੇ ਨਵੇਂ ਸਿਰਿਉਂ ਟੀਕਾ ਟਿੱਪਣੀ ਹੋਣ ਲੱਗੀ। ਕੌਮੀ ਰੰਗ ਵਿੱਚ ਰੰਗੇ ਅਤੇ ਪੜਚੋਲਵੀਂ ਨਜ਼ਰ ਵਾਲੇ ਵਿਚਾਰਵਾਨ ਲੇਖਕਾਂ ਨੇ ਪਹਿਲੇ ਸਮਿਆਂ ਦੇ ਲਿਖਾਰੀਆਂ ਦੀਆਂ ਗ਼ਲਤ-ਬਿਆਨੀਆਂ ਦਾ ਭਾਂਡਾ ਭੰਨਣਾ ਸ਼ੁਰੂ ਕੀਤਾ। ਸੱਯਦ ਮੁਹੰਮਦ ਲਤੀਫ਼ ਅਜਿਹੇ ਲੇਖਕਾਂ ਵਿੱਚੋਂ ਇੱਕ ਸੀ। ਪੰਜਾਬ ਦਾ ਜੰਮਪਲ ਮੁਹੰਮਦ ਲਤੀਫ਼ ਇਕਲੌਤਾ ਅਜਿਹਾ ਇਤਿਹਾਸਕਾਰ ਸੀ ਜਿਸ ਨੇ ਪੰਜਾਬ ਦੇ ਇਤਿਹਾਸ ਨੂੰ ਸੋਮਿਆਂ ਦੀ ਵਰਤੋਂ ਕਰਦਿਆਂ ਨਿਯਮਬੱਧ ਕੀਤਾ ਅਤੇ ਪੰਜਾਬ ਦੇ ਇਤਿਹਾਸ ਨੂੰ ਅੰਗਰੇਜ਼ੀ ਵਿੱਚ ਲਿਖਣ ਵਾਲਾ ਪਹਿਲਾ ਪੰਜਾਬੀ ਇਤਿਹਾਸਕਾਰ ਬਣਿਆ।



ਲਤੀਫ਼ ਦਾ ਜਨਮ 1851 ਵਿੱਚ ਲਾਹੌਰ ਵਿੱਚ ਹੋਇਆ। ਉਸ ਦਾ ਪਰਿਵਾਰ ਪੜ੍ਹਿਆ ਲਿਖਿਆ ਅਤੇ ਚੰਗੇ ਰਸੂਖ ਵਾਲਾ ਸੀ। ਸਰਕਾਰ ਦੇ ਪ੍ਰਬੰਧਾਂ ਸਬੰਧੀ ਰਿਪੋਰਟਾਂ 1849-50 ਅਤੇ 1850-51 ਉਸ ਦੇ ਪਿਤਾ ਮੁਹੰਮਦ ਅਜ਼ੀਮ ਦੀ 'ਕਰਾਨੀਕਲ ਪ੍ਰੈੱਸ' ਨੇ ਛਾਪੀਆਂ ਸਨ। ਉਸ ਦੇ ਪਿਤਾ ਨੇ ਅੰਗਰੇਜ਼ੀ ਅਖ਼ਬਾਰ (ਲਾਹੌਰ ਕ੍ਰੌਨੀਕਲ) ਦੀ ਸ਼ੁਰੂਆਤ ਕੀਤੀ। ਮੁਹੰਮਦ ਲਤੀਫ਼ ਨੇ ਉਦਾਰਵਾਦੀ ਪੱਛਮੀ ਸਿੱਖਿਆ ਹਾਸਲ ਕੀਤੀ। ਉਹ ਸਭ ਤੋਂ ਪਹਿਲਾਂ 'ਪੰਜਾਬ ਚੀਫ ਕੋਰਟ' ਵਿੱਚ ਅਨੁਵਾਦਕ ਨਾਮਜ਼ਦ ਹੋਇਆ। ਛੇਤੀ ਹੀ ਉਹ ਕੋਰਟ ਵਿੱਚ ਰੀਡਰ ਦੇ ਅਹੁਦੇ 'ਤੇ ਪਹੁੰਚ ਗਿਆ ਅਤੇ ਸੰਨ 1880 ਵਿੱਚ ਹੁਸ਼ਿਆਰਪੁਰ ਵਿੱਚ ਅਸਿਸਟੈਂਟ ਕਮਿਸ਼ਨਰ ਲੱਗ ਗਿਆ। ਬਾਅਦ ਵਿੱਚ ਉਹ ਜੁਡੀਸ਼ੀਅਲ ਕਮਿਸ਼ਨਰ ਦੇ ਅਹੁਦੇ 'ਤੇ ਰਿਹਾ। ਸੰਨ 1892 ਵਿੱਚ ਖ਼ਾਨ ਬਹਾਦੁਰ ਐਲਾਨੇ ਗਏ ਲਤੀਫ਼ ਨੂੰ 1897 ਵਿੱਚ ਉਸ ਵੱਲੋਂ ਲਿਖੀ ਕਿਤਾਬ 'History of the Punjab' (ਪੰਜਾਬ ਦਾ ਇਤਿਹਾਸ) ਲਈ 'ਸ਼ਮਸ-ਉਲ-ਉਲੇਮਾ' ਦਾ ਖਿਤਾਬ ਦਿੱਤਾ ਗਿਆ।

ਲਤੀਫ਼ ਉਸ ਸਮੇਂ ਦੇ ਮਸ਼ਹੂਰ ਇਨਕਲਾਬੀ ਸੱਯਦ ਅਹਿਮਦ ਖਾਂ ਦੇ ਸਿਧਾਂਤਾਂ ਨੂੰ ਮੰਨਦਾ ਸੀ। ਉਹ ਆਪਣੇ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦਾ ਸੀ। ਉਹ ਪੰਜਾਬੀਆਂ ਦੀ ਸਾਂਝੀ ਸੰਸਥਾ 'ਅੰਜੁਮਨ-ਏ-ਪੰਜਾਬ' ਅਤੇ ਬੰਗਾਲ ਏਸ਼ੀਐਟਿਕ ਸੁਸਾਇਟੀ ਦਾ ਮੈਂਬਰ ਸੀ। ਉਹ ਪੰਜਾਬ ਯੂਨੀਵਰਸਿਟੀ, ਲਾਹੌਰ ਦਾ ਬਾਨੀ ਮੈਂਬਰ ਵੀ ਸੀ।

ਸੱਯਦ ਮੁਹੰਮਦ ਲਤੀਫ਼ ਸੰਨ 1902 ਵਿੱਚ 51 ਸਾਲ ਦੀ ਉਮਰ ਵਿੱਚ ਫੌਤ ਹੋ ਗਿਆ। ਉਸ ਦੇ ਦੇਹਾਂਤ ਤੋਂ ਬਾਅਦ ਉਸ ਦੇ ਨਾਮ 'ਤੇ ਭੱਟੀ ਗੇਟ, ਲਾਹੌਰ ਵਿੱਚ ਜੱਜ ਬਾਜ਼ਾਰ ਸਥਾਪਿਤ ਹੋਇਆ। ਉਸ ਨੇ ਅੰਗਰੇਜ਼ੀ ਵਿੱਚ ਇਤਿਹਾਸ ਲਿਖਣ ਦਾ ਬੀੜਾ ਇਸ ਲਈ ਚੁੱਕਿਆ ਸੀ ਤਾਂ ਜੋ ਪੱਛਮੀ ਸੱਭਿਅਤਾ ਦੇ ਲੋਕ ਖ਼ਾਸਕਰ ਅੰਗਰੇਜ਼ ਸਾਡੇ ਇਤਿਹਾਸ ਤੋਂ ਜਾਣੂੰ ਹੋ ਸਕਣ। ਮੁਹੰਮਦ ਲਤੀਫ਼ ਨੇ ਕੁੱਲ ਚਾਰ ਪੁਸਤਕਾਂ ਲਿਖੀਆਂ ਜਿਨ੍ਹਾਂ ਸਦਕਾ ਉਸ ਨੇ ਆਪਣੇ ਨਾਮ ਨੂੰ ਇਤਿਹਾਸਕਾਰਾਂ ਵਿੱਚ ਚਮਕਾਇਆ। ਉਸ ਦੀ ਪਹਿਲੀ ਕਿਤਾਬ 'ਹਿਸਟਰੀ ਆਫ ਦਿ ਪੰਜਾਬ' ਕਲਕੱਤਾ ਤੋਂ ਛਪੀ ਜਿਸ ਵਿੱਚ ਪੰਜਾਬ ਦੇ ਪ੍ਰਾਚੀਨ ਧਰਮਾਂ, ਧਾਰਮਿਕ ਗ੍ਰੰਥਾਂ, ਸਮਾਜ, ਬੋਲੀ, ਸੱਭਿਆਚਾਰ ਦਾ ਜ਼ਿਕਰ ਕੀਤਾ ਹੈ। ਇਸ ਪੁਸਤਕ ਦੇ ਦੂਜੇ ਭਾਗ ਵਿੱਚ ਉਹ ਦਿੱਲੀ ਸੁਲਤਾਨਾਂ ਦੇ ਪੰਜਾਬ ਉੱਤੇ ਰਾਜ ਦਾ ਵਰਣਨ ਕਰਦਾ ਹੈ। ਇਸ ਤੋਂ ਬਾਅਦ ਉਹ ਮੁਗ਼ਲ ਬਾਦਸ਼ਾਹਾਂ ਦੇ ਅਧੀਨ ਪੰਜਾਬ ਦੀ ਸਥਿਤੀ ਅਤੇ ਇਮਾਰਤਾਂ ਦੀ ਗੱਲ ਕਰਦਾ ਹੈ। ਇਸ ਤੋਂ ਬਾਅਦ ਉਹ ਸਿੱਖ ਮੱਤ ਦੀ ਸ਼ੁਰੂਆਤ ਅਤੇ ਇਸ ਦੇ ਪਸਾਰ ਬਾਰੇ ਦੱਸਦਾ ਹੈ। ਉਸ ਤੋਂ ਬਾਅਦ ਉਹ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਬਾਰੇ ਲਿਖਦਾ ਹੈ। ਅਗਲੇ ਭਾਗ ਵਿੱਚ ਪੰਜਾਬ ਦੇ ਬ੍ਰਿਟਿਸ਼ ਰਾਜ ਬਾਰੇ ਲਿਖਦਾ ਹੈ। ਇਹ ਪੁਸਤਕ 649 ਪੰਨਿਆਂ ਦੀ ਹੈ। ਉਹ ਕੁਝ ਸਮਾਂ ਮੁਲਤਾਨ ਵਿੱਚ ਤਾਇਨਾਤ ਰਿਹਾ। ਉਸ ਨੇ 'ਮੁਲਤਾਨ ਸ਼ਹਿਰ ਦਾ ਇਤਿਹਾਸ' ਵੀ ਲਿਖਿਆ। ਉਂਜ, ਉਸ ਦੀਆਂ ਲਿਖਤਾਂ ਵਿੱਚ ਕਈ ਊਣਤਾਈਆਂ ਹਨ। ਆਪਣੇ ਵੱਲੋਂ ਦਰਜ ਇਤਿਹਾਸ ਉਸ ਨੇ ਉਦਾਹਰਣਾਂ ਸਹਿਤ ਪੇਸ਼ ਕੀਤਾ ਹੈ, ਪਰ ਆਪਣੇ ਤੱਥਾਂ ਦਾ ਕੋਈ ਸਬੂਤ ਨਹੀਂ ਦਿੱਤਾ। ਇਸ ਦੇ ਬਾਵਜੂਦ ਉਸ ਦੀਆਂ ਰਚਨਾਵਾਂ ਨੂੰ ਨਿੰਦਿਆ ਨਹੀਂ ਜਾ ਸਕਦਾ। ਉਸ ਨੇ ਆਪਣੀਆਂ ਰਚਨਾਵਾਂ ਲਈ ਅੰਗਰਜ਼ੀ, ਪੰਜਾਬੀ, ਉਰਦੂ ਆਦਿ ਭਾਸ਼ਾਵਾਂ ਦੇ ਸੋਮਿਆਂ ਨੂੰ ਵਰਤਿਆ ਹੈ। ਸੋਮਿਆਂ ਸਬੰਧੀ ਉਹ ਆਪਣੀਆਂ ਕਿਤਾਬਾਂ ਦੇ ਮੁੱਢਲੇ ਸਫ਼ਿਆਂ ਵਿੱਚ ਜਾਣਕਾਰੀ ਦਿੰਦਾ ਹੈ। ਕੁਝ ਇਤਿਹਾਸਕਾਰ ਉਸ ਵੱਲੋਂ ਲਿਖੇ ਇਤਿਹਾਸ ਨੂੰ ਪੱਖਪਾਤੀ ਦੱਸਦੇ ਹਨ ਕਿਉਂਕਿ ਉਸ ਨੇ ਬ੍ਰਿਟਿਸ਼ ਲਿਖਤਾਂ ਉੱਪਰ ਨਿਰਭਰ ਕੀਤਾ ਹੈ। ਦਰਅਸਲ, ਉਹ ਬ੍ਰਿਟਿਸ਼ ਸਰਕਾਰ ਅਧੀਨ ਮੁਲਾਜ਼ਮ ਸੀ। ਇਸ ਨਾਤੇ ਉਹ ਸਰਕਾਰ ਦੇ ਵਿਰੁੱਧ ਨਹੀਂ ਗਿਆ। ਇਸ ਦੇ ਬਾਵਜੂਦ ਉਸ ਦੀ ਪੰਜਾਬ ਦੇ ਇਤਿਹਾਸ ਨੂੰ ਵੱਡੀ ਦੇਣ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

# ਭਾਜਪਾ ਨੂੰ ਚਿੰਬੜਿਆ ਜਿਨਾਹ ਦਾ 'ਭੂਤ'

## *ਅਡਵਾਨੀ ਤੋਂ ਬਾਅਦ ਸੰਸਦ ਮੈਂਬਰ ਫੂਲੇ ਨੇ ਜਿਨਾਹ ਨੂੰ ਕਿਹਾ 'ਮਹਾਂਪੁਰਸ਼'*

**ਅਲੀਗੜ੍ਹ/ਬਿਊਰੋ ਨਿਊਜ਼ :** ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਮੁਹੰਮਦ ਅਲੀ ਜਿਨਾਹ ਦੀ ਲੱਗੀ ਤਸਵੀਰ ਦਾ ਵਿਵਾਦ ਅਜੇ ਰੁਕਿਆ ਨਹੀਂ ਕਿ ਹੁਣ ਇਥੋਂ ਦੀ ਭਾਰਤੀ ਜਨਤਾ ਪਾਰਟੀ ਦੀ ਸੰਸਦ ਮੈਂਬਰ ਸਾਵਿੱਤਰੀ ਬਾਈ ਫੂਲੇ ਨੇ ਪਾਰਟੀ ਦੇ ਉਲਟ ਜਾ ਕੇ ਮੁਹੰਮਦ ਅਲੀ ਜਿਨਾਹ ਨੂੰ 'ਮਹਾਂਪੁਰਸ਼' ਦੱਸਿਆ ਹੈ। ਉਨ੍ਹਾਂ ਕਿਹਾ ਕਿ ਜਿਨਾਹ ਪਾਕਿਸਤਾਨ ਦੇ ਸੰਸਥਾਪਕ ਸਨ ਅਤੇ ਉਨ੍ਹਾਂ ਦੇਸ਼ ਦੀ ਆਜ਼ਾਦੀ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਸਾਨੂੰ ਹਰ ਆਜ਼ਾਦੀ ਘੁਲਾਟੀਏ ਦਾ ਨਾਂ ਸਤਿਕਾਰ ਨਾਲ ਲੈਣਾ ਚਾਹੀਦਾ ਹੈ। ਉਹ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਅਲੀਗੜ੍ਹ ਯੂਨੀਵਰਸਿਟੀ ਵਿੱਚ ਜਿਨਾਹ ਦੀ ਤਸਵੀਰ ਉਤੇ ਵਿਵਾਦ ਛੇੜਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਦੀ ਆਪਣੀ ਹੀ ਪਾਰਟੀ ਦੇ ਇਕ ਆਗੂ ਵੱਲੋਂ ਜਿਨਾਹ ਦੀ ਤਸਵੀਰ ਸਬੰਧੀ ਚਿੱਠੀ ਲਿਖ ਕੇ ਵਾਈਸ ਚਾਂਸਲਰ ਤੋਂ ਜਵਾਬ ਮੰਗਿਆ ਗਿਆ ਹੈ। ਫੂਲੇ ਨੇ ਇਸ ਤੋਂ ਪਹਿਲਾਂ ਵੀ ਦਲਿਤ ਭਾਈਚਾਰੇ ਦੇ ਘਰਾਂ ਚ ਜਾ ਕੇ ਖਾਣਾ ਖਾਣ ਨੂੰ ਲੈ ਕੇ ਭਾਜਪਾ ਆਗੂਆਂ ਉਤੇ ਸਵਾਲ ਚੁੱਕੇ ਸਨ।

# ਤੱਤੀਆਂ ਹਵਾਵਾਂ ਵਿਚ ਸੀਤ ਪੌਣ ਦਾ ਬੁੱਲਾ

**ਗੁਰਬਚਨ ਸਿੰਘ ਭੁੱਲਰ**
(ਫੋਨ: 011-42502364,
ਈਮੇਲ: bhullargs@gmail.com)

ਗੱਜਣਵਾਲਾ ਸੁਖਮਿੰਦਰ ਸਿੰਘ ਨਾਲ ਮੇਰਾ ਕਈ ਦਹਾਕਿਆਂ ਦਾ ਨੇੜ ਹੈ। ਇਹ ਨੇੜ ਪਹਿਲਾਂ-ਪਹਿਲ ਕਹਾਣੀ ਦੇ ਰਚਨਾਕਾਰਾਂ ਵਜੋਂ ਸਾਡੀ ਸਾਂਝ ਵਿਚੋਂ ਉਗਮਿਆ। ਲੰਮਾ



ਸਮਾਂ ਉਹ ਨਿਕਟ ਅਨੁਭਵ ਵਿਚੋਂ ਨਿੱਕਲੀਆਂ ਕਹਾਣੀਆਂ ਲਿਖਦਾ ਰਿਹਾ। ਫੇਰ ਉਹਦੀ ਰੁਚੀ ਪੰਜਾਬ ਦੇ ਪੇਂਡੂ ਸਭਿਆਚਾਰ ਦੇ ਜਾਣਕਾਰ ਇਕ ਕਾਲਮ-ਨਵੀਸ ਵਜੋਂ ਲਿਖਣ ਵੱਲ ਹੋ ਗਈ। ਹੁਣ ਉਹ ਸਿੱਖ ਇਤਿਹਾਸ ਦੇ ਖੋਜ-ਕਾਰਜ ਨਾਲ ਜੁੜਿਆ ਹੋਇਆ ਹੈ। ਕਹਾਣੀਆਂ ਹੋਣ, ਕਾਲਮ ਹੋਵੇ ਜਾਂ ਇਤਿਹਾਸ ਹੋਵੇ, ਸਿਰੜ ਉਹਦੇ ਰਚਨਾਤਮਿਕ ਸੁਭਾਅ ਦਾ ਗੁਣ ਹੈ। ਸਿੱਖ ਧਰਮ ਦੀ ਖੋਜ ਸਮੇਂ ਇਸ ਗੁਣ ਨਾਲ ਸ਼ਰਧਾ ਵੀ ਜੁੜ ਗਈ। ਸਿੱਖ ਇਤਿਹਾਸ ਦੀ ਖੋਜ ਕਰਦਿਆਂ ਉਹਦੀ ਮਿਹਨਤ ਦਾ ਇਕ ਫਲ ਪੁਸਤਕ 'ਗੁਰੂ ਸਾਹਿਬਾਨ ਦੇ ਮੁਸਲਮਾਨ ਮੁਰੀਦ' ਦੇ ਰੂਪ ਵਿਚ ਸਾਹਮਣੇ ਆਇਆ ਹੈ।

ਧਰਮਾਂ ਤੋਂ ਤੇ ਹੋਰ ਸਭ ਫ਼ਰਕਾਂ ਤੋਂ ਪਾਰਲੀ ਨਿਰੋਲ ਮਨੁੱਖੀ ਸਾਂਝ ਦਾ ਬੀਜ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨੇ ਦੇ ਸੰਗ-ਸਾਥ ਨੇ ਹੀ ਡੂੰਘਾ ਬੀਜ ਦਿੱਤਾ ਸੀ। ਅਗਲੇ ਗੁਰੂ ਸਾਹਿਬਾਨ ਨੇ ਇਸ ਮਨੁੱਖੀ ਸਾਂਝ ਨੂੰ ਏਨੇ ਸਿਦਕ ਨਾਲ ਸੰਭਾਲਿਆ-ਸਿੰਜਿਆ ਸੀ ਕਿ ਦਸਮੇਸ਼ ਪਿਤਾ ਵੱਲੋਂ ਗੁਰ-ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੇ ਜਾਣ ਤੱਕ ਇਹ ਅਜਿਹੇ ਬਿਰਛ ਦਾ ਰੂਪ ਧਾਰ ਚੁੱਕੀ ਸੀ ਜਿਸ ਦੀਆਂ ਜੜਾਂ ਨੂੰ ਮਗਰੋਂ ਦੇ ਟਾਕਰੇ-ਟਕਰਾਵਾਂ, ਯੁੱਧਾਂ, ਸੰਕਟਾਂ ਤੇ ਘੱਲੂਘਾਰਿਆਂ ਦੇ ਝੱਖੜ-ਝਾਂਜੇ ਤੇ ਹੜ੍ਹ-ਤੂਫ਼ਾਨ ਵੀ ਹਿਲਾ ਨਹੀਂ ਸਕੇ। ਭਾਈ ਮਰਦਾਨੇ ਤੋਂ ਤੁਰ ਕੇ ਗੁਰੂ-ਘਰ ਨਾਲ ਸ਼ਰਧਾ-ਸਾਂਝ ਨਿਭਾਉਂਦੇ ਰਹੇ ਇਸਲਾਮ ਨੂੰ ਮੰਨਣ ਵਾਲੇ ਅਨੇਕ ਗੁਰਮੁਖ ਮੁਸਲਮਾਨ ਇਸ ਸਰਬ-ਸਾਂਝੀ ਮਾਲਾ ਦੇ ਹੀ ਮਣਕੇ ਹਨ। ਇਹਨਾਂ ਵਿਚੋਂ ਭਾਈ ਮਰਦਾਨਾ, ਰਬਾਬੀ ਭਰਾ ਸੱਤਾ ਤੇ ਬਲਵੰਡ, ਸੂਫ਼ੀ ਸੰਤ ਸਾਈਂ ਮੀਆਂ ਮੀਰ, ਪੈਂਦੇ ਖਾਂ ਪਠਾਣ, ਬੀਬੀ ਕੌਲਾਂ, ਨਵਾਬ ਸੈਫ਼ੁਦੀਨ, ਪੀਰ ਬੁੱਧੂ ਸ਼ਾਹ, ਨਿਹੰਗ ਖਾਨ ਅਤੇ ਨਬੀ ਖਾਂ ਗਨੀ ਖਾਂ ਇਸ ਪੁਸਤਕ ਦੇ ਨਾਇਕ ਬਣੇ ਹਨ।

ਸਿੱਖ ਧਰਮ ਦੁਨੀਆ ਦੇ ਵੱਡੇ ਧਰਮਾਂ ਵਿਚੋਂ ਸਭ ਤੋਂ ਛੋਟੀ ਉਮਰ ਦਾ ਧਰਮ ਹੈ। ਪਰ ਇਸ ਦਾ ਨਿਕਾਸ ਤੇ ਵਿਕਾਸ ਮਾਨਵ ਦੀ ਸਾਰੀ ਜ਼ਾਤ ਨੂੰ ਇਕ ਸਮਝਣ ਦੀ ਅਤੇ 'ਸੀ' ਕੀਤੇ ਬਿਨਾਂ ਅਨਗਿਣਤ ਸੀਸ ਦਿੰਦਿਆਂ ਤੇ ਹੋਰ ਅਥਾਹ ਕੁਰਬਾਨੀਆਂ ਕਰਦਿਆਂ ਇਸ ਸਮਝ ਉੱਤੇ ਪਹਿਰਾ ਦੇਣ ਦੀ ਅਜਿਹੀ ਗਾਥਾ ਹੈ ਜਿਸ ਦੀ ਹੋਰ ਕੋਈ ਮਿਸਾਲ ਪੂਰੇ ਸੰਸਾਰ ਦੇ ਇਤਿਹਾਸ ਉੱਤੇ ਝਾਤ ਪਾਇਆਂ ਨਾ ਕਿਸੇ ਦੇਸ ਵਿਚ ਮਿਲਦੀ ਹੈ ਤੇ ਨਾ ਕਿਸੇ ਕਾਲ ਵਿਚ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸੇ ਨਾ ਕਿਸੇ ਦੌਰ ਵਿਚ ਸੰਕਟ, ਮੁਸ਼ਕਿਲਾਂ, ਵਿਰੋਧ, ਜਬਰ ਤੇ ਕੁਰਬਾਨੀਆਂ ਹਰ ਧਰਮ ਦਾ ਨਸੀਬ ਰਹੀਆਂ ਹਨ। ਪਰ ਵੱਡਾ ਫ਼ਰਕ ਇਹ ਹੈ ਕਿ ਜਿਥੇ ਕਿਸੇ ਧਰਮ ਦੀ ਇਹ ਕਥਾ-ਕਹਾਣੀ ਦਰਜਨਾਂ ਪੰਨਿਆਂ ਵਿਚ ਤੇ ਕਿਸੇ ਹੋਰ ਦੀ ਸੈਂਕੜੇ ਪੰਨਿਆਂ ਵਿਚ ਲਿਖੀ ਜਾ ਸਕਦੀ ਹੈ, ਉਥੇ ਸਿੱਖ ਧਰਮ ਦੀ ਇਹ ਅਲੋਕਾਰ ਬੀਰ-ਗਾਥਾ ਲਿਖਣ ਵਾਸਤੇ ਦਰਜਨਾਂ-ਸੈਂਕੜੇ ਨਹੀਂ, ਅਨਗਿਣਤ ਪੰਨੇ ਦਰਕਾਰ ਹਨ। ਲਗਭਗ ਹਰੇਕ ਹੋਰ ਧਰਮ ਆਪਣੇ ਆਪ ਨੂੰ ਦੂਜੇ ਸਭਨਾਂ ਧਰਮਾਂ ਤੋਂ ਉੱਤਮ ਅਤੇ ਆਪਣੇ ਮਾਰਗ ਨੂੰ ਰੱਬ ਤੱਕ ਪਹੁੰਚਣ ਦਾ ਇਕੋ-ਇਕ ਸਹੀ ਮਾਰਗ ਮੰਨਦਾ ਹੈ। ਇਹ ਸੋਚ ਵੱਡੇ ਬਖੇੜੇ ਖੜ੍ਹੇ ਕਰਦੀ ਹੈ। ਇਸ ਦੇ ਉਲਟ ਸਿੱਖ ਧਰਮ ਦਾ, ਇਸ ਉੱਤੇ ਕਈ ਪਰ-ਧਰਮਾਂ ਦੇ ਅਕਹਿ-ਅਸਹਿ ਅੱਤਿਆਚਾਰਾਂ ਦੇ ਪਰਛਾਵੇਂ ਹੇਠ ਵੀ, ਇਹ ਵਿਸ਼ਵਾਸ ਕਦੀ ਨਹੀਂ ਡੋਲਿਆ ਕਿ ਕੋਈ ਰਾਮ ਰਾਮ ਬੋਲੇ ਤੇ ਕੋਈ ਖ਼ੁਦਾ ਕਹੇ, ਕੋਈ ਵੇਦ ਵਾਚੇ ਤੇ ਕੋਈ ਕਤੇਬ ਪੜ੍ਹੇ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਮੂਲ ਤੇ ਮੁੱਖ ਗੱਲ ਮਾਨਵਜਾਤ ਨੂੰ ਇਕ ਪਛਾਣਨ ਦੀ ਹੈ।

ਇਸ ਮਾਨਵਵਾਦੀ ਵਿਸ਼ਵਾਸ ਦਾ ਸਿੱਕੇਬੰਦ ਸਾਕਾਰ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਲਗਭਗ ਹਰ ਧਰਮ ਦੇ ਮੋਢੀ ਆਪਣੇ ਪੈਰੋਕਾਰਾਂ ਦੀ ਰਾਹਨੁਮਾਈ ਵਾਸਤੇ ਆਪਣੇ ਵਿਚਾਰ ਦਰਜ ਕਰ ਕੇ ਗ੍ਰੰਥ ਛੱਡ ਗਏ ਹਨ। ਇਹ ਗ੍ਰੰਥ ਸੰਬੰਧਿਤ ਧਰਮ ਦਾ ਆਧਾਰ ਬਣਿਆ ਰਹਿੰਦਾ ਹੈ। ਪਰ ਪੂਰੇ ਸੰਸਾਰ ਦੇ ਧਰਮਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਇਕੋ-ਇਕ ਮਿਸਾਲ ਹੈ ਜਿਸ ਵਿਚ ਹੋਰ ਧਰਮਾਂ ਦੇ ਸੰਤਾਂ-ਭਗਤਾਂ ਦੀ ਬਾਣੀ ਵੀ ਦਰਜ ਹੈ। ਵੱਡੇ ਮਹੱਤਵ ਵਾਲਾ ਤੱਥ ਇਹ ਹੈ ਕਿ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਕਰਦਿਆਂ ਪੰਜਵੇਂ ਗੁਰੂ ਸਾਹਿਬ ਨੇ ਸਾਰੇ ਬਾਣੀਕਾਰਾਂ ਦੀ ਬਾਣੀ ਨੂੰ ਬਰਾਬਰ ਆਦਰ-ਮਾਣ ਦੀ ਅਧਿਕਾਰੀ ਬਣਾ ਦਿੱਤਾ। ਨੌਵੇਂ ਗੁਰੂ ਸਾਹਿਬ ਦੀ ਬਾਣੀ ਸ਼ਾਮਲ ਕਰ ਕੇ ਆਦਿ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਦਿੰਦਿਆਂ ਅਤੇ ਅੱਗੇ ਚੱਲ ਕੇ ਗੁਰ-ਗੱਦੀ ਸੌਂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਦੈਵ ਗੁਰੂ ਥਾਪਦਿਆਂ ਦਸਵੇਂ ਗੁਰੂ ਸਾਹਿਬ ਨੇ ਸਾਰੇ ਬਾਣੀਕਾਰਾਂ ਦੇ ਆਦਰ-ਮਾਣ ਦੀ ਇਸ ਬਰਾਬਰੀ ਉੱਤੇ ਮੋਹਰ ਲਾ ਦਿੱਤੀ।

ਦੂਜੇ ਧਰਮਾਂ ਵੱਲ ਅਜਿਹਾ ਅਪਣੱਤੀ ਰਵੱਈਆ ਸਿੱਖ ਧਰਮ ਦੀ ਹੀ ਵਿਸ਼ੇਸ਼ਤਾ ਰਿਹਾ ਹੈ। ਅੰਗਰੇਜ਼ ਲੇਖਿਕਾ ਬੀਟਰਿਸ ਐਵੇਲਿਨ ਹਾਲ ਨੇ 1906 ਵਿਚ ਲਿਖੀ ਵਾਲਟੇਅਰ (1694-1778) ਦੀ ਜੀਵਨੀ ਵਿਚ ਵਿਚਾਰ-ਪਰਗਟਾਵੇ ਦੀ ਆਜ਼ਾਦੀ ਸੰਬੰਧੀ ਉਹਦੀ ਸੋਚ ਦਾ ਸਾਰ ਇਹਨਾਂ ਸ਼ਬਦਾਂ ਵਿਚ ਦੱਸਿਆ ਹੈ, ਉਮੈਂ ਤੇਰੇ ਵਿਚਾਰਾਂ ਨਾਲ ਸਹਿਮਤ ਨਹੀਂ ਪਰ ਮੈਂ ਜਾਨ ਵਾਰ ਕੇ ਵੀ ਉਹਨਾਂ ਦੇ ਪਰਗਟਾਵੇ ਦੇ ਤੇਰੇ ਹੱਕ ਦਾ ਪੱਖ ਪੂਰਦਾ ਰਹਾਂਗਾ।" ਦੂਜਿਆਂ ਦੇ ਵਿਚਾਰਾਂ ਨੂੰ ਬਰਦਾਸ਼ਤ ਨਾ ਕਰਨ ਵਾਲੇ ਅਜੋਕੇ ਅਸਹਿਣਸ਼ੀਲ ਸੰਸਾਰ ਵਿਚ ਇਹ ਟੂਕ ਅਕਸਰ ਹੀ ਵਾਲਟੇਅਰ ਦੇ ਨਾਂ ਨਾਲ ਦੁਹਰਾਈ ਜਾਂਦੀ ਰਹਿੰਦੀ ਹੈ। ਪਰ ਵਾਲਟੇਅਰ ਦੇ ਵਿਚਾਰ ਅਤੇ ਹਾਲ ਦੇ ਕਥਨ ਤੋਂ ਬਹੁਤ ਪਹਿਲਾ਼ ਸ੍ਰੀ ਗੁਰੂ ਤੇਗ ਬਹਾਦਰ (1621-1675) ਨੇ ਆਪਣੇ ਇਸ ਮੱਤ ਉੱਤੇ ਦ੍ਰਿੜ੍ਹ ਰਹਿੰਦਿਆਂ ਦਿੱਲੀ ਦੇ ਚੌਕ ਵਿਚ ਸਰਬ-ਉੱਚ ਕੁਰਬਾਨੀ ਦੇਣ ਦਾ ਬੇਮਿਸਾਲ ਕਾਰਨਾਮਾ ਕਰ ਦਿਖਾਇਆ ਸੀ ਕਿ ਆਪਣੇ ਵਿਸ਼ਵਾਸ ਦਾ ਪਾਬੰਦ ਰਹਿਣ ਦੀ ਆਜ਼ਾਦੀ ਹਰ ਮਨੁੱਖ ਦਾ ਹੱਕ ਹੈ।

ਇਸੇ ਸੋਚ ਦੇ ਕਲਾਵੇ ਵਿਚ ਆਉਂਦਾ ਇਕ ਨਿੱਜੀ ਅਨੁਭਵ ਮੇਰੀ ਸਿਮਰਤੀ ਵਿਚ ਲਿਖਿਆ ਨਹੀਂ ਸਗੋਂ ਡੂੰਘਾ ਉੱਕਰਿਆ ਹੋਇਆ ਹੈ। ਗੱਲ ਕਾਲ਼ੇ ਚੁਰਾਸੀ ਦੀ ਹੈ। ਸਾਕਾ ਨੀਲਾ ਤਾਰਾ ਤੇ ਦਿੱਲੀ ਦਾ ਸਿੱਖ ਕਤਲਾਮ, ਦੋਵੇਂ ਵਾਪਰ ਚੁੱਕੇ ਸਨ ਅਤੇ ਨਤੀਜੇ ਵਜੋਂ ਹਿੰਦੂਆਂ ਤੇ ਸਿੱਖਾਂ ਵਿਚਕਾਰ ਖਟਾਸ ਬਹੁਤ ਤਿੱਖੀ ਹੋ ਚੁੱਕੀ ਸੀ। ਜਦੋਂ ਹਾਲਾਤ ਯਾਤਰਾ ਕਰਨ ਜੋਗੇ ਹੋਏ, ਅਸੀਂ ਅੰਮ੍ਰਿਤਸਰ ਗਏ। ਦਰਬਾਰ ਸਾਹਿਬ ਤੇ ਪਰਕਰਮਾ ਵਿਚ ਤਾਂ ਸਿਰਾਂ ਨੂੰ ਰੁਮਾਲਾਂ ਨਾਲ ਕੱਜਣ ਵਾਲੇ ਸ਼ਰਧਾਲੂਆਂ ਦੀ ਚੰਗੀ ਵਾਹਵਾ ਹਾਜ਼ਰੀ ਹੈ ਹੀ ਸੀ, ਜਦੋਂ ਅਸੀਂ ਲੰਗਰ ਛਕਣ ਗਏ, ਉਸ ਪੰਗਤ ਵਿਚ ਵੱਡੀ ਗਿਣਤੀ ਵਿਚ ਪਰ-ਧਰਮੀ ਸੱਜਣ ਪਹਿਲਾਂ ਸਦਾ ਵਾਲੇ ਪ੍ਰੇਮ-ਭਾਵ ਤੇ ਆਦਰ-ਭਾਵ ਦੇ ਮਾਹੌਲ ਵਿਚ ਲੰਗਰ ਛਕ ਰਹੇ ਸਨ। ਮੈਂ ਸੰਤੁਸ਼ਟੀ ਦਾ ਸਾਹ ਲਿਆ, ਬਾਬਾ ਨਾਨਕ ਦੀ ਸਾਡੇ ਲਈ ਵਿਰਸੇ ਵਿਚ ਛੱਡੀ ਮਾਨਵਵਾਦੀ ਕਰਾਮਾਤ ਦੀ ਕਿਰਪਾ ਨਾਲ ਆਖ਼ਰ ਪੰਜਾਬ ਦੇ ਇਹ ਕਾਲ਼ੇ ਦਿਨ ਜ਼ਰੂਰ ਖ਼ਤਮ ਹੋ ਜਾਣਗੇ!

ਇਸ ਵਿਚਾਰਧਾਰਾ ਦੇ ਪੰਨਿਆਂ ਵਿਚੋਂ ਲੰਘਦਿਆਂ ਪਾਠਕ ਦਾ ਉਸ ਸਮੇਂ ਹੈਰਾਨ ਹੋਣਾ ਸੁਭਾਵਿਕ ਹੈ ਜਦੋਂ ਉਹ ਦੇਖਦਾ ਹੈ ਕਿ ਆਪਣੇ ਆਪ ਨੂੰ ਇਸਲਾਮ ਧਰਮ ਦੇ ਪੈਰੋਕਾਰ, ਰਖਵਾਲੇ ਤੇ ਪ੍ਰਚਾਰਕ ਅਖਵਾਉਣ ਵਾਲੇ ਹਾਕਮਾਂ ਦੇ ਅੱਤਿਆਚਾਰ ਸਹਿੰਦਿਆਂ ਵੀ ਸਿੱਖ ਸੋਚ ਨੇ ਇਕ ਪਾਸੇ ਇਹਨਾਂ ਜਾਬਰ ਹਾਕਮਾਂ ਅਤੇ ਦੂਜੇ ਪਾਸੇ ਆਪਣੇ ਧਰਮ ਦਾ ਮਾਨਵੀ ਪੱਖ ਪਛਾਨਣ ਵਾਲੇ ਤੇ ਕਿਰਤ-ਕਮਾਈ ਕਰ ਕੇ ਪੇਟ ਪਾਲਣ ਵਾਲੇ ਮੁਸਲਮਾਨਾਂ ਵਿਚਕਾਰ ਨਿਖੇੜਾ ਕਰਨ ਵਾਲੀ ਨਜ਼ਰ ਧੁੰਦਲੀ ਨਹੀਂ ਸੀ ਪੈਣ ਦਿੱਤੀ। ਇਸ ਨਿਰੋਲ ਮਾਨਵਵਾਦੀ ਰਿਸ਼ਤੇ ਤੇ ਵਰਤੋਂ-ਵਿਹਾਰ ਦੀ ਬੁਨਿਆਦ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਨੇ ਹੀ ਏਨੀ ਪੁਖ਼ਤਾ ਰੱਖ ਦਿੱਤੀ ਸੀ ਤੇ ਨਾਨਕ-ਗੱਦੀ ਉੱਤੇ ਬਿਰਾਜੇ ਭਵਿੱਖੀ ਗੁਰੂ ਸਾਹਿਬਾਨ ਉਸ ਬੁਨਿਆਦ ਉੱਤੇ ਅਜਿਹੀ ਉਸਾਰੀ ਕਰਦੇ ਗਏ ਸਨ ਜੋ ਆਪਣੀ ਮਿਸਾਲ ਆਪ ਹੈ। ਕੀ ਇਹ ਤੱਥ ਬੇਮਿਸਾਲ ਨਹੀਂ ਕਿ ਬਾਬਰ ਦੀ ਜ਼ੁਲਮੀ ਚੱਕੀ ਪੀਹਣ ਪਿੱਛੋਂ ਵੀ ਬਾਬਾ ਨਾਨਕ ਦਾ ਸਭ ਤੋਂ ਨਿਕਟ ਸਨੇਹੀ ਮਰਦਾਨਾ ਹੀ ਰਹਿੰਦਾ ਹੈ? ਇਹ ਬਾਬਾ ਜੀ ਤੇ ਮਰਦਾਨੇ ਦੀ ਸਾਂਝ ਹੀ ਸੀ ਜਿਸ ਨੇ ਸਿੱਖਾਂ ਨੂੰ ਧਰਮ-ਪਾਰਲੇ ਮਾਨਵਵਾਦ ਦਾ ਵਿਰਸਾ ਸੌਂਪਿਆ। ਕੋਈ ਸਾਂਝ ਵਰਗੀ ਸਾਂਝ ਸੀ ਇਹ! ਮਰਦਾਨੇ ਨੂੰ ਭਾਈ ਮਰਦਾਨਾ ਬਣਾ ਕੇ ਬਾਬਾ ਜੀ ਨੇ ਸਿੱਖੀ ਵਿਚ ਭਾਈ ਦੀ ਉਪਾਧੀ ਨੂੰ ਸਰਬ-ਉੱਚ ਸਥਾਪਤ ਕਰ ਦਿੱਤਾ।

ਜਨਮ-ਸਾਖੀਆਂ ਵਾਚਦਿਆਂ ਜਿੰਨਾ ਨੇੜਿਉਂ ਇਸ ਰਿਸ਼ਤੇ




ਦੇ ਦਰਸ਼ਨ ਕਰਦੇ ਜਾਈਏ, ਮਨ ਓਨਾ ਨਿਰਮਲ ਹੁੰਦਾ ਜਾਂਦਾ ਹੈ। ਜੇ ਬਾਬਾ ਨਾਨਕ ਹਰ ਬੰਦੇ ਵਿਚ ਇਕੋ ਮਹਾਂਨੂਰ ਦੀ ਕਿਰਨ ਨਾ ਦੇਖਦੇ ਹੁੰਦੇ, ਉਹ ਮਰਦਾਨੇ ਨੂੰ ਆਪਣੇ ਮੱਤ ਵੱਲ ਮੋੜਨ ਦਾ ਯਤਨ ਕਰਦੇ। ਪਰ ਅਜਿਹੀ ਸੌੜੀ ਸੋਚ ਉਹਨਾਂ ਦੀ ਵਿਰਾਟ-ਵਿਸ਼ਾਲ ਬ੍ਰਹਿਮੰਡੀ ਗਿਆਨਵਾਨਤਾ ਦੇ ਨੇੜੇ-ਤੇੜੇ ਵੀ ਨਹੀਂ ਸੀ ਢੁੱਕ ਸਕਦੀ, ਜਿਸ ਗਿਆਨਵਾਨਤਾ ਸਾਹਮਣੇ ਗਗਨ ਇਕ ਥਾਲ, ਨੂਰ ਦੇ ਸੋਮੇ ਚੰਦ-ਸੂਰਜ ਦੀਪਕ, ਅੰਬਰ ਮੱਲੀਂ ਬੈਠੇ ਤਾਰੇ ਮੋਤੀ, ਵਣ-ਬਨਸਪਤ ਦੀ ਸੁਗੰਧ ਧੂਫ਼ ਅਤੇ ਪੌਣ ਚੌਰ-ਸੇਵਿਕਾ ਬਣ ਜਾਂਦੀ ਹੈ। ਇਕ ਪਾਸੇ ਉਹ ਆਪਣੇ ਸਮਕਾਲੀ ਦੋਵਾਂ ਵੱਡੇ ਧਰਮਾਂ, ਹਿੰਦੂ ਧਰਮ ਤੇ ਇਸਲਾਮ ਵਿਚ ਆਏ ਵਿਗਾੜਾਂ ਤੋਂ ਫ਼ਿਕਰਮੰਦ ਹੋ ਕੇ ਦੋਵਾਂ ਤੋਂ ਪਾਰਲੀ ਕਿਸੇ ਵਿਚਾਰਧਾਰਾ ਬਾਰੇ ਸੋਚ ਰਹੇ ਸਨ ਤੇ ਦੂਜੇ ਪਾਸੇ ਭਾਈ ਮਰਦਾਨਾ ਪੰਜਾਂ ਵੇਲਿਆ਼ ਦਾ ਨਿਮਾਜ਼ੀ, ਰਮਜ਼ਾਨ ਦੇ ਦਿਨੀਂ ਇਕ ਵੀ ਰੋਜ਼ਾ ਨਾ ਖੁੰਝਾਉਣ ਵਾਲਾ ਪੱਕਾ ਮੁਸਲਮਾਨ! ਉਦਾਸੀ ਸਮੇਂ ਭਾਈ ਜੀ ਦੀ ਨਿਮਾਜ਼ ਦਾ ਵੇਲਾ ਹੋ ਜਾਂਦਾ ਤਾਂ ਬਾਬਾ ਨਾਨਕ ਉਸੇ ਪੈਰ ਯਾਤਰਾ ਨੂੰ ਵਿਸ਼ਰਾਮ ਦੇ ਦਿੰਦੇ। ਉਹਨਾਂ ਦਾ ਪਰਮਾਤਮਾ ਨਾਲ ਲਿਵ ਲਾਉਣ ਦਾ ਵੇਲਾ ਆਉਂਦਾ ਤਾਂ ਉਹਨਾਂ ਦੀ ਬਾਣੀ ਦੀ ਸੁਰ ਤੇ ਭਾਈ ਜੀ ਦੀ ਰਬਾਬ ਦੀ ਤਾਣ ਤਾਂ ਸ਼ੀਰ-ਸ਼ੱਕਰ ਹੋ ਕੇ ਇਕ-ਮਿਕ ਹੋ ਹੀ ਜਾਂਦੀਆਂ, ਭਾਈ ਜੀ ਦਾ ਖੱਬਾ ਗੋਡਾ ਵੀ ਨਿਕਟ ਆਉਂਦਾ ਆਉਂਦਾ ਬਾਬਾ ਜੀ ਦੇ ਸੱਜੇ ਗੋਡੇ ਨਾਲ ਜੁੜ ਜਾਂਦਾ ਜਿਵੇਂ ਇਸ ਸਪਰਸ਼ ਨਾਲ ਬਾਬਾ ਜੀ ਦਾ ਅਲਾਪ ਹੀ ਦੂਜਾ ਰੂਪ ਧਾਰ ਕੇ ਰਬਾਬ ਦੀ ਤਾਣ ਬਣਨ ਲਗਦਾ ਹੋਵੇ!

ਓਸ਼ੋ ਜਪੁਜੀ ਸਾਹਿਬ ਬਾਰੇ ਲਿਖੀ ਆਪਣੀ ਪੁਸਤਕ 'ੴ ਸਤਿਨਾਮ' ਵਿਚ ਬਾਬਾ ਨਾਨਕ ਦੀ ਗੁੱਝੀ ਰਮਜ਼ ਪਛਾਣਦਿਆਂ ਤੇ ਉਹਨਾਂ ਦੇ ਫ਼ਲਸਫ਼ੇ ਦੇ ਤੱਤ-ਸਾਰ ਨੂੰ ਸਮਝਦਿਆਂ ਕਮਾਲ ਦੀਆਂ ਗੱਲਾਂ ਕਰਦਾ ਹੈ। ਉਹ ਕਹਿੰਦਾ ਹੈ, ਉਨਾਨਕ ਨੇ ਯੋਗ ਨਹੀਂ ਕੀਤਾ, ਤਪ ਨਹੀਂ ਕੀਤਾ, ਧਿਆਨ ਨਹੀਂ ਕੀਤਾ, ਨਾਨਕ ਨੇ ਸਿਰਫ਼ ਗਾਇਆ ਅਤੇ ਗਾ ਕੇ ਹੀ ਪਾ ਲਿਆ। ਪਰ ਗਾਇਆ ਉਹਨਾਂ ਨੇ ਪੂਰੇ ਪ੍ਰਾਣਾਂ ਨਾਲ ਕਿ ਗੀਤ ਹੀ ਧਿਆਨ ਹੋ ਗਿਆ, ਗੀਤ ਹੀ ਯੋਗ ਬਣ ਗਿਆ, ਗੀਤ ਹੀ ਤਪ ਹੋ ਗਿਆ।ੜ ਪਰਮਾਤਮਾ ਦੇ ਰਾਹ ਉੱਤੇ ਨਾਨਕ ਲਈ ਗੀਤ ਅਤੇ ਫੁੱਲ ਹੀ ਵਿਛੇ ਹਨ। ਇਸ ਲਈ ਉਹਨਾਂ ਨੇ ਜੋ ਵੀ ਕਿਹਾ ਹੈ, ਗਾ ਕੇ ਕਿਹਾ ਹੈ। ਉਹਨਾਂ ਦਾ ਰਾਹ ਬਹੁਤ ਮਧੁਰ ਹੈ, ਰਸ-ਭਰਿਆ!" ਦੇਖਣ ਵਾਲੀ ਗੱਲ ਇਹ ਹੈ ਕਿ ਭਾਈ ਮਰਦਾਨਾ ਬਾਬਾ ਜੀ ਦੇ ਇਸ ਕਰਮ ਵਿਚ ਪੱਕਾ ਭਾਈਵਾਲ ਸੀ। ਜਦੋਂ ਬਾਣੀ ਉੱਤਰਦੀ, ਉਹ ਆਖਦੇ, ਉਭਾਈ ਮਰਦਾਨਿਆ, ਰਬਾਬ ਛੇੜ, ਬਾਣੀ ਆਈ ਏ!" ਤੇ ਮਸਤ ਹੋ ਕੇ ਗਾਵਣ ਲੱਗ ਪੈਂਦੇ! ਲਿਵ ਸਿੱਧੀ ਉੱਪਰ ਵਾਲੇ ਨਾਲ। ਲਿਵ ਕੀ, ਉੱਪਰ ਵਾਲੇ ਦਾ ਹੀ ਰੂਪ ਹੋ ਜਾਂਦੇ। ਤਦੇ ਤਾਂ ਭਾਈ ਮਰਦਾਨੇ ਨੇ ਪਰਮਾਤਮਾ ਦਾ ਰੂਪ ਹੋਏ ਬਾਬਾ ਜੀ ਨੂੰ ਬੜੇ ਮਾਣ ਨਾਲ ਹਸਦਿਆਂ ਆਖਿਆ ਸੀ, ਉਭਾਈ ਨਾਨਕਾ, ਤੂੰ ਤਾਂ ਰੱਬ ਦੇਖਿਆ ਹੀ ਹੈ, ਮੈਂ ਤਾਂ ਪਾਇਆ ਹੈ!"

ਵੈਸੇ ਤਾਂ ਬਾਬਾ ਨਾਨਕ ਦੀ ਹਰ ਲੀਲ੍ਹਾ ਪੜ੍ਹ ਕੇ ਹੀ ਅਸਚਰਜ ਹੁੰਦਾ ਹੈ ਪਰ ਜੋ ਆਨੰਦ ਭਾਈ ਮਰਦਾਨੇ ਤੇ ਬੇਬੇ ਨਾਨਕੀ ਨਾਲ ਉਹਨਾਂ ਦੇ ਰਿਸ਼ਤੇ ਨੂੰ ਦੇਖ ਕੇ ਆਉਂਦਾ ਹੈ, ਉਹ ਅਕਥ ਹੈ। ਹਿੰਦੂਆਂ ਦਾ ਗੁਰੂ ਤੇ ਮੁਸਲਮਾਨਾਂ ਦਾ ਪੀਰ ਬਾਬਾ ਜਿਵੇਂ ਇਹਨਾਂ ਦੋਵਾਂ ਸਾਹਮਣੇ ਨਿੱਕਾ-ਨਿਆਣਾ ਬਣ ਜਾਂਦਾ ਹੈ, ਜਿਵੇਂ ਉਹਨਾਂ ਦੀ ਹਰ ਗੱਲ ਮੰਨਦਾ ਹੈ, ਜਿਵੇਂ ਉਹਨਾਂ ਦੇ ਹਰ ਕਹੇ ਉੱਤੇ ਫੁੱਲ ਚੜ੍ਹਾਉਂਦਾ ਹੈ, ਉਹ ਅਦਭੁਤ ਹੈ! ਇਕ ਕਿੱਸਾ ਸੁਣੋ। ਨਵੀਂ ਰਬਾਬ ਖ਼ਰੀਦਣੀ ਹੈ। ਪੈਸੇ ਹੈ ਨਹੀਂ। ਮਰਦਾਨਾ ਆਖਦਾ ਹੈ, ਉਜੀ, ਆਪਾਂ ਨੂੰ ਹੁਧਾਰ ਕੋਈ ਨਹੀਂ ਦੇਂਵਦਾ।" ਬਾਬਾ ਜੀ ਬੇਬੇ ਤੋਂ ਪੈਸੇ ਮੰਗਣੋਂ ਆਪ ਸੰਗਦੇ ਨੇ ਤੇ ਗੁੱਝੀ ਹਾਸੀ ਹਸਦੇ ਨੇ, ਉਸਵਾਲੀ ਬਣਨਾ ਠੀਕ ਤਾਂ ਨਹੀਂ, ਪਰ ਕੀ ਕਰੀਏ, ਗਰਜ਼ ਕਾਰੇ ਕਰਾਉਂਦੀ ਹੈ, ਬੇਬੇ ਨਾਨਕੀ ਜੀ ਪਾਸ ਜਾਉ, ਉਥੋਂ ਪੈਸੇ ਮਿਲਣਗੇ।" ਇਕ ਕਿੱਸਾ ਹੋਰ ਸੁਣੋ। ਉਦਾਸੀ ਚੜ੍ਹਨ ਲੱਗੇ ਤਾਂ ਸ਼ਾਇਦ ਮਿਲਣ-ਵਿਛੜਨ ਦੀ ਘੜੀ ਦੇ ਮੋਹ ਦੇ ਉਛਾਲਿਆਂ ਤੋਂ ਝਿਜਕ ਗਏ। ਤਲਵੰਡੀ ਵਾਲੇ ਪਰਿਵਾਰਕ ਜੀਆਂ ਨੂੰ ਮਿਲਣ ਤਾਂ ਕਿਥੋਂ ਜਾਣਾ ਸੀ, ਬੇਬੇ ਨੂੰ ਵੀ ਬਿਨ-ਮਿਲਿਆਂ ਹੀ ਜਾਣ ਵਾਸਤੇ ਤਿਆਰ ਹੋ ਗਏ। ਪਰ ਭਾਈ ਜੀ ਨੇ ਪੈਰ ਗੱਡ ਲਏ, ਉਬੇਬੇ ਨੂੰ ਮਿਲ ਕੇ ਫੇਰ ਜਾਵਣਾ ਏ!" ਬਾਬਾ ਜੀ ਨੇ ਨੀਵੀਂ ਪਾਈ, ਉਤੇਰਾ ਆਖਾ ਮੋੜਨਾ ਨਹੀਂ ਭਾਈ!"

ਕਹਾਵਤ ਹੈ ਕਿ ਇਤਿਹਾਸ ਆਮ ਕਰਕੇ ਰਾਜੇ-ਰਾਣੀਆਂ ਦੇ ਚੰਗੇ-ਮੰਦੇ ਕੰਮਾਂ ਦਾ, ਕਾਰਨਾਮਿਆਂ ਤੇ ਕਰਤੂਤਾਂ ਦਾ ਉਲੇਖ ਹੁੰਦਾ ਹੈ। ਇਸ ਕਰਕੇ ਜਦੋਂ ਕੋਈ ਲੇਖਕ ਰਾਜ-ਨਾਇਕਾਂ ਦੀ ਥਾਂ ਲੋਕ-ਨਾਇਕਾਂ ਦਾ ਜੀਵਨ ਲਿਖਣਾ ਸ਼ੁਰੂ ਕਰਦਾ ਹੈ, ਬਹੁਤੀ ਵਾਰ ਉਹਨੂੰ ਸੰਪੂਰਨ ਕੱਚੀ ਸਮਗਰੀ ਇਕੋ ਥਾਂ ਤੋਂ ਪਰਾਪਤ ਨਹੀਂ ਹੁੰਦੀ। ਇਹ ਕਾਰਜ ਉਹੋ ਜਿਹੀ ਘੋਖ-ਖੋਜ ਲੋੜਦਾ ਹੈ ਜਿਸ ਦੀ ਦੱਸ ਇਸ ਪੁਸਤਕ ਵਿਚੋਂ ਪੈਂਦੀ ਹੈ। ਹਰ ਨਾਇਕ ਦੀ ਜੀਵਨ-ਗਾਥਾ ਲਿਖਦਿਆਂ ਲੇਖਕ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚੋਂ ਉਸ ਸੰਬੰਧੀ ਮਿਲੀ ਜਾਣਕਾਰੀ ਨੂੰ ਕੇਂਦਰੀ ਫੁੱਲ ਮਿਥ ਕੇ ਉਸ ਦੁਆਲੇ ਹੋਰ ਸਰੋਤਾਂ ਵਿਚਲੀ ਸੂਚਨਾ ਦੇ ਫੁੱਲ ਗੁੰਦਦਿਆਂ ਖ਼ੂਬਸੂਰਤ ਗੁਲਦਸਤਾ ਸਜਾਉਣ ਦੀ ਸਫਲਤਾ ਹਾਸਲ ਕੀਤੀ ਹੈ।

ਹੁਣ ਅਨੇਕ ਸੂਰਤਾਂ ਵਿਚ ਧਰਮਾਂ ਵਿਚਕਾਰ ਹੀ ਨਹੀਂ, ਧਰਮਾਂ ਦੇ ਅੰਦਰ ਵੀ ਵਖਰੇਵੇਂ, ਵਿਰੋਧ, ਟਕਰਾਉ, ਨਫ਼ਰਤ, ਹਿੰਸਾ, ਆਦਿ ਵਰਤਾਰੇ ਨਿੱਤ ਦਾ ਸੰਕਟ ਬਣੇ ਹੋਏ ਹਨ ਤੇ ਇਸ ਸਭ ਕੁਝ ਲਈ ਇਕ ਸਾਂਝਾ ਨਾਂ 'ਅਸਹਿਣਸ਼ੀਲਤਾ' ਵੀ ਪ੍ਰਚਲਿਤ ਹੋ ਗਿਆ ਹੈ। ਸਮਾਜਕ-ਭਾਈਚਾਰਕ ਸਾਂਝ ਦੀ ਥਾਂ ਹਨੇਰਾ ਵਧਦਾ ਜਾਂਦਾ ਹੈ। ਨਿੱਤ-ਦਿਨ ਸੰਘਣੇ ਹੋ ਰਹੇ ਇਸ ਹਨੇਰੇ ਵਿਚ ਸਿੱਖੀ ਦੀ ਉਪਰੋਕਤ ਪਿਰਤ ਨੂਰ ਦੇ ਸੋਮੇ ਦੀ ਭੂਮਿਕਾ ਨਿਭਾ ਸਕਦੀ ਹੈ। ਮੈਂ ਇਸ ਪੁਸਤਕ ਦਾ ਮੁੱਖ ਮਹੱਤਵ ਇਸੇ ਉਦੇਸ਼ ਵਿਚ ਦੇਖਦਾ ਹਾਂ।

ਗੱਜਣਵਾਲਾ ਸੁਖਮਿੰਦਰ ਸਿੰਘ ਲਗਨ ਤੇ ਮਿਹਨਤ ਨਾਲ ਲਿਖਣ-ਕਾਰਜ ਕੀਤਾ ਹੋਣ ਦੇ ਬਾਵਜੂਦ ਨਿਮਰਤਾ ਦਾ ਪੱਲਾ ਨਹੀਂ ਛਡਦਾ। ਉਹ ਕਹਿੰਦਾ ਹੈ, ਉਇਤਿਹਾਸ ਜਾਂ ਧਾਰਮਿਕ ਸਾਹਿਤ ਦੀ ਕਸਵੱਟੀ 'ਤੇ ਇਹਨਾਂ ਰਚਨਾਵਾਂ ਵਿਚ ਬਹੁਤ ਉਕਾਈਆਂ ਹੋਣਗੀਆਂ।" ਆਪਣੀ ਮਿਹਨਤ ਤੋਂ ਇਲਾਵਾ ਉਹਨੇ ਇਕ ਚੰਗੀ ਗੱਲ ਇਹ ਕੀਤੀ ਹੈ ਕਿ ਪਹਿਲਾਂ ਇਹ ਲੇਖ ਪ੍ਰਸਿੱਧ ਰਸਾਲਿਆਂ ਵਿਚ ਪ੍ਰਕਾਸ਼ਿਤ ਕਰਵਾ ਦਿੱਤੇ। ਇਉਂ ਉਹਨੂੰ ਪਾਠਕਾਂ ਦੇ ਵਿਚਾਰਾਂ ਤੇ ਸੁਝਾਵਾਂ ਤੋਂ ਜਾਣੂ ਹੋਣ ਦਾ ਮੌਕਾ ਮਿਲ ਗਿਆ। ਸਿੱਖ ਇਤਿਹਾਸ ਦੇ, ਸਿੱਖ ਮਰਯਾਦਾ ਦੇ ਤੇ ਗੁਰਬਾਣੀ ਦੇ ਗਿਆਤਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਮੰਨੇ ਹੋਏ ਇਤਿਹਾਸਕਾਰ ਡਾ. ਕਿਰਪਾਲ ਸਿੰਘ, ਸਿੱਖ ਫ਼ਲਸਫ਼ੇ ਤੇ ਸਮੁੱਚੇ ਪੰਜਾਬੀ ਅਧਿਆਤਮ ਤੇ ਸਭਿਆਚਾਰ ਦੇ ਨਿਪੁੰਨ ਪ੍ਰੋ. ਹਰਪਾਲ ਸਿੰਘ ਪੰਨੂ ਅਤੇ ਸਿੱਖ ਰਹਿਤਲ ਦੇ ਜਾਣਕਾਰ ਤੇ ਬਰੀਕਬੀਨ ਪੱਤਰਕਾਰ ਕਰਮਜੀਤ ਸਿੰਘ ਦੀ ਬੌਧਿਕ ਛਾਨਣੀ ਵਿਚੋਂ ਇਹਨਾਂ ਲੇਖਾਂ ਦਾ ਲੰਘਣਾ ਇਹਨਾਂ ਵਿਚਲੇ ਤੱਥਾਂ ਨੂੰ ਪ੍ਰਮਾਣਿਕਤਾ ਬਖ਼ਸ਼ਦਾ ਹੈ।

ਆਸ ਹੈ, ਇਹ ਪੁਸਤਕ ਗੁਰੂ ਸਾਹਿਬਾਨ ਦੇ ਇਹਨਾਂ ਮੁਸਲਮਾਨ ਸ਼ਰਧਾਲੂਆਂ ਦੇ ਜੀਵਨ ਬਾਰੇ ਜਾਣਕਾਰੀ ਤਾਂ ਦੇਵੇਗੀ ਹੀ, ਦੇਸ ਵਿਚ ਵੱਖ ਵੱਖ ਧਰਮਾਂ ਵਿਚਕਾਰ ਵਗ ਰਹੀਆਂ ਅਸਹਿਣਸ਼ੀਲਤਾ ਦੀਆਂ ਤੱਤੀਆਂ ਹਵਾਵਾਂ ਦੇ ਮਾਹੌਲ ਵਿਚ ਸੀਤ ਪੌਣ ਦੇ ਭਰਾਤਰੀ-ਭਾਵੀ ਬੁੱਲੇ ਦਾ ਕੰਮ ਵੀ ਕਰੇਗੀ।

(ਪੁਸਤਕ SAPATRISHI PUBLICATIONS, BD/I, Industrial Area, Phase –2, Near Tribune Chowk, CHANDIGARH, Tele : 0172-5002591, Mob : 094630-88272, email : sapatrishi94@gmail.com ਤੋਂ ਮਿਲ ਸਕਦੀ ਹੈ।)

**ਇਸੇ ਸੋਚ ਦੇ ਕਲਾਵੇ ਵਿਚ ਆਉਂਦਾ ਇਕ ਨਿੱਜੀ ਅਨੁਭਵ ਮੇਰੀ ਸਿਮਰਤੀ ਵਿਚ ਲਿਖਿਆ ਨਹੀਂ ਸਗੋਂ ਡੂੰਘਾ ਉੱਕਰਿਆ ਹੋਇਆ ਹੈ। ਗੱਲ ਕਾਲ਼ੇ ਚੁਰਾਸੀ ਦੀ ਹੈ। ਸਾਕਾ ਨੀਲਾ ਤਾਰਾ ਤੇ ਦਿੱਲੀ ਦਾ ਸਿੱਖ ਕਤਲਾਮ, ਦੋਵੇਂ ਵਾਪਰ ਚੁੱਕੇ ਸਨ ਅਤੇ ਨਤੀਜੇ ਵਜੋਂ ਹਿੰਦੂਆਂ ਤੇ ਸਿੱਖਾਂ ਵਿਚਕਾਰ ਖਟਾਸ ਬਹੁਤ ਤਿੱਖੀ ਹੋ ਚੁੱਕੀ ਸੀ। ਜਦੋਂ ਹਾਲਾਤ ਯਾਤਰਾ ਕਰਨ ਜੋਗੇ ਹੋਏ, ਅਸੀਂ ਅੰਮ੍ਰਿਤਸਰ ਗਏ। ਦਰਬਾਰ ਸਾਹਿਬ ਤੇ ਪਰਕਰਮਾ ਵਿਚ ਤਾਂ ਸਿਰਾਂ ਨੂੰ ਰੁਮਾਲਾਂ ਨਾਲ ਕੱਜਣ ਵਾਲੇ ਸ਼ਰਧਾਲੂਆਂ ਦੀ ਚੰਗੀ ਵਾਹਵਾ ਹਾਜ਼ਰੀ ਹੈ ਹੀ ਸੀ, ਜਦੋਂ ਅਸੀਂ ਲੰਗਰ ਛਕਣ ਗਏ, ਉਸ ਪੰਗਤ ਵਿਚ ਵੱਡੀ ਗਿਣਤੀ ਵਿਚ ਪਰ-ਧਰਮੀ ਸੱਜਣ ਪਹਿਲਾਂ ਸਦਾ ਵਾਲੇ ਪ੍ਰੇਮ-ਭਾਵ ਤੇ ਆਦਰ-ਭਾਵ ਦੇ ਮਾਹੌਲ ਵਿਚ ਲੰਗਰ ਛਕ ਰਹੇ ਸਨ। ਮੈਂ ਸੰਤੁਸ਼ਟੀ ਦਾ ਸਾਹ ਲਿਆ, ਬਾਬਾ ਨਾਨਕ ਦੀ ਸਾਡੇ ਲਈ ਵਿਰਸੇ ਵਿਚ ਛੱਡੀ ਮਾਨਵਵਾਦੀ ਕਰਾਮਾਤ ਦੀ ਕਿਰਪਾ ਨਾਲ ਆਖ਼ਰ ਪੰਜਾਬ ਦੇ ਇਹ ਕਾਲ਼ੇ ਦਿਨ ਜ਼ਰੂਰ ਖ਼ਤਮ ਹੋ ਜਾਣਗੇ!**


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# Classified


## ਲੜਕੀ ਦੀ ਲੋੜ

ਖੱਤਰੀ ਲੜਕਾ ਗਰੀਨ ਕਾਰਡ ਹੋਲਡਰ, ਉਮਰ 38 ਸਾਲ, ਕੱਦ 5 ਫੁੱਟ 9 ਇੰਚ ਲਈ ਅਮਰੀਕਨ ਗਰੀਨ ਕਾਰਡ ਹੋਲਡਰ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ।

ਸੰਪਰਕ : 818-818-1705

ਈਮੇਲ : harishpuri2005@gmail.com

Seeking a Nanny/Babysitter
Call : Aman
510-938-7195

ਨੈਨੀ/ਬੇਬੀ ਸਿਟਰ (ਖਿਡਾਵੀ)
ਦੀ ਜ਼ਰੂਰਤ ਹੈ।
ਸੰਪਰਕ ਕਰੋ :
ਅਮਨ 510-938-7195

## ਕੁੱਕ ਅਤੇ ਵੇਟਰ ਦੀ ਲੋੜ

ਸਮਰੱਥ ਰੈਸਟੋਰੈਂਟ, ਲਾਸ ਏਂਜਲਸ, ਕੈਲੀਫੋਰਨੀਆਂ-91335 ਵਾਸਤੇ ਉੱਤਰੀ ਭਾਰਤ ਦੇ ਖਾਣੇ ਬਣਾਉਣ ਵਿੱਚ ਮਾਹਿਰ ਕੁੱਕ ਅਤੇ ਵੇਟਰ ਦੀ ਜਰੂਰਤ ਹੈ। ਇਸ ਤੋਂ ਇਲਾਵਾ ਚਾਈਨੀਜ਼ ਖਾਣੇ ਬਣਾਉਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।

ਹੋਰ ਜਾਣਕਾਰੀ ਲਈ ਕਾਲ ਕਰੋ:
(747) 224-1079
ਜਾਂ ਈਮੇਲ :
samrathrestaurant@gmail.com

For Classified Contact
510.240.5949


## ਨਸ਼ਾ ਵਿਰੋਧੀ ਮੁਹਿੰਮ 'ਚ ਖੜੋਤ ਤੋੜਨ ਦਾ ਵੇਲਾ

ਮਾਮਲਿਆਂ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਦੀ ਗਿਣਤੀ ਪ੍ਰਤੀ ਦਿਨ 35 'ਤੇ ਸਥਿਰ ਰਹੀ। ਇਸ ਦਾ ਕਾਰਨ ਇਹ ਹੈ ਕਿ ਜ਼ਿਆਦਾਤਰ ਮੁਲਜ਼ਮਾਂ ਦੇ ਆਦਤਨ ਅਪਰਾਧੀ ਹੋਣ ਕਰਕੇ ਪੁਲੀਸ ਦੇ ਯਤਨ ਕਾਰਗਰ ਨਹੀਂ ਹੁੰਦੇ। ਪੁਲੀਸ ਹੁਣ ਇਹ ਕਹਿੰਦਿਆਂ ਸਿਹਤ ਵਿਭਾਗ ਸਿਰ ਦੋਸ਼ ਮੜ੍ਹਨ ਲੱਗੀ ਹੈ ਕਿ ਨਸ਼ਾ ਵੇਚਣ ਵਾਲੇ ਉਦੋਂ ਹੀ ਕਾਰੋਬਾਰ ਬੰਦ ਕਰਨਗੇ ਜਦੋਂ ਮੰਗ ਖ਼ਤਮ ਹੋ ਜਾਵੇਗੀ ਭਾਵ ਨਸ਼ੇੜੀਆਂ ਦਾ ਇਲਾਜ ਕੀਤੇ ਬਿਨਾਂ ਇਹ ਸੰਭਵ ਨਹੀਂ। ਭਾਵੇਂ ਇਹ ਗੱਲ ਕੁਝ ਹੱਦ ਤਕ ਸਹੀ ਹੈ, ਫਿਰ ਵੀ ਪੁਲੀਸ ਨੂੰ ਵਧੇਰੇ ਪਦਾਰਥਕ ਅਤੇ ਵਿਗਿਆਨਕ ਸਬੂਤਾਂ ਦੇ ਆਧਾਰ ਉੱਤੇ ਮੁਲਜ਼ਮਾਂ ਦੇ ਦੋਸ਼ ਸਾਬਿਤ ਕਰ ਸਕਣ ਦੇ ਯੋਗ ਬਣਾਉਣਾ ਚਾਹੀਦਾ ਹੈ।

ਸਿਹਤ ਵਿਭਾਗ ਹੋਰ ਵੀ ਵਧੇਰੇ ਮਸਲਿਆਂ ਨਾਲ ਜੂਝ ਰਿਹਾ ਹੈ। ਇਹ ਹਾਲੇ ਸਿਰਫ਼ ਵਿਚਾਰਨ ਹੀ ਲੱਗਾ ਹੈ ਕਿ ਇਸ ਮਸਲੇ ਨੂੰ ਕਿਵੇਂ ਨਜਿੱਠਿਆ ਜਾਵੇ। ਇਸ ਦੇ ਪ੍ਰੋਗਰਾਮਾਂ ਅਤੇ ਨੀਤੀਆਂ ਸਬੰਧੀ ਹਾਲੇ ਬਹਿਸ ਹੀ ਚੱਲ ਰਹੀ ਹੈ। ਇਸ ਦੇ ਨਾਲ ਹੀ ਇਹ ਮਨੁੱਖੀ ਸ਼ਕਤੀ ਅਤੇ ਸਿਖਲਾਈ ਦੇ ਪੱਖ ਤੋਂ ਵੀ ਪੂਰੀ ਤਰ੍ਹਾਂ ਸੰਪੰਨ ਨਹੀਂ। ਇਸ ਯੋਜਨਾ ਲਈ ਲੋੜੀਂਦੇ ਮਨੋਰੋਗ ਮਾਹਿਰ ਵੀ ਉਪਲੱਬਧ ਨਹੀਂ ਹਨ। ਸਰਕਾਰ ਨੂੰ ਤਰਜੀਹੀ ਤੌਰ 'ਤੇ ਮਾਹਿਰਾਂ ਦਾ ਪ੍ਰਬੰਧ ਕਰਨ ਦੀ ਲੋੜ ਹੈ, ਚਾਹੇ ਇਹ ਨਸ਼ਾ ਛੁਡਾਊ ਕੇਂਦਰਾਂ ਲਈ ਕੰਮ ਦੇ ਘੰਟਿਆਂ ਦੇ ਹਿਸਾਬ ਨਾਲ ਪ੍ਰਾਈਵੇਟ ਡਾਕਟਰਾਂ ਦੀਆਂ ਸੇਵਾਵਾਂ ਹੀ ਲਵੇ। ਨਸ਼ਾ ਛੁਡਾਊ ਕੇਂਦਰਾਂ ਦੀ ਕਾਇਮੀ ਸਬੰਧੀ ਪੀਜੀਆਈ ਚੰਡੀਗੜ੍ਹ ਸਮੇਤ ਹੋਰ ਮਾਹਿਰਾਂ ਦਰਮਿਆਨ ਮਤਭੇਦਾਂ ਨੂੰ ਦੂਰ ਕਰਨਾ ਚਾਹੀਦਾ ਹੈ, ਪਰ ਉਨ੍ਹਾਂ ਉੱਤੇ ਜਬਰੀ ਸਰਬਸੰਮਤੀ ਨਹੀਂ ਥੋਪਣੀ ਚਾਹੀਦੀ। ਜੇਕਰ ਪੂਰੇ ਮਸਲੇ ਨੂੰ ਮੁੜ ਵਿਚਾਰਨ ਦੀ ਜ਼ਰੂਰਤ ਹੋਵੇ ਤਾਂ ਸਿਹਤ ਮੰਤਰੀ ਦੀ ਨਿਗਰਾਨੀ ਹੇਠ ਅਜਿਹਾ ਕੀਤਾ ਜਾ ਸਕਦਾ ਹੈ। ਦੂਜੇ ਪਾਸੇ, ਸਿਹਤ ਵਿਭਾਗ ਪੁਲੀਸ 'ਤੇ ਦੋਸ਼ ਲਗਾਉਂਦਾ ਹੈ ਕਿ ਜਿੰਨਾ ਚਿਰ ਨਸ਼ੇ ਉਪਲੱਬਧ ਹਨ, ਨਸ਼ੇੜੀ ਇਨ੍ਹਾਂ ਤੋਂ ਦੂਰ ਰਹਿ ਹੀ ਨਹੀਂ ਸਕਦੇ। ਨਸ਼ਾ ਛੁਡਾਉਣ ਮਗਰੋਂ ਠੀਕ ਹੋਏ ਮਰੀਜ਼ਾਂ ਦੇ ਮੁੜ ਵਸੇਬੇ ਦਾ ਵਿਸ਼ਾ ਪੂਰੀ ਤਰ੍ਹਾਂ ਅਣਗੌਲਿਆ ਰਹਿੰਦਾ ਹੈ ਕਿਉਂਕਿ ਕਿਸੇ ਵਿਭਾਗ ਨੂੰ ਖ਼ਾਸ ਤੌਰ 'ਤੇ ਇਹ ਜ਼ਿੰਮੇਵਾਰੀ ਸੌਂਪੀ ਨਹੀਂ ਗਈ। ਇਸ ਕੁਚੱਕਰ ਨੂੰ ਤੋੜਨ ਅਤੇ ਨਸ਼ਿਆਂ ਵਿਰੋਧੀ ਮੁਹਿੰਮ ਨੂੰ ਅਗਲੇਰੇ ਪੱਧਰ 'ਤੇ ਲਿਜਾਣ ਲਈ ਸਮਰਪਿਤ ਮੁਖੀ ਦੀ ਅਗਵਾਈ ਵਿੱਚ ਆਲ੍ਹਾ-ਅਖਤਿਆਰੀ ਪੈਨਲ ਬਣਾਇਆ ਜਾ ਸਕਦਾ ਹੈ ਜਿਸਦੇ ਘੇਰੇ ਵਿੱਚ ਸਾਰੇ ਸਬੰਧਿਤ ਵਿਭਾਗ ਆਉਣ। ਇਹ ਮਾਹਿਰਾਂ ਨਾਲ ਮਸ਼ਵਰਾ ਕਰੇ ਅਤੇ ਕੌਮਾਂਤਰੀ ਨਿਯਮਾਂ ਤੇ ਤਜਰਬਿਆਂ ਮੁਤਾਬਿਕ ਤਕਨੀਕੀ ਅਤੇ ਨੀਤੀਗਤ ਵਿਵਾਦ ਸੁਲਝਾਵੇ।

ਨਸ਼ਿਆਂ ਨੂੰ ਠੱਲ੍ਹ ਪਾਉਣਾ ਨਾ ਸਿਰਫ਼ ਸੂਬੇ ਦੇ ਲੋਕਾਂ ਦੀ ਸੇਵਾ ਹੋਵੇਗਾ ਸਗੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਲਈ ਹਾਸਲ ਕੀਤਾ ਜਾ ਸਕਣ ਵਾਲਾ ਅਸਲਵਾਦੀ ਸਿਆਸੀ ਟੀਚਾ ਵੀ ਹੋਵੇਗਾ।

## ਸਿਲੇਬਸ ਦਾ ਮੁੱਦਾ: ਕਿਸੇ ਵੀ ਧਿਰ ਦਾ ਦਾਮਨ ਸਾਫ਼ ਨਹੀਂ

ਤਰਜੀਹ ਦਿੱਤੀ ਜਾਂਦੀ ਹੈ? ਸ਼੍ਰੋਮਣੀ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਸਿੱਖ ਆਗੂਆਂ ਵੱਲੋਂ ਚਲਾਏ ਜਾ ਰਹੇ ਹੋਰ ਕਈ ਸਕੂਲਾਂ ਵਿੱਚ ਵੀ ਸੀਬੀਐੱਸਈ ਦਾ ਹੀ ਸਿਲੇਬਸ ਕਿਉਂ ਲਾਗੂ ਹੈ ਜਿੱਥੇ ਸਿੱਖ ਇਤਿਹਾਸ ਦਾ ਨਾਮੋ-ਨਿਸ਼ਾਨ ਨਹੀਂ ਹੈ ਅਤੇ ਜਿਥੇ ਮਹਾਂਭਾਰਤ ਨੂੰ 'ਸਮਾਜਿਕ ਇਤਿਹਾਸ' ਦੇ ਵਰਗ ਵਿੱਚ ਰੱਖਿਆ ਗਿਆ ਹੈ? ਸਿੱਖ ਆਗੂਆਂ ਦੇ ਜੇ ਸ਼ੱਤ-ਪ੍ਰਤੀਸ਼ੱਤ ਨਹੀਂ ਤਾਂ ਇਸ ਪ੍ਰਤੀਸ਼ੱਤ ਦੇ ਨੇੜੇ ਤੇੜੇ ਬਹੁਤੇ ਬੱਚੇ ਸੀਬੀਐੱਸਈ ਦੇ ਸਿਲੇਬਸ ਅਨੁਸਾਰ ਹੀ ਪੜ੍ਹਦੇ ਹਨ। ਫਿਰ ਇਹ ਸਿੱਖ ਆਗੂ ਸੀਬੀਐੱਸਈ ਦੇ ਸਿਲੇਬਸ ਵਿੱਚ ਪੰਜਾਬ ਦਾ ਇਤਿਹਾਸ ਸ਼ਾਮਿਲ ਕਰਨ ਦੀ ਆਵਾਜ਼ ਬੁਲੰਦ ਕਿਉਂ ਨਹੀਂ ਕਰਦੇ? ਜੇ ਇਨ੍ਹਾਂ ਸਿੱਖ ਆਗੂਆਂ ਦੇ ਬੱਚੇ ਸੀਬੀਐੱਸਈ ਵਾਲੇ ਸਕੂਲਾਂ ਵਿੱਚ ਹੀ ਪੜ੍ਹਦੇ ਹਨ ਤਾਂ ਫਿਰ ਇਹ ਕਿਨ੍ਹਾਂ ਬੱਚਿਆਂ ਅੰਦਰ ਇਤਿਹਾਸ ਦੀ ਰੂਹ ਫੂਕਣ ਲਈ ਸੰਘਰਸ਼ ਕਰ ਰਹੇ ਸਨ?

ਕੈਪਟਨ ਦੇ ਇੱਕ ਸਾਲ ਦੇ ਰਾਜ ਦਾ ਕਮਜ਼ੋਰ ਪਰ ਮਹੱਤਵਪੂਰਨ ਤੇ ਅਣਪਛਾਤਾ ਪਹਿਲੂ ਇਹ ਵੀ ਹੈ ਕਿ ਉਨ੍ਹਾਂ ਦੇ ਆਪਣੇ ਸੁਤੰਤਰ ਤੇ ਨਿਰਪੱਖ ਸਰੋਤ ਨਹੀਂ ਹਨ ਜੋ ਕਿਸੇ ਵੀ ਆਗੂ ਲਈ ਖਬਰਾਂ ਹੇਠਲੀਆਂ ਖਬਰਾਂ ਅਤੇ ਘਟਨਾਵਾਂ ਵਿੱਚ ਲੁਕੀਆਂ ਘਟਨਾਵਾਂ ਜਾਨਣ ਲਈ ਜ਼ਰੂਰੀ ਹੁੰਦਾ ਹੈ। ਉਨ੍ਹਾਂ ਕੋਲ ਵਿਦਵਾਨਾਂ ਦੀ ਅਜਿਹੀ ਕੋਈ ਟੀਮ ਨਹੀਂ ਜੋ ਵਿਦਿਆ ਦੇ ਖੇਤਰ ਵਿੱਚ ਹੋ ਰਹੀ ਸਿਆਸਤ ਉਤੇ ਲੰਮੀ ਨਜ਼ਰ ਰੱਖ ਸਕੇ। ਉਨ੍ਹਾਂ ਮੀਡੀਆ ਦੀ ਉਸ ਪਰਤ ਨੂੰ ਹੀ ਨੇੜੇ ਲਾਇਆ ਹੋਇਆ ਹੈ ਜਿਨ੍ਹਾਂ ਦੇ ਧੁਰ ਅੰਦਰ ਪੰਜਾਬ ਅਤੇ ਪੰਜਾਬੀਅਤ ਦਾ ਬਸੇਰਾ ਹੀ ਨਹੀਂ। ਪੰਜਾਬੀ ਦੀਆਂ ਵੱਡੀਆਂ, ਛੋਟੀਆਂ ਤੇ ਅਣਗੌਲੀਆਂ ਅਖਬਾਰਾਂ ਤੇ ਰਸਾਲਿਆਂ ਵਿੱਚ ਛਪ ਰਹੀਆਂ ਅਸਲ ਖ਼ਬਰਾਂ ਅਤੇ ਘਟਨਾਵਾਂ ਦੇ ਵਿਸ਼ਲੇਸ਼ਣ ਉਨ੍ਹਾਂ ਦੀ ਸਿਆਸੀ ਰੂਹ ਤੋਂ ਕਿਤੇ ਦੂਰ ਰਹਿੰਦੇ ਹਨ ਜਦਕਿ ਕਈ ਵਾਰ ਇਤਿਹਾਸਕ ਕਰਿਸ਼ਮੇ ਉਨ੍ਹਾਂ ਹੀ ਸਰੋਤਾਂ ਤੋਂ ਜਨਮ ਲੈਂਦੇ ਹਨ। ਕੈਪਟਨ ਨੂੰ ਹਮਦਰਦੀ ਰੱਖਦਿਆਂ ਇੱਕ ਕਦਮ ਉਨ੍ਹਾਂ ਵੱਲ ਵੀ ਪੁੱਟਣਾ ਚਾਹੀਦਾ ਹੈ ਕਿਉਂਕਿ ਲਹਿੰਦੇ ਵਾਲੇ ਪਾਸੇ ਦੀ ਕੰਧ ਸੰਵਾਰਨ ਅਤੇ ਸ਼ਿੰਗਾਰਨ ਲਈ ਚੜ੍ਹਦੇ ਵਾਲੇ ਪਾਸੇ ਦੀ ਕੰਧ ਢਾਹ ਨਹੀਂ ਦੇਣੀ ਚਾਹੀਦੀ।

## ਜਾਤਪਾਤ ਅਤੇ ਭਾਰਤ ਦਾ ਭਵਿੱਖ

ਕੀਤਾ ਜਾ ਰਿਹਾ ਪ੍ਰਚਾਰ ਬੰਦੇ ਦੀ ਮਾਨਸਿਕਤਾ ਨੂੰ ਵਰਗਲਾਉਂਦਾ ਹੈ। ਬੰਦੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਸ ਨੇ ਕਿਵੇਂ ਰਹਿਣਾ ਹੈ, ਕਿਵੇਂ ਖਾਣਾ ਹੈ, ਕੀ ਪਹਿਨਣਾ ਹੈ, ਕਦੋਂ ਸੌਣਾ ਹੈ। ਇਹ ਸਾਰਾ ਕੁਝ ਪੂੰਜੀਵਾਦੀ ਪ੍ਰਚਾਰ ਦੱਸਦਾ ਹੈ। ਸਿਹਤ ਦਾ ਡਰਾਵਾ ਦੇ ਕੇ ਅਰਬਾਂ ਰੁਪਏ ਲੁੱਟਣ ਵਾਲੇ ਡਾਕਟਰ, ਦਵਾਈਆਂ ਵੇਚਣ ਵਾਲੇ ਪੂੰਜੀਪਤੀ, ਕਾਮ ਸ਼ਕਤੀ ਵਧਾਉਣ ਅਤੇ ਗੁਪਤ ਰੋਗਾਂ ਨੂੰ ਹਟਾਉਣ ਵਾਲੇ, ਰਾਸ਼ੀਆਂ ਦੱਸਣ ਵਾਲੇ, ਕਰਮ ਕਾਂਡਾਂ ਵਿਚ ਫਸਾਉਣ ਵਾਲੇ ਬੰਦੇ ਨੂੰ ਇਸ ਤਰ੍ਹਾਂ ਬੇਵਕੂਫ ਬਣਾ ਰਹੇ ਹਨ, ਕਿ ਮਨੁੱਖ ਨੂੰ ਠੀਕ ਗਲਤ ਦਾ ਪਤਾ ਹੀ ਨਹੀਂ ਲੱਗਦਾ ਹੈ। ਮਨੁੱਖ ਦੀ ਬੁੱਧੀ ਨੂੰ ਪੂੰਜੀਪਤੀਆਂ ਦੇ ਪ੍ਰਚਾਰ ਨੇ ਕਾਬੂ ਕਰ ਲਿਆ ਹੈ।

10. ਪੂੰਜੀਵਾਦ ਸ਼ਰੇਆਮ ਟੀ ਵੀ ਸੀਰੀਅਲਾਂ ਰਾਹੀਂ ਮਨੁੱਖ ਦੀ ਮਾਨਸਿਕ ਲੁੱਟ ਕਰ ਰਿਹਾ ਹੈ। ਟੀ ਵੀ ਸੀਰੀਅਲਾਂ ਦੀਆਂ ਲੜਾਈਆਂ ਵੇਖ-ਵੇਖ ਕੇ ਮਾਪੇ ਆਪਣੇ ਹੀ ਧੀਆਂ-ਪੁੱਤਰਾਂ ਅਤੇ ਨੂੰਹਾਂ ਵਿਚ ਹੋ ਰਹੀਆਂ ਲੜਾਈਆਂ ਦੀ ਮਾਨਸਿਕ ਪੀੜਾ ਹੰਢਾਅ ਰਹੇ ਹਨ। ਡਾਂਸ ਬਾਰਾਂ, ਨਾਈਟ ਕਲੱਬ, ਖੁੱਲ੍ਹੇ ਕਾਮ ਸਬੰਧ ਤੇ ਨਸ਼ਿਆਂ ਦਾ ਵਪਾਰ ਅੱਜ ਹਰ ਪਾਸੇ ਅਤੇ ਪਿੰਡਾਂ 'ਚ ਵੀ ਪਸਰ ਗਿਆ ਹੈ। ਵਿਹਲੜ ਲੋਕਾਂ ਲਈ ਜਿੰਮ ਅਤੇ ਯੋਗਾ ਕੇਂਦਰ ਵੀ ਫੈਲ ਪਸਰ ਰਹੇ ਹਨ।

ਅਸਲ ਵਿਚ ਅੱਜ ਅਸੀਂ ਜੋ ਵੇਖ ਰਹੇ ਹਾਂ ਇਹ ਮਨੁੱਖ ਦਾ ਵਿਕਾਸ ਨਹੀਂ ਹੋ ਰਿਹਾ ਸਗੋਂ ਮਨੁੱਖੀ ਨਿਘਾਰ ਦੀ ਚਰਮ ਸੀਮਾ ਹੈ। ਇਹ ਅਖੌਤੀ ਵਿਕਾਸ ਨਾ ਸਿਰਫ ਮਨੁੱਖਤਾ ਦਾ ਦੁਸ਼ਮਣ ਹੈ ਸਗੋਂ ਇਸ ਨੇ ਕੁਦਰਤ ਨਾਲ ਵੀ ਦੁਸ਼ਮਣੀ ਸਹੇੜ ਲਈ ਹੈ। ਸਾਮਰਾਜੀ ਪੂੰਜੀਵਾਦ ਨੇ ਸਮੁੱਚੀ ਮਨੁੱਖਤਾ ਨੂੰ ਕੁਦਰਤੀ ਹਕੀਕਤ ਨਾਲੋਂ ਤੋੜ ਕੇ ਆਪਣੇ ਕਲਪੇ ਸੰਸਾਰ ਵਿਚ ਜਿਉਣ ਲਈ ਮਜਬੂਰ ਕਰ ਦਿੱਤਾ ਹੈ। ਇਸ ਕਲਪੇ ਸੰਸਾਰ ਦੀ ਖਪਤਕਾਰੀ ਧੁੱਸ ਵਿਚ ਅਮੀਰ ਤੇ ਮੱਧ ਵਰਗ ਨਾ ਸਿਰਫ ਕੁਦਰਤੀ ਸਾਧਨਾਂ ਦਾ ਬੇਲੋੜਾ ਉਜਾੜਾ ਕਰ ਰਹੇ ਹਨ, ਸਗੋਂ ਇਹ ਬੇਹਿਸਾਬੀ ਮਨੁੱਖੀ ਕਿਰਤ ਸ਼ਕਤੀ ਨੂੰ ਅਜਾਈਂ ਗੁਆ ਰਹੇ ਹਨ। ਗੈਰ-ਉਪਜਾਊ ਕੰਮਾਂ ਵਿਚ ਲੱਗੀ ਮਨੁੱਖਾਂ ਸ਼ਕਤੀ ਦੇ ਅਜਾਈਂ ਜਾਣ ਦੀ ਇਹ ਮੂੰਹ ਬੋਲਦੀ ਤਸਵੀਰ ਹੈ। ਇਸ ਨਾਲ ਨਾ ਸਿਰਫ ਹਜ਼ਾਰਾਂ ਸਾਲਾਂ ਵਿਚ ਬਣੇ ਮਨੁੱਖੀ ਰਿਸ਼ਤਿਆਂ ਦਾ ਕਬਾੜਾ ਹੋ ਰਿਹਾ ਹੈ, ਸਗੋਂ ਮਨੁੱਖ ਆਪਣੀ ਕੁਦਰਤੀ ਫਿਤਰਤ ਭੁੱਲ ਕੇ ਆਪਣੇ ਹੀ ਸਰੀਰ ਨਾਲ ਖਿਲਵਾੜ ਕਰ ਰਿਹਾ ਹੈ। ਇਸ ਹਾਲਤ ਨੂੰ ਫੌਰੀ ਬਦਲੇ ਜਾਣ ਦੀ ਲੋੜ ਹੈ।

ਅੱਜ ਜਦੋਂ ਕਿ ਦੇਸ਼ ਭਰ ਦੇ ਆਰਥਿਕ ਤੇ ਕੁਦਰਤੀ ਸਾਧਨ ਕੁਝ ਹੱਥਾਂ ਵਿਚ ਕੇਂਦਰਿਤ ਹੋ ਰਹੇ ਹਨ, ਕੁਝ ਧਨਾਢਾਂ ਅਤੇ ਇਨ੍ਹਾਂ ਦੇ ਦਲਾਲ ਬਣੇ ਮੱਧ ਵਰਗ ਦੇ ਇਕ ਹਿੱਸੇ ਨੂੰ ਛੱਡ ਕੇ ਬਾਕੀ ਸਾਰੇ ਲੋਕ ਆਪਣੀ ਜ਼ਿੰਦਗੀ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਇਨ੍ਹਾਂ ਬਚੇ-ਖੁਚੇ ਸਾਧਨਾਂ ਦੀ ਖੋਹ-ਖਿੰਝ ਵਿਚ ਹਰਫਲੇ ਫਿਰ ਰਹੇ ਹਨ, ਤਾਂ ਇਸ ਹਾਲਤ ਵਿਚ ਆਪਣੇ ਨਾਲ ਹੁੰਦੇ ਵਿਤਕਰੇ ਪ੍ਰਤੀ ਜਾਗਰੂਕ ਹੋ ਰਹੇ ਦਲਿਤ ਵਰਗਾਂ ਵਿਚ ਸਿਰ ਉੱਚਾ ਕਰਕੇ ਜਿਉਣ ਦੀ ਤਾਂਘ ਪੈਦਾ ਹੋ ਰਹੀ ਹੈ ਅਤੇ ਉਹ ਵੀ ਇਸ ਹਿੱਸੇਦਾਰੀ ਵਿਚ ਸ਼ਾਮਲ ਹੋ ਰਹੇ ਹਨ। ਸਾਮਰਾਜੀ-ਬ੍ਰਾਹਮਣੀ ਪ੍ਰਬੰਧ ਦੀ ਅਸਲੀਅਤ ਤੋਂ ਅਣਜਾਣ ਲੋਕ ਕਿਸੇ ਵੇਲੇ ਵੀ ਲੁਟੇਰੇ ਹਾਕਮਾਂ ਵੱਲੋਂ ਜਾਤੀ ਜੰਗ ਵਿਚ ਉਲਝਾਏ ਜਾ ਸਕਦੇ ਹਨ। ਇਹ ਜਾਤੀ ਜੰਗ ਖੂਨੀ ਟੱਕਰਾਂ ਦਾ ਰੂਪ ਵੀ ਲੈ ਸਕਦੀ ਹੈ। ਇਸ ਲਈ ਜਾਤ-ਪਾਤੀ ਭਾਰਤ ਦਾ ਭਵਿੱਖ ਬਹੁਤ ਧੁੰਦਲਾ ਹੈ। ਸੁਚੇਤ ਲੋਕਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਸ ਭਰਾ ਮਾਰੂ ਜੰਗ ਦੀ ਬਜਾਇ ਲੋਕਾਂ ਦੀ ਸਰਬਪੱਖੀ ਮੁਕਤੀ ਦੇ ਸੰਘਰਸ਼ ਨੂੰ ਲਾਮਬੰਦ ਕਰਨ ਅਤੇ ਸਾਮਰਾਜੀ ਪੂੰਜੀਵਾਦ ਅਤੇ ਬ੍ਰਾਹਮਣਵਾਦ ਵਿਰੁੱਧ ਇਸ ਤਰ੍ਹਾਂ ਲਾਮਬੰਦੀ ਕੀਤੀ ਜਾਵੇ ਕਿ ਭਾਰਤ ਭਰ ਦੇ ਕੌਮੀ ਭਾਈਚਾਰਿਆਂ ਨੂੰ ਇਕ ਲੜੀ ਵਿਚ ਪ੍ਰੋਅ ਕੇ ਕੁਦਰਤ ਮੁਖੀ ਅਤੇ ਹਕੀਕੀ ਲੋੜਾਂ ਉਤੇ ਆਧਾਰਿਤ ਹਰ ਤਰ੍ਹਾਂ ਦੀ ਬਰਾਬਰੀ ਦੇ ਸਮਾਜਵਾਦੀ ਸਮਾਜ ਦੀ ਉਸਾਰੀ ਵੱਲ ਅੱਗੇ ਵਧਿਆ ਜਾਵੇ। ਪੰਜਾਬ ਦੇ ਪ੍ਰਸੰਗ ਵਿਚ ਵੀ ਦਲਿਤ ਵਰਗਾਂ ਤੇ ਅਗਾਂਹਵਧੂ ਲੋਕਾਂ ਦੀ ਇਹੀ ਰਾਜਨੀਤਕ ਸਫਬੰਦੀ ਅੱਗੇ ਆਉਣੀ ਚਾਹੀਦੀ ਹੈ। ਭਾਰਤ ਦਾ ਕਮਿਊਨਿਸਟ ਇਨਕਲਾਬ ਬੁੱਧ ਅਤੇ ਅੰਬੇਡਕਰ ਦੀ ਫਿਲਾਸਫੀ ਨੂੰ ਨਾਲ ਲੈ ਕੇ ਹੀ ਅੱਗੇ ਵਧ ਸਕੇਗਾ। ਪੰਜਾਬ ਅੰਦਰ ਇਸ ਕਮਿਊਨਿਸਟ ਇਨਕਲਾਬ ਨੂੰ ਜਿੱਥੇ ਗੁਰੂਆਂ ਦੀ ਛੋਹ ਪ੍ਰਾਪਤ ਹੋਵੇਗੀ ਉੱਥੇ ਖਾਲਸਾਈ ਇਨਕਲਾਬ ਇਸ ਦਾ ਆਧਾਰ ਬਣੇਗਾ। ਦੇਸ਼ ਦੀਆਂ ਹੋਰਨਾਂ ਅੱਡ-ਅੱਡ ਕੌਮੀਅਤਾਂ ਦੇ ਇਨਕਲਾਬ ਉੱਥੋਂ ਦੀਆਂ ਬ੍ਰਾਹਮਣਵਾਦ ਵਿਰੋਧੀ ਲਹਿਰਾਂ ਦੇ ਕੰਧੇੜੇ ਚੜ੍ਹ ਕੇ ਹੀ ਸਫਲ ਹੋ ਸਕਣਗੇ।

## ਭਾਰਤ ਦੀ ਵੰਡ ਲਈ ਜਿਨਾਹ ਹੀ ਨਹੀਂ ਆਰ ਐਸ ਐਸ ਤੇ ਅੰਗਰੇਜ਼ ਵੀ ਜ਼ਿੰਮੇਵਾਰ

ਗਈ। ਜਦੋਂ ਕਾਂਗਰਸ ਨਾਲ ਜੁੜੇ ਮੁਸਲਮਾਨ ਖੁਦ ਨੂੰ ਅਲੱਗ-ਥਲੱਗ ਮਹਿਸੂਸ ਕਰਨ ਲੱਗੇ ਤਾਂ ਜਿਨਾਹ ਦੀ ਮੁਸਲਿਮ ਲੀਗ ਨੇ ਆਪਣੀ ਸਿਆਸਤ ਚਮਕਾਉਣ ਲਈ ਇਸ ਦਾ ਪੂਰਾ ਫਾਇਦਾ ਚੁੱਕਿਆ। ਗੌਰ ਕਰਨ ਵਾਲੀ ਗੱਲ ਹੈ ਕਿ ਅੰਗਰੇਜ਼ਾਂ ਨੇ ਮੁਸਲਿਮ ਲੀਗ ਅਤੇ ਹਿੰਦੂ ਮਹਾਂਸਭਾ ਦੋਵਾਂ ਨੂੰ ਉਕਸਾਇਆ, ਕਿਉਂਕਿ ਉਹ ਉਨ੍ਹਾਂ ਦੇ ਨਾਲ ਨਹੀਂ ਲੜ ਰਹੇ ਸਨ ਜਦਕਿ 1942 ਵਿੱਚ 'ਭਾਰਤ ਛੱਡੋ ਅੰਦੋਲਨ' ਦੌਰਾਨ ਤਕਰੀਬਨ ਸਾਰੇ ਵੱਡੇ ਕਾਂਗਰਸੀ ਨੇਤਾਵਾਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਸੀ। ਅਜਿਹੇ ਵਿਚ ਫਿਰਕੂ ਲੋਕਾਂ ਨੂੰ ਸੁਨਹਿਰਾ ਮੌਕਾ ਮਿਲਿਆ। ਜੇ ਤੁਸੀਂ ਸਮਝਦੇ ਹੋ ਕਿ ਮੁਸਲਿਮ ਲੀਗ ਅਤੇ ਹਿੰਦੂ ਮਹਾਂਸਭਾ ਵਿਚਾਲੇ ਕੋਈ ਝਗੜਾ ਸੀ ਤਾਂ ਤੁਹਾਨੂੰ ਇਹ ਜ਼ਰੂਰ ਜਾਣਨਾ ਪਵੇਗਾ ਕਿ ਜਦੋਂ ਕਾਂਗਰਸ ਦੇ ਨੇਤਾ ਜੇਲ੍ਹ ਵਿੱਚ ਸਨ ਤਾਂ ਬੰਗਾਲ, ਸੂਬਾ ਸਰਹੰਦ ਅਤੇ ਸਿੰਧ ਵਿਚ ਉਹ ਮਿਲ ਕੇ ਸਰਕਾਰਾਂ ਚਲਾ ਰਹੇ ਸਨ। ਇਸ ਨਾਲ ਉਨ੍ਹਾਂ ਦੀ ਫਿਰਕੂ ਸਿਆਸਤ ਹੋਰ ਮਜ਼ਬੂਤ ਹੋਈ ਅਤੇ ਗਾਂਧੀ-ਨਹਿਰੂ ਨੇ ਜੋ ਹਿੰਦੂ-ਮੁਸਲਿਮ ਏਕਤਾ ਦੀ ਨੀਂਹ ਰੱਖੀ ਸੀ, ਉਹ ਵੀ ਕਮਜ਼ੋਰ ਹੋ ਗਈ। ਸਮਾਜਵਾਦੀ ਨੇਤਾ ਰਾਮ ਮਨੋਹਰ ਲੋਹੀਆ ਨੇ ਆਪਣੀ ਕਿਤਾਬ 'ਗਿਲਟੀ ਮੈਨ ਆਫ ਪਾਰਟੀਸ਼ਨ' ਵਿੱਚ ਲਿਖਿਆ ਹੈ ਕਿ ਕਈ ਵੱਡੇ ਕਾਂਗਰਸੀ ਨੇਤਾ ਜਿਨ੍ਹਾਂ ਵਿੱਚ ਨਹਿਰੂ ਵੀ ਸ਼ਾਮਿਲ ਸਨ, ਸੱਤਾ ਦੇ ਭੁੱਖੇ ਸਨ ਜਿਨ੍ਹਾਂ ਕਾਰਨ ਦੇਸ਼ ਦੀ ਵੰਡ ਹੋਈ।

## ਹਿੰਦੂ ਭਾਈਚਾਰੇ ਤੇ ਦਲਿਤਾਂ 'ਚ ਫਿਰ ਤਣਾਅ

ਅੱਗੇ ਤੁਰ ਪਏ। ਉਨ੍ਹਾਂ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਤੋਂ ਪਹਿਲਾਂ ਉਕਤ ਵਿਅਕਤੀਆਂ ਨੇ ਮਿੰਟੂ ਪੁੱਤਰ ਕਿਸ਼ਨ ਚੰਦ ਵਰਮਾ ਵਾਸੀ ਮੁਹੱਲਾ ਦੁਗਲਾ ਨਜ਼ਦੀਕ ਬਿਜਲੀ ਘਰ ਹਦੀਆਬਾਦ ਦੇ ਦੁਕਾਨ ਦੇ ਬਾਹਰ ਖੜ੍ਹੀ ਜੀਪ ਦੇ ਸ਼ੀਸ਼ੇ ਵੀ ਤੋੜੇ ਹਨ। ਇਸੇ ਤਰ੍ਹਾਂ ਉਨ੍ਹਾਂ ਦੀ ਇੰਡੀਕਾ ਕਾਰ ਦਾ ਪਿਛਲਾ ਸ਼ੀਸ਼ਾ ਤੋੜ ਦਿੱਤਾ ਗਿਆ। ਉਧਰ, ਮਹੇਸ਼ ਭਾਟੀਆ ਵਾਸੀ ਡੀਡੀਆ ਮੁਹੱਲਾ ਹਦੀਆਬਾਦ ਦੀ ਸੈਂਟਰੋ ਕਾਰ ਦਾ ਸ਼ੀਸ਼ਾ ਤੋੜਿਆ। ਪੁਲਸ ਨੇ ਉਕਤ ਵਿਅਕਤੀਆਂ ਵਿਚੋਂ ਇਕ ਦੀ ਪਛਾਣ ਕਰਦੇ ਹੋਏ ਉਸ ਸਮੇਤ ਬਾਕੀ ਸਾਥੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਇਸ ਦੌਰਾਨ ਐੱਸ. ਪੀ. ਫਗਵਾੜਾ ਪੀ. ਐੱਸ. ਭੰਡਾਲ ਨੇ ਕਿਹਾ ਕਿ ਉਕਤ ਮਾਮਲੇ ਵਿਚ ਜੋ ਵੀ ਦੋਸ਼ੀ ਹੋਵੇਗਾ, ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਘਟਨਾ ਤੋਂ ਬਾਅਦ ਹਿੰਦੂ ਭਾਈਚਾਰੇ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

## ਅਮਰੀਕਾ, ਇੰਗਲੈਂਡ ਤੇ ਜਰਮਨੀ ਦੇ ਹਥਿਆਰ ਪੰਜਾਬ 'ਚ ਆਉਣ ਬਾਰੇ ਭੇਦ ਬਰਕਰਾਰ

ਤਿੰਨੋਂ ਇਸ ਸਮੇਂ ਬਠਿੰਡਾ, ਕਪੂਰਥਲਾ, ਪਟਿਆਲਾ ਜੇਲ੍ਹ ਵਿਚ ਹਨ ਪਰ ਪੁਲੀਸ ਨੇ ਇਨ੍ਹਾਂ ਤੋਂ ਪੁਛਗਿੱਛ ਹੀ ਨਹੀਂ ਕੀਤੀ। ਇਸ ਤੋਂ ਇਲਾਵਾ ਮੁਹਾਲੀ ਦੇ ਦਵਿੰਦਰ ਸਿੰਘ, ਕਰਮਜੀਤ ਸਿੰਘ ਤੇ ਰਾਜਪੁਰਾ ਗੰਨ ਹਾਊਸ ਦਿੱਲੀ ਨਿਵਾਸੀ ਮਨਜੀਤ ਸਿੰਘ ਮਾਹਲ ਤੋਂ ਵੀ ਪੁਛਗਿੱਛ ਨਹੀਂ ਹੋਈ। ਦੱਸ ਦੇਈਏ ਕਿ ਦਿੱਲੀ ਦੇ ਗੈਂਗਸਟਰ ਵਿਕਰਮ ਉਰਫ ਪਾਰਸ ਨੂੰ ਵੀ ਇਸ ਗੈਂਗ ਨੇ ਵਿਦੇਸ਼ੀ ਹਥਿਆਰ ਦਿੱਤੇ ਸਨ, ਜਿਨ੍ਹਾਂ ਤੋਂ ਉਸ ਨੇ ਕੋਟਕਪੂਰਾ ਵਿਚ ਗੰਨ ਪੁਆਇੰਟ 'ਤੇ ਫਾਰਚੂਨਰ ਗੱਡੀ ਲੁੱਟੀ ਤੇ ਬਾਅਦ ਵਿਚ ਦਿੱਲੀ ਵਿਚ ਮਾਰਿਆ ਗਿਆ। ਗੈਂਗਸਟਰ ਤੋਂ ਨੇਤਾ ਬਣੇ ਜਸਵਿੰਦਰ ਸਿੰਘ ਰੌਕੀ ਨੂੰ ਵੀ ਇਸ ਗੈਂਗ ਨੇ 9 ਐਮ ਐਮ ਪਿਸਟਲ ਤੇ ਏਕੇ-38 ਬੋਰ ਦਾ ਵਿਦੇਸ਼ੀ ਰਿਵਾਲਵਰ ਦਿੱਤਾ ਸੀ, ਜਿਸ ਨੂੰ ਫਰੀਦਕੋਟ ਪੁਲੀਸ ਨੇ ਬਰਾਮਦ ਕੀਤਾ ਸੀ। ਅਮਰੀਕਾ ਤੋਂ ਸਮੱਗਲ ਹੋ ਕੇ ਆਏ ਹਥਿਆਰਾਂ ਦੀ ਸਪੁਰਦਦਾਰੀ ਲਈ ਫਰੀਦਕੋਟ ਸਿਟੀ ਥਾਣਾ ਪੁਲੀਸ ਵਲੋਂ ਐਨਓਸੀ ਦੇਣ ਦੇ ਮਾਮਲੇ ਵਿਚ ਫਿਰੋਜਪੁਰ ਰੇਂਜ ਦੇ ਆਈਜੀ ਗੁਰਿੰਦਰ ਸਿੰਘ ਨੇ ਫਰੀਦਕੋਟ ਦੇ ਐਸ ਐਸ ਪੀ ਨਾਨਕ ਸਿੰਘ ਤੋਂ 7 ਦਿਨ ਵਿਚ ਰਿਪੋਰਟ ਤਲਬ ਕੀਤੀ ਹੈ। ਯਾਦ ਰਹੇ ਕਿ 2014 ਵਿਚ ਫਰਜ਼ੀ ਬਿਲਾਂ ਨਾਲ ਫੜੇ ਗਏ ਤਕਰੀਬਨ 13 ਵਿਦੇਸ਼ੀ ਹਥਿਆਰਾਂ ਵਿਚੋਂ 12 ਨੂੰ ਪੁਲੀਸ ਵਲੋਂ ਦਿੱਤੇ ਗਏ ਐਨਓਸੀ ਆਧਾਰ 'ਤੇ ਸਪੁਰਦਦਾਰੀ ਉਤੇ ਰਿਲੀਜ਼ ਕਰ ਦਿੱਤਾ ਗਿਆ, ਜਦ ਕਿ ਪੁਲੀਸ ਨੇ ਇਨ੍ਹਾਂ ਹਥਿਆਰਾਂ ਨੂੰ ਤਸਕਰੀ ਦੇ ਹਥਿਆਰ ਬਣਾ ਕੇ ਜ਼ਬਤ ਕੀਤਾ ਸੀ। ਉਸ ਸਮੇਂ ਬਠਿੰਡਾ ਰੇਂਜ ਦੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਇਸ ਮਾਮਲੇ ਵਿਚ ਦੱਸਿਆ ਸੀ ਕਿ ਹਥਿਆਰ ਮਿਆਂਮਾਰ ਦੇ ਰਸਤੇ ਅਮਰੀਕਾ ਤੋਂ ਸਮੱਗਲ ਹੋ ਕੇ ਆਏ ਸਨ।

## ਆਖ਼ਰ ਅਦਾਲਤੀ ਸਿਕੰਜੇ ਚੋਂ ਮੁਕਤ ਹੋਇਆ ਨਵਜੋਤ ਸਿੱਧੂ

ਕੁੱਟਮਾਰ ਕਰਕੇ ਜ਼ਖ਼ਮੀ ਕਰਨ 'ਤੇ ਧਾਰਾ 304 ਹੇਠ ਗ਼ੈਰ-ਇਰਾਦਾ ਕਤਲ ਦਾ ਕੇਸ ਚਲਦਾ ਸੀ। ਪਟਿਆਲਾ ਦੇ ਸ਼ੇਰਾਂ ਵਾਲਾ ਗੇਟ ਨਜ਼ਦੀਕ 27 ਦਸੰਬਰ 1988 ਨੂੰ ਵਾਪਰੀ ਇੱਕ ਘਟਨਾ ਦੌਰਾਨ ਗੁਰਨਾਮ ਸਿੰਘ (65) ਦੀ ਸੜਕ ਹਾਦਸੇ ਬਾਅਦ ਕੁੱਟਮਾਰ ਕਰਕੇ ਸਿੱਧੂ ਤੇ ਉਸ ਦਾ ਸਾਥੀ ਖਿਸਕ ਗਏ ਸਨ ਅਤੇ ਗੁਰਨਾਮ ਸਿੰਘ ਦੀ ਹਸਪਤਾਲ ਵਿੱਚ ਮੌਤ ਹੋ ਗਈ ਸੀ। ਇਸ ਕੇਸ ਵਿੱਚ ਮੁਕੱਦਮੇ ਦੀ ਸੁਣਵਾਈ ਕਰਨ ਵਾਲੀ ਹੇਠਲੀ ਅਦਾਲਤ ਨੇ ਸਿੱਧੂ ਨੂੰ ਬਰੀ ਕਰ ਦਿੱਤਾ ਸੀ ਪਰ ਪੰਜਾਬ-ਹਰਿਆਣਾ ਹਾਈ ਕੋਰਟ ਨੇ ਦਸੰਬਰ 2006 ਵਿੱਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਉਲਟਾਉਂਦਿਆਂ ਆਈਪੀਸੀ ਦੀ ਧਾਰਾ 304 (2) ਤਹਿਤ ਸਿੱਧੂ ਨੂੰ ਗ਼ੈਰ-ਇਰਾਦਾ ਕਤਲ ਦਾ ਦੋਸ਼ੀ ਪਾਇਆ ਸੀ ਅਤੇ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਸਿੱਧੂ ਨੇ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਕੀਤੀ ਸੀ। ਟੂਰਿਜ਼ਮ ਮੰਤਰੀ ਵੱਲੋਂ ਸੀਨੀਅਰ ਵਕੀਲ ਆਰ.ਐਸ. ਚੀਮਾ ਪੇਸ਼ ਹੋਏ ਸਨ ਜਿਨ੍ਹਾਂ ਗੁਰਨਾਮ ਸਿੰਘ ਦੀ ਮੌਤ ਬਾਰੇ ਮੈਡੀਕਲ ਰਿਪੋਰਟ ਨੂੰ ਅਸਪਸ਼ਟ ਦੱਸਿਆ ਸੀ।

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਮੈਨੂੰ ਨਿਆਂਪਾਲਿਕਾ ਅਤੇ ਦੇਸ਼ ਦੀ ਨਿਆਂ ਪ੍ਰਕਿਰਿਆ 'ਤੇ ਪੂਰਾ ਭਰੋਸਾ ਸੀ ਕਿ ਮੇਰੇ ਨਾਲ ਇਨਸਾਫ਼ ਹੋਵੇਗਾ ਅਤੇ ਇਸ ਫੈਸਲੇ ਨਾਲ ਇਹ ਭਰੋਸਾ ਹੋਰ ਦ੍ਰਿੜ੍ਹ ਹੋਇਆ ਹੈ।' ਉਨ੍ਹਾਂ ਸਮੂਹ ਪੰਜਾਬੀਆਂ ਦਾ ਧੰਨਵਾਦ ਕਰਦਿਆਂ ਆਪਣੀ ਪੂਰੀ ਜ਼ਿੰਦਗੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਲੇਖੇ ਲਾਉਣ ਲਈ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਹੈ। ਸ੍ਰੀ ਸਿੱਧੂ ਨੇ ਫੈਸਲਾ ਆਉਣ ਉਪਰੰਤ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਵੱਲੋਂ ਪ੍ਰਗਟਾਏ ਵਿਸ਼ਵਾਸ ਅਤੇ ਵਧਾਈ ਦੇਣ 'ਤੇ ਧੰਨਵਾਦ ਕੀਤਾ ਤੇ ਕਿਹਾ, 'ਮੈਂ ਆਪਣੀ ਸਾਰੀ ਜ਼ਿੰਦਗੀ ਕਾਂਗਰਸ ਪਾਰਟੀ ਨੂੰ ਸਮਰਪਿਤ ਕਰਦਾ ਹਾਂ।'

ਇਸ ਮੌਕੇ ਸ੍ਰੀ ਸਿੱਧੂ ਦੇ ਦੋਸਤ ਰੁਪਿੰਦਰ ਸਿੰਘ ਸੰਧੂ ਵੀ ਹਾਜ਼ਰ ਸਨ ਜਿਹੜੇ ਇਸੇ ਕੇਸ ਵਿੱਚ ਬਰੀ ਹੋਏ ਹਨ।

ਮੰਤਰੀ ਨੂੰ ਵਧਾਈ ਦੇਣ ਵਾਲਿਆਂ ਦਾ ਸਾਰਾ ਦਿਨ ਤਾਂਤਾ ਲੱਗਿਆ ਰਿਹਾ। ਸ੍ਰੀ ਸਿੱਧੂ ਨੂੰ ਜਿੱਥੇ ਪੰਜਾਬ ਮਾਮਲਿਆਂ ਬਾਰੇ ਕਾਂਗਰਸ ਦੀ ਇੰਚਾਰਜ ਸ੍ਰੀਮਤੀ ਆਸ਼ਾ ਕੁਮਾਰੀ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਧਾਈ ਦਿੱਤੀ, ਉਥੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਮਾਲ ਅਤੇ ਜਲ ਸਰੋਤ ਪ੍ਰਬੰਧਨ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਵਿਧਾਇਕ ਪਰਮਿੰਦਰ ਸਿੰਘ ਪਿੰਕੀ, ਗੁਰਕੀਰਤ ਸਿੰਘ ਕੋਟਲੀ ਤੇ ਕੁਲਬੀਰ ਸਿੰਘ ਜ਼ੀਰਾ ਵਧਾਈ ਦੇਣ ਘਰ ਆਏ। ਇਸੇ ਦੌਰਾਨ ਸਪੀਕਰ ਰਾਣਾ ਕੇ.ਪੀ.ਸਿੰਘ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਵੀ ਵਧਾਈ ਦਿੱਤੀ।

## ਪੰਜਾਬ 'ਚ ਏਡਜ਼ ਦੇ ਮਰੀਜ਼ ਵਧੇ

**ਪਟਿਆਲਾ/ਬਿਊਰੋ ਨਿਊਜ਼ :**

ਪੰਜਾਬ ਵਿੱਚ ਐੱਚ.ਆਈ.ਵੀ. ਪਾਜ਼ੇਟਿਵ ਮਰੀਜ਼ਾਂ ਦੀ ਗਿਣਤੀ ਦੋ ਸਾਲਾਂ ਵਿੱਚ ਪੱਚੀ ਹਜ਼ਾਰ ਤੋਂ ਵੀ ਵਧ ਵਧੀ ਹੈ। ਇਸ ਸਬੰਧੀ ਸਾਲ 2015 ਵਿੱਚ ਹੋਏ ਸਰਵੇਖਣ ਮੁਤਾਬਿਕ ਉਦੋਂ ਐੱਚ.ਆਈ.ਵੀ ਪਾਜ਼ੇਟਿਵ ਮਰੀਜ਼ਾਂ ਦੀ ਗਿਣਤੀ 35194 ਸੀ ਪਰ ਦਸੰਬਰ 2017 ਤੱਕ ਦੇ ਸਰਵੇ ਦੌਰਾਨ ਇਨ੍ਹਾਂ ਮਰੀਜ਼ਾਂ ਦੀ ਗਿਣਤੀ ਵਧ ਕੇ 61945 ਹੋ ਗਈ ਹੈ। ਇਸ ਤਰ੍ਹਾਂ ਦੋ ਸਾਲਾਂ ਵਿੱਚ ਐੱਚ.ਆਈ.ਵੀ. ਪਾਜ਼ੇਟਿਵ ਦੇ 35151 ਮਰੀਜ਼ਾਂ ਦੀ ਗਿਣਤੀ ਵਧੀ ਹੈ। ਇਹ ਰਿਪੋਰਟ 'ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ' ਦੇ ਅੰਕੜਿਆਂ 'ਤੇ ਆਧਾਰਿਤ ਹੈ। 'ਪੰਜਾਬ ਸਟੇਟ ਏਡਜ ਕੰਟਰੋਲ ਸੁਸਾਇਟੀ' ਦੇ ਪ੍ਰਾਜੈਕਟ ਡਾਇਰੈਕਟਰ ਡਾ. ਬੀ.ਪੀ. ਨਿਵਾਸਨ ਦਾ ਕਹਿਣਾ ਹੈ ਕਿ ਅਜਿਹੇ ਮਰੀਜ਼ ਸਾਹਮਣੇ ਜ਼ਰੂਰ ਆਏ ਹਨ, ਉਂਜ ਇਹ ਸਾਰੇ ਨਵੇਂ ਮਰੀਜ਼ ਨਹੀਂ ਆਖੇ ਜਾ ਸਕਦੇ। ਉਨ੍ਹਾਂ ਦਾ ਕਹਿਣਾ ਸੀ ਕਿ ਬਹੁਤੇ ਮਰੀਜ਼ ਵੱਖ-ਵੱਖ ਕਾਰਨਾਂ ਕਰਕੇ ਇਸ ਬਿਮਾਰੀ ਦਾ ਖ਼ੁਲਾਸਾ ਹੋਣ ਤੋਂ ਡਰਦੇ ਹਨ। ਇਸ ਸਬੰਧੀ ਵੱਖ-ਵੱਖ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਦੇ ਸਿੱਟੇ ਵਜੋਂ ਹੀ ਮਰੀਜ਼ ਇਲਾਜ ਲਈ ਸਾਹਮਣੇ ਆਉਣ ਲੱਗੇ ਹਨ, ਜਿਸ ਦੌਰਾਨ ਹੀ ਇਹ ਅੰਕੜੇ ਸਾਹਮਣੇ ਆਏ ਹਨ।

ਉਂਜ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਅੰਕੜੇ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਲਈ ਪੁੱਜਣ ਵਾਲੇ ਮਰੀਜ਼ਾਂ 'ਤੇ ਹੀ ਅਧਾਰਿਤ ਹਨ। ਇਸ ਵਿੱਚ ਕਿਸੇ ਵੀ ਪ੍ਰਾਈਵੇਟ ਹਸਪਤਾਲ ਤੋਂ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਦੀ ਗਿਣਤੀ ਸ਼ਾਮਲ ਨਹੀਂ ਹੈ।

ਪਟਿਆਲਾ ਦੇ ਸਿਵਲ ਸਰਜਨ ਡਾ. ਹਰੀਸ਼ ਮਲਹੋਤਰਾ ਨੇ ਕਿਹਾ ਕਿ ਐੱਚਆਈਵੀ ਦਾ ਇਲਾਜ ਜਲਦੀ ਸ਼ੁਰੂ ਹੋਣਾ ਹੋਰ ਵੀ ਲਾਹੇਵੰਦ ਹੈ। ਇਨ੍ਹਾਂ ਮਰੀਜ਼ਾਂ ਦਾ ਇਲਾਜ ਵੀ ਮੁਫ਼ਤ ਹੈ। ਸਰਕਾਰੀ ਰਾਜਿੰਦਰਾ ਹਸਪਤਾਲ਼ ਪਟਿਆਲਾ ਵਿੱਚ ਐੱਚ.ਆਈ.ਵੀ. ਟਰੀਟਮੈਂਟ ਸੈਂਟਰ ਹੈ ਤੇ ਆਈਸੀਟੀਸੀ ਕਾਊਂਸਲਰ ਰੱਖੇ ਹੋਏ ਹਨ, ਜੋ ਮਰੀਜ਼ਾਂ ਨੂੰ ਜਾਗਰੂਕ ਕਰਦੇ ਹਨ। ਇਥੇ ਕਈ ਜ਼ਿਲ੍ਹਿਆਂ ਤੋਂ ਮਰੀਜ਼ ਆਉਂਦੇ ਹਨ।

## ਕਰਨਾਟਕ ਚੋਣਾਂ ਦੇ ਨਤੀਜਿਆਂ ਬਾਅਦ ਭੰਬਲਭੂਸਾ

ਕਾਂਗਰਸ ਦੇ ਹੀ ਬਾਗ਼ੀ ਦੱਸੇ ਜਾ ਰਹੇ ਹਨ। ਜੇਡੀ(ਐਸ) ਦੀਆਂ 38 ਸੀਟਾਂ ਵਿੱਚ ਇਸ ਦੇ ਭਾਈਵਾਲਾਂ ਬਸਪਾ ਤੇ ਕੇਪੀਜੇਪੀ ਦੀ ਵੀ ਇਕ-ਇਕ ਸੀਟ ਵੀ ਸ਼ਾਮਲ ਹੈ। ਬਸਪਾ ਨੇ ਦੱਖਣ ਵਿੱਚ ਪਹਿਲੀ ਵਾਰ ਖਾਤਾ ਖੋਲ੍ਹਿਆ ਹੈ। ਗਿਣਤੀ ਸ਼ੁਰੂ ਹੋਣ ਤੋਂ ਬਾਅਦ ਇਕ ਵਾਰ ਤਾਂ ਜਾਪ ਰਿਹਾ ਸੀ ਕਿ ਭਾਜਪਾ ਬਹੁਮਤ ਦੇ ਅੰਕੜੇ ਨੂੰ ਛੂਹ ਲਵੇਗੀ ਅਤੇ ਪੰਜ ਸਾਲ ਬਾਅਦ ਰਾਜ ਦੀ ਸੱਤਾ 'ਚ ਇਸ ਦੀ ਵਾਪਸੀ ਹੋ ਜਾਵੇਗੀ। ਇਸ ਕਾਰਨ ਭਾਜਪਾ ਕਾਰਕੁਨਾਂ ਨੇ ਜਿੱਤ ਦੇ ਜਸ਼ਨ ਮਨਾਉਣੇ ਵੀ ਸ਼ੁਰੂ ਕਰ ਦਿੱਤੇ ਸਨ, ਪਰ ਬਾਅਦ ਵਿੱਚ ਰੁਝਾਨ ਸਾਫ਼ ਹੋਣ ਪਿੱਛੋਂ ਜਸ਼ਨ ਠੱਪ ਹੋ ਗਏ ਤੇ ਭਾਜਪਾ ਦਫ਼ਤਰਾਂ ਵਿੱਚ ਵੀਰਾਨੀ ਛਾ ਗਈ।

ਇਸ ਹਾਲਾਤ ਨੂੰ ਦੇਖਦਿਆਂ ਗੋਆ ਤੇ ਮਨੀਪੁਰ ਆਦਿ ਦੇ ਤਜਰਬਿਆਂ ਤੋਂ ਸਬਕ ਲੈ ਕੇ ਕਾਂਗਰਸ ਨੇ ਫ਼ੌਰੀ ਜੇਡੀ(ਐਸ) ਨੂੰ ਸਰਕਾਰ ਬਣਾਉਣ ਲਈ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ। ਇਸ ਸਬੰਧੀ ਕਾਂਗਰਸ ਦੇ ਸੀਨੀਅਰ ਆਗੂ ਗ਼ੁਲਾਮ ਨਬੀ ਆਜ਼ਾਦ ਨੇ ਕਿਹਾ, "ਸਵੇਰੇ ਤਾਂ ਲੱਗ ਰਿਹਾ ਸੀ ਕਿ ਭਾਜਪਾ ਬਹੁਮਤ ਲੈ ਜਾਵੇਗੀ। ਪਰ ਜਦੋਂ ਭਾਜਪਾ ਦੀਆਂ ਸੀਟਾਂ ਦੀ ਗਿਣਤੀ ਬਹੁਮਤ ਤੱਕ ਨਾ ਪੁੱਜੀ ਤਾਂ ਅਸੀਂ ਸਮਝ ਗਏ ਕਿ ਹੁਣ ਸਾਡੇ ਲਈ ਕਾਰਵਾਈ ਕਰਨ ਦਾ ਮੌਕਾ ਹੈ।"

ਗ਼ੌਰਤਲਬ ਹੈ ਕਿ ਇਸ ਤੋਂ ਪਹਿਲਾਂ ਗੋਆ ਤੇ ਮਨੀਪੁਰ ਵਿੱਚ ਕਾਂਗਰਸ ਦੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਦੇ ਬਾਵਜੂਦ ਭਾਜਪਾ ਸਰਕਾਰਾਂ ਬਣਾਉਣ ਵਿੱਚ ਸਫਲ ਰਹੀ ਸੀ। ਗੱਠਜੋੜ ਵੱਲੋਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨ ਲਈ ਰਾਜਪਾਲ ਨੂੰ ਮਿਲਣ ਵਾਲੇ ਵਫ਼ਦ ਵਿੱਚ ਸ੍ਰੀ ਗੁਲਾਮ ਨਬੀ ਆਜ਼ਾਦ ਤੋਂ ਇਲਾਵਾ ਕਾਂਗਰਸ ਦੇ ਮਲਿਕਅਰਜੁਨ ਖੜਗੇ ਤੇ ਜੇਡੀ(ਐਸ) ਦੇ ਮੁਖੀ ਐਚ.ਡੀ. ਕੁਮਾਰਾਸਵਾਮੀ ਵੀ ਸ਼ਾਮਲ ਸਨ। ਇਸ ਤੋਂ ਪਹਿਲਾਂ ਕਾਂਗਰਸ ਨਾਲ ਸਬੰਧਤ ਮੁੱਖ ਮੰਤਰੀ ਸਿੱਧਾਰਮੱਈਆ ਨੇ ਅਹੁਦੇ ਤੋਂ ਆਪਣਾ ਅਸਤੀਫ਼ਾ ਰਾਜਪਾਲ ਨੂੰ ਸੌਂਪ ਦਿੱਤਾ।

ਦੂਜੇ ਪਾਸੇ ਭਾਜਪਾ ਦੇ ਮੁੱਖ ਮੰਤਰੀ ਲਈ ਉਮੀਦਵਾਰ ਸ੍ਰੀ ਯੇਡੀਯੁਰੱਪਾ ਨੇ ਦੋਸ਼ ਲਾਇਆ ਕਿ ਕਾਂਗਰਸ ਨਾਜਾਇਜ਼ ਢੰਗ ਨਾਲ ਸੱਤਾ ਹਥਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਰਾਜਪਾਲ ਨੂੰ ਮਿਲ ਕੇ ਸਰਕਾਰ ਬਣਾਉਣ ਲਈ ਦਾਅਵਾ ਪੇਸ਼ ਕਰਨ ਪਿੱਛੋਂ ਕਿਹਾ, "ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ। ਅਸੀਂ ਰਾਜਪਾਲ ਨੂੰ ਬੇਨਤੀ ਕੀਤੀ ਹੈ ਕਿ ਸਾਨੂੰ ਸਰਕਾਰ ਬਣਾਉਣ ਦਾ ਮੌਕਾ ਦਿੱਤਾ ਜਾਵੇ ਤੇ ਅਸੀਂ ਸਦਨ ਵਿੱਚ ਬਹੁਮਤ ਸਾਬਤ ਕਰਾਂਗੇ।

ਸਿਆਸੀ ਮਾਹਰਾਂ ਮੁਤਾਬਕ ਕਿਸੇ ਪਾਰਟੀ ਨੂੰ ਬਹੁਮਤ ਨਾ ਮਿਲਣ ਕਾਰਨ ਹੁਣ ਸਭ ਦੀਆਂ ਨਜ਼ਰਾਂ ਰਾਜਪਾਲ ਵਜੂਭਾਈ ਵਾਲਾ ਉਤੇ ਹਨ। ਜਾਣਕਾਰ ਕਹਿੰਦੇ ਹਨ ਕਿ ਉਨ੍ਹਾਂ ਕੋਲ ਦੋ ਬਦਲ ਹਨ, ਪਹਿਲਾ ਇਹ ਕਿ ਉਹ ਸਭ ਤੋਂ ਵੱਡੇ ਦਲ ਦੇ ਰੂਪ ਵਿੱਚ ਉੱਭਰੀ ਭਾਜਪਾ ਨੂੰ ਮੌਕਾ ਦੇਣ। ਦੂਜਾ ਇਹ ਕਿ ਜੇਡੀ(ਐਸ) ਅਤੇ ਕਾਂਗਰਸ ਗੱਠਜੋੜ ਨੂੰ ਸਰਕਾਰ ਬਣਾਉਣ ਲਈ ਸੱਦਣ। ਕਰਨਾਟਕ ਦੇ ਮਾਮਲੇ 'ਚ ਬੋਮਈ ਕੇਸ ਦੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਜ਼ਿਕਰ ਵੀ ਕੀਤਾ ਜਾ ਰਿਹਾ ਹੈ, ਕਿ ਬਹੁਮਤ ਦਾ ਫ਼ੈਸਲਾ ਵਿਧਾਨ ਸਭਾ ਅੰਦਰ ਹੋਣਾ ਚਾਹੀਦਾ ਹੈ।

## ਭਾਰਤ ਦੇ ਅਕਸ ਨੂੰ ਵਿਗਾੜ ਕੇ ਪੇਸ਼ ਕਰਦਾ ਹੈ ਅਮਰੀਕੀ ਮੀਡੀਆ-ਰਾਜਦੂਤ ਸਰਨਾ

ਹੈ ਤਾਂ ਉਹ ਕਹਿਣਗੇ ਇਹਦੇ ਵਿੱਚ ਨਵਾਂ ਕੀ ਹੈ, ਇਹ ਤਾਂ ਹਰ ਥਾਈਂ ਹੋ ਰਿਹਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਫ਼ਿਕਰ ਹੁੰਦੀ ਹੈ ਪਰ ਹੁਣ ਮੈਂ ਇਸ ਕਾਰਨ ਆਪਣੀ ਨੀਂਦ ਖਰਾਬ ਨਹੀਂ ਕਰਦਾ। ਪਹਿਲਾਂ ਪਹਿਲਾਂ ਮੈਂ ਜ਼ਿਆਦਾ ਫ਼ਿਕਰਮੰਦ ਰਹਿੰਦਾ ਸਾਂ।ਇਸ ਤਰ੍ਹਾਂ ਭਾਰਤ ਦਾ ਖਰਾਬ ਅਕਸ ਪੇਸ਼ ਕਰ ਕੇ ਅਮਰੀਕੀ ਮੀਡੀਆ ਆਪਣੇ ਲੋਕਾਂ ਨਾਲ ਹੀ ਨਾਇਨਸਾਫ਼ੀ ਕਰ ਰਿਹਾ ਹੈ।"

ਉਨ੍ਹਾਂ ਕਿਹਾ ਕਿ ਇਸ ਤੋਂ ਪੱਤਰਕਾਰਾਂ ਤੇ ਸੰਪਾਦਕਾਂ ਦੀ ਸੌੜੀ ਸੋਚ ਦਾ ਪਤਾ ਚਲਦਾ ਹੈ ਪਰ ਉਹ ਸਾਡਾ ਕੁਝ ਨਹੀਂ ਵਿਗਾੜ ਸਕਦੇ ਸਗੋਂ ਆਪਣਾ ਹੀ ਨੁਕਸਾਨ ਕਰਦੇ ਹਨ।

## ਦੋਵੇਂ ਧਿਰਾਂ ਪਹੁੰਚੀਆਂ ਅਕਾਲ ਤਖਤ

ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਥਾਵਾਚਕ ਨੇ ਕੋਈ ਗਲਤੀ ਕੀਤੀ ਹੈ ਤਾਂ ਉਸ ਦੀ ਕੁੱਟਮਾਰ ਦੀ ਥਾਂ ਸੰਵਾਦ ਰਾਹੀਂ ਮਸਲਾ ਹੱਲ ਕਰਨਾ ਚਾਹੀਦਾ ਸੀ। ਉਨ੍ਹਾਂ ਆਖਿਆ ਕਿ ਪ੍ਰਚਾਰਕ ਉਤੇ ਕੜੇ ਨਾਲ ਹਮਲੇ ਕੀਤੇ ਗਏ ਹਨ ਤੇ ਭਵਿੱਖ ਵਿੱਚ ਵਿਦੇਸ਼ੀ ਮੁਲਕਾਂ ਵੱਲੋਂ ਕੜੇ 'ਤੇ ਵੀ ਰੋਕ ਲਗ ਸਕਦੀ ਹੈ।

(ਇਸ ਸਬੰਧੀ ਬਾਕੀ ਖ਼ਬਰਾਂ ਇੱਥੇ ਪਾ ਲੈਣੀਆਂ)

## ਸਿੱਖ ਕੌਮ ਵਿਚਲੇ ਵਿਵਾਦ ਸਿਰਫ ਤਿਆਗ ਭਾਵ ਨਾਲ ਹੀ ਖਤਮ ਹੋ ਸਕਦੇ ਹਨ: ਪੰਚ ਪਰਧਾਨੀ ਯੂ. ਕੇ.

ਹਨ ਬਲਕਿ ਇਸ ਤੋਂ ਵੀ ਵੱਧ ਵਖਰੇਵੇਂ ਹਨ।ਉਨ੍ਹਾਂ ਦੀਆਂ ਆਪਸੀ ਜੰਗਾਂ ਦੇ ਵੀ ਹਵਾਲੇ ਹਨ। ਇਸਲਾਮੀ ਜਗਤ ਦੀ ਆਪਸੀ ਖਹਿ ਦੁਨੀਆਂ ਵਿੱਚ ਜਾਹਰ ਹੈ। ਇਸਲਾਮ ਦੇ ਪਹਿਲੇ ਖਲੀਫੇ ਮੁਸਲਮਾਨਾਂ ਦੀ ਆਪਸੀ ਜੰਗ ਵਿੱਚ ਪੂਰੇ ਹੋ ਗਏ। ਇਸੇ ਤਰ੍ਹਾਂ ਹਿੰਦੂ ਕਹਾਉਣ ਵਾਲੇ ਲੋਕਾਂ ਦਾ ਇਤਿਹਾਸ ਤਾਂ ਬਾਕੀ ਸਾਰੇ ਧਰਮਾਂ ਦੇ ਕੁੱਲ ਵਖਰੇਵਿਆਂ ਤੋਂ ਵੀ ਵੱਡਾ ਹੈ। ਇੱਥੋਂ ਤੱਕ ਕਿ ਆਪਣੇ ਆਪ ਨੂੰ ਅਗਾਂਹਵਧੂ ਅਖਵਾਉਣ ਵਾਲੇ ਵਿਗਿਆਨਕ ਸੋਚ ਵਾਲੇ ਮਾਰਕਸੀਆਂ ਦਾ ਇਤਿਹਾਸ ਵੀ ਕੋਈ ਬਹੁਤਾ ਚੰਗਾ ਨਹੀ ਹੈ ਉਹ ਵੀ ਅਣਗਿਣਤ ਵਖਰੇਵਿਆਂ ਦਾ ਸ਼ਿਕਾਰ ਹਨ ਜੋ ਅਕਸਰ ਲੜਾਈ ਤੱਕ ਵੀ ਪਹੁੰਚ ਜਾਂਦੇ ਹਨ। ਇਸ ਪਿਛੋਕੜ ਵਿੱਚ ਸਿੱਖ ਕੌਮ ਦੇ ਵਿਹੜੇ ਵਿੱਚ ਜੋ ਘਟਨਾਵਾਂ ਵਾਪਰੀ ਰਹੀਆਂ ਹਨ ਉਨ੍ਹਾਂ ਨੇ ਸਿੱਖ ਕੌਮ ਨੂੰ ਇੱਕ ਵਾਰ ਵਿਚਾਰਧਾਰਕ ਤੌਰ ਤੇ ਵੀ ਅਤੇ ਬਿਆਨਬਾਜ਼ੀ ਦੇ ਤੌਰ ਤੇ ਵੀ ਦੋ ਧੜਿਆਂ ਵਿੱਚ ਵੰਡ ਦਿੱਤਾ ਹੈ। ਦੋ-ਪਾਸੜ ਬਿਆਨਬਾਜ਼ੀ ਅਤੇ ਸ਼ਕਤੀ ਪਰਦਰਸ਼ਨਾਂ ਦਾ ਦੌਰ ਫਿਰ ਤੋਂ ਸ਼ੁਰੂ ਹੋ ਗਿਆ ਹੈ।

ਪੰਚ ਪਰਧਾਨੀ ਯੂ.ਕੇ. ਇਹ ਸਮਝਦੀ ਹੈ ਕਿ ਜਦੋਂ ਧਾਰਮਕ ਖੇਤਰ ਵਿੱਚ ਅਗਵਾਈ ਢਿੱਲੀ ਪੈ ਜਾਂਦੀ ਹੈ ਤਾਂ ਧਰਮ ਦੇ ਰਾਹ ਤੇ ਤੁਰਨ ਵਾਲੇ ਲੋਕ ਅੱਗੇ ਵਧਣ ਦੀ ਥਾਂ ਇੱਕ ਦੂਜੇ ਵੱਲ ਵਧਣ ਦਾ ਸਫਰ ਤੈਅ ਕਰਦੇ ਹਨ। ਜਦੋਂ ਕਿਸੇ ਸਮਾਜ ਵਿੱਚ ਰਾਜਸੀ ਅਗਵਾਈ ਢਿੱਲੀ ਪੈ ਜਾਂਦੀ ਹੈ ਤਾਂ ਸਮਾਜਕ ਅਤੇ ਰਾਜਸੀ ਝਮੇਲੇ ਆਮ ਘਰਾਂ ਤੱਕ ਆ ਜਾਂਦੇ ਹਨ। ਕਈ ਵਾਰ ਕੋਈ ਸਮਾਜ ਦੋਵਾਂ ਤਰ੍ਹਾਂ ਦੀ ਅਗਵਾਈ ਗਵਾ ਲ਼ੈਂਦਾ ਹੈ ਤਾਂ ਉਹ ਖੜੋਤ ਦਾ ਸ਼ਿਕਾਰ ਬਣ ਜਾਂਦਾ ਹੈ। ਅਜਿਹੀ ਹਾਲਤ ਵਿੱਚ ਕੁਝ ਵਿਵਾਦ ਹੀ ਉਨ੍ਹਾਂ ਦੀ ਸਾਂਝੀ ਜਿੰਦਗੀ ਦਾ ਅਹਾਰ ਬਣ ਜਾਂਦੇ ਹਨ। ਇਹ ਰੁਚੀ ਉਨ੍ਹਾਂ ਲਈ ਜਿੰਦਗੀ ਨੂੰ ਚਲਦਾ ਰੱਖਣ ਲਈ ਭੱਠੀ ਦੇ ਬਾਲਣ ਵਾਂਗ ਜਰੂਰੀ ਹੋ ਜਾਂਦੀ ਹੈ। ਉਨ੍ਹਾਂ ਲਈ ਕਿਸੇ ਮਸਲੇ ਦਾ ਵੱਡਾ ਜਾਂ ਛੋਟਾ ਹੋਣਾਂ ਜਾਂ ਨਵਾਂ ਪੁਰਾਣਾਂ ਹੋਣਾਂ ਕੋਈ ਅਰਥ ਨਹੀ ਰੱਖਦਾ । ਅਜਿਹੀ ਹਾਲਤ ਵਿੱਚ ਵਿਵਾਦ ਇੱਕ ਨਸ਼ੇ ਦਾ ਕੰਮ ਕਰਦੇ ਹਨ ਜੋ ਉਨ੍ਹਾਂ ਨੂੰ ਜਿੰਦਗੀ ਦੀ ਅਸਲੀਅਤ ਤੋਂ ਦੂਰ ਕਿਸੇ ਮਨਚਾਹੀ ਸੁਪਨਰੰਗੀਨੀ ਵਿੱਚ ਰੱਖ ਸਕਣ।

ਇਸੇ ਲਈ ਅਜਿਹੇ ਕਥਿਤ ਧਾਰਮਕ ਵਿਵਾਦਾਂ ਦਾ ਅਸਲ ਵਿੱਚ ਧਰਮ ਨਾਲ ਕੋਈ ਸਬੰਧ ਨਹੀ ਹੁੰਦਾ। ਧਰਮ ਅਨੁਸਾਰ ਤਾਂ ਪਰਖ ਦੇ ਮਾਪਦੰਡ ਇਹੋ ਹੀ ਹਨ ਕਿ ਬੰਦਾ ਆਪਣੇ ਕਥਨ ਕਰਮ ਨੂੰ ਤੋਲੇ ਤੇ ਧਰਮ ਨਿਭਾਵੇ। ਇਸ ਕਰਕੇ ਸਿਆਣੇ ਬੰਦੇ ਅਕਸਰ ਚੁੱਪ ਰਹਿੰਦੇ ਹਨ। ਜਦੋਂ ਬੰਦਾ ਦੂਜਿਆਂ ਦੇ ਕਥਨ ਕਰਮ ਨੂੰ ਤੋਲੇ ਅਤੇ ਉਨ੍ਹਾਂ ਦੇ ਨੁਕਸ ਗਿਣ ਕੇ ਆਪਣੇ ਆਪ ਨੂੰ ਸਹੀ ਸਮਝੇ ਤਾਂ ਇਹ ਧਰਮ ਤੋਂ ਉਲਟਾ ਮਾਪਦੰਡ ਹੁੰਦਾ ਹੈ। ਦੁਨੀਆਂ ਵਿੱਚ ਵਧੇਰੇ ਲੋਕ ਦੂਜਿਆਂ ਨੂੰ ਪਰਖਣ ਵਾਲੀ ਬਿਰਤੀ ਦੇ ਹੁੰਦੇ ਹਨ। ਇਹੋ ਸੁਭਾਅ ਹੀ ਵਿਵਾਦ ਪੈਦਾ ਕਰਨ ਅਤੇ ਚਲਾਉਣ ਲਈ ਲੋੜੀਂਦਾ ਅਧਾਰ ਹੁੰਦਾ ਹੈ।

ਸਿੱਖ ਸ਼ਰਧਾ ਅਨੁਸਾਰ ਧਾਰਮਿਕ ਹੋਣ ਦੀ ਦਾਅਵੇਦਾਰੀ ਤਾਂ ਬਹੁਤ ਦੂਰ ਹੈ। ਇੱਥੇ ਤਾਂ ਦਾਖਲਾ ਵੀ ਨਿਰੋਲ ਕਰਮ ਅਧਾਰਤ ਨਹੀ ਹੈ।ਧਰਮ ਦੇ ਰਾਹ ਤੁਰਨ ਲਈ ਵੀ ਮਿਹਰ ਦੀ ਲੋੜ ਹੈ। ਧਰਮ ਅਨੁਸਾਰ ਜਿੰਦਗੀ ਤਾਂ ਪੈਰ ਪੈਰ ਤੇ ਰੱਬੀ ਮਿਹਰ ਦੀ ਮੁਹਤਾਜ ਹੈ। ਅਜਿਹੇ ਹਾਲਤ ਵਿੱਚ ਕਿਸੇ ਧਾਰਮਿਕ ਬਣਨ ਜਾ ਰਹੇ ਜਾਂ ਬਣੇ ਹੋਏ ਮਨੁੱਖ ਦੇ ਜੀਵਨ ਵਿੱਚ ਵਿਵਾਦ ਲਈ ਥਾਂ ਕਿੱਥੇ ? ਜਦੋਂ ਕੋਈ ਬੰਦਾ ਧਰਮ ਦੀ ਕੀਮਤ ਰਾਜਸੀ ਭਾਵ ਤੋਂ ਤੈਅ ਕਰਦਾ ਹੈ ਤਾਂ ਫਿਰ ਹਰ ਰਿਸ਼ਤੇ ਨੂੰ ਹੀ ਇਸੇ ਭਾਵ ਨਾਲ ਸਮਝਦਾ ਵੇਖਦਾ ਹੈ। ਫਿਰ ਅਜਿਹੇ ਬੰਦਿਆਂ ਦਾ ਜੀਵਨ ਅਮਲ ਧਾਰਮਕ ਹੋਣ ਨਾਲ਼ੋਂ ਨਿੱਜੀ, ਧੜੇਬੰਦਕ ਜਾਂ ਰਾਜਨੀਤਿਕ ਵਧੇਰੇ ਹੋ ਜਾਂਦਾ ਹੈ। ਇਸ ਹਾਲਤ ਵਿੱਚ ਫਿਰ ਵਿਵਾਦ ਹੀ ਪੈਦਾ ਹੁੰਦੇ ਹਨ।

ਕਿਸੇ ਵੀ ਧਰਮ ਦੇ ਇਤਿਹਾਸ ਦਾ ਮਾਣਮੱਤਾ ਹਿੱਸਾ ਉਹ ਸਮਾਂ ਹੁੰਦਾ ਹੈ ਜਦੋਂ ਉਸ ਧਰਮ ਨੂੰ ਮੰਨਣ ਵਾਲੇ ਲੋਕਾਂ ਨੇ ਆਪਣੇ ਇਸ਼ਟ ਦੀ ਮਾਲਕੀ ਨੂੰ ਸੱਚ ਜਾਣਕੇ ਉਹਦੇ ਲਈ ਆਪਣਾਂ ਜੀਵਨ, ਸੇਵਾ ਜਾਂ ਸ਼ਹਾਦਤ ਦੇ ਰੂਪ ਵਿੱਚ ਅਰਪਣ ਕੀਤਾ ਹੁੰਦਾ ਹੈ। ਇਸ ਕਰਕੇ ਧਰਮ ਦੇ ਸੱਚੇ ਪੈਰੋਕਾਰਾਂ ਤੋਂ ਬਿਹਤਰ ਇਸ ਗੱਲ ਨੂੰ ਕੋਈ ਨਹੀ ਜਾਣ ਸਕਦਾ ਕਿ ਵਿਵਾਦ ਸਿਰਫ ਤਿਆਗ ਭਾਵ ਨਾਲ ਹੀ ਖਤਮ ਹੋ ਸਕਦੇ ਹਨ।

## ਸ਼ਬਾਨਾ ਆਜ਼ਮੀ ਔਰਤਾਂ ਬਾਰੇ ਆਲਮੀ ਸੰਸਥਾ ਦੀ ਅੰਤਰਰਾਸ਼ਟਰੀ ਅੰਬੈਸਡਰ ਬਣੀ

ਨੂੰ 'ਗਲੋਬਲ ਲੀਡਰ ਅੰਬੈਸਡਰ' ਚੁਣੇ ਜਾਣ ਉਤੇ ਮਾਣ ਮਹਿਸੂਸ ਕਰਦੀ ਹਾਂ। ਇਹ ਪ੍ਰੌਜੈਕਟ ਇਕ ਅਹਿਮ ਮਿਸ਼ਨ ਹੈ ਜੋ ਕੇਵਲ ਤਾਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜੇਕਰ ਅਸੀਂ ਸਾਰੇ ਔਰਤਾਂ ਨੂੰ ਅੱਗੇ ਵਧਣ ਅਤੇ ਸਮਰੱਥ ਬਣਾਉਣ ਲਈ ਸ਼ਕਤੀ ਦਿੰਦੇ ਹਾਂ।"

ਸ਼ਬਾਨਾ ਆਜ਼ਮੀ ਨੇ ਕਿਹਾ ਕਿ, " ਗਿਣਤੀ ਦੀ ਬਜਾਇ ਪਰਤੱਖ ਸ਼ਮੂਲੀਅਤ ਜ਼ਿਆਦਾ ਮਹੱਤਵ ਰੱਖਦੀ ਹੈ। ਅਸਲੀਅਤ ਚ ਲਿੰਗ ਬਰਾਬਰਤਾ ਤੱਕ ਪਹੁੰਚਣ ਲਈ, ਸਾਨੂੰ ਇਹ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਔਰਤਾਂ ਕਿੱਥੇ ਹਾਜ਼ਰ ਹਨ ਜਾਂ ਕਿਥੇ ਫੈਸਲੇ ਲੈਣ ਵਿਚ ਗੈਰਹਾਜ਼ਰ ਹੁੰਦੀਆਂ ਹਨ। ਇਸੇ ਕਰਕੇ ਜਨਤਕ ਸੇਵਾ ਦੇ ਪ੍ਰੌਜੈਕਟਾਂ ਵਿਚ ਔਰਤਾਂ ਦੀ ਲੀਡਰਸ਼ਿਪ ਨੂੰ ਮਾੜੀ ਹਾਲਤ 'ਚੋਂ ਉਭਾਰਨ ਵਾਸਤੇ ਤੱਥ ਅਤੇ ਅੰਕੜੇ ਆਧਾਰ-ਸਬੂਤ ਹਨ। ਗਿਣਤੀ ਸਾਨੂੰ ਵਿਖਾਉਂਦੀ ਹੈ ਕਿ ਅਸੀਂ ਅੱਜ ਕਿੱਥੇ ਹਾਂ ਅਤੇ ਕਿਵੇਂ ਅਸੀਂ ਦੁਨੀਆਂ ਭਰ ਵਿੱਚ ਸਿਆਸੀ ਲੀਡਰਸ਼ਿਪ ਅਤੇ ਨੀਤੀਆਂ ਵਿੱਚ ਲਿੰਗ ਬਰਾਬਰੀ ਦੇ ਆਖਰੀ ਟੀਚੇ ਨੂੰ ਹਾਸਲ ਕਰ ਸਕਦੇ ਹਾਂ। ਮੈਂ ਇਸ ਜਨਤਕ ਸੇਵਾ ਪ੍ਰਾਜੈਕਟ ਚ ਔਰਤਾਂ ਦੀ ਮਰਦਾਂ ਦੀ ਬਰਾਬਰੀ ਲਈ ਵਿਸ਼ਵ ਪੱਧਰੀ ਯਤਨਾਂ ਨੂੰ ਨਵਿਆਉਣ ਅਤੇ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਨਵੇਂ ਮਾਰਗ ਦੱਸਣ ਲਈ ਤਾਰੀਫ਼ ਕਰਦੀ ਹਾਂ।"

## ਸਿੱਖ ਯੂਥ ਆਫ ਪੰਜਾਬ ਦੇ ਨਵੇਂ ਜਥੇਬੰਦਕ ਢਾਂਚੇ ਦਾ ਗਠਨ

ਸਾਮਿਲ ਹਨ। ਇਸੇ ਤਰ੍ਹਾਂ ਵਰਕਿੰਗ ਕਮੇਟੀ ਵਿੱਚ ਜਗਤਾਰ ਸਿੰਘ ਬਠਿੰਡਾ, ਗੁਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਕਰਮਜੀਤ ਸਿੰਘ, ਦਲਜੀਤ ਸਿੰਘ ਬਾਜ਼, ਹਰਪ੍ਰੀਤ ਸਿੰਘ ਬਠਿੰਡਾ, ਸਤਨਾਮ ਸਿੰਘ ਗੋਰਾਇਆਂ, ਦਿਲਾਵਰ ਸਿੰਘ, ਏਕਮ ਸਿੰਘ, ਸਿਮਰਨਜੀਤ ਸਿੰਘ ਕਾਹਨੂੰਵਾਨ, ਇੰਦਰਜੀਤ ਸਿੰਘ ਕਿਸ਼ਨਕੋਟ, ਗੁਰਬਾਜ਼ ਸਿੰਘ, ਹਰਜੀਤ ਸਿੰਘ, ਸੁਖਜਿੰਦਰ ਸਿੰਘ ਰਈਆ, ਜਤਿੰਦਰ ਸਿੰਘ ਨਰੋਤਮਪੁਰ, ਜਗਦੀਪ ਸਿੰਘ ਜੱਗੀ, ਵਿੱਕੀ ਸਿੰਘ ਖੋਸਾ, ਸੁਖਚੈਨ ਸਿੰਘ ਨਿਆਮੀਵਾਲ, ਦਮਨਜੀਤ ਸਿੰਘ ਖੰਨਾ ਅਤੇ ਨਵਦੀਪ ਸਿੰਘ ਸਾਮਿਲ ਹਨ।

## ਸੁਪਰੀਮ ਕੋਰਟ ਕੌਲਿਜੀਅਮ 'ਚ ਜਸਟਿਸ ਜੋਜ਼ੇਫ ਦਾ ਨਾਂਅ ਮੁੜ ਸਰਕਾਰ ਨੂੰ ਭੇਜਣ ਬਾਰੇ ਸਹਿਮਤੀ

ਹਾਈ ਕੋਰਟ (ਪਿਤਰੀ ਹਾਈ ਕੋਰਟ: ਕੇਰਲ) ਦੀ ਸੁਪਰੀਮ ਕੋਰਟ ਦੇ ਜੱਜ ਵਜੋਂ ਨਿਯੁਕਤੀ ਦੀ ਸਿਫ਼ਾਰਸ਼ ਮੁੜ ਕਰਨ ਲਈ ਸਹਿਮਤੀ ਜਤਾਈ ਹੈ।" ਉਂਜ, ਇਹ ਮੁੜ ਸਿਫ਼ਾਰਸ਼ ਹਾਈ ਕੋਰਟਾਂ ਦੇ ਹੋਰ ਚੀਫ਼ ਜਸਟਿਸਾਂ ਦੀ ਸੁਪਰੀਮ ਕੋਰਟ ਦੇ ਜੱਜਾਂ ਵਜੋਂ ਤਰੱਕੀ ਦੀ ਸਿਫ਼ਾਰਸ਼ ਨਾਲ ਕੀਤੀ ਜਾਵੇਗੀ।

ਗ਼ੌਰਤਲਬ ਹੈ ਬੀਤੀ 2 ਮਈ ਨੂੰ ਵੀ ਇਸ ਮੁੱਦੇ ਉਤੇ ਕੌਲਿਜੀਅਮ ਦੀ ਮੀਟਿੰਗ ਹੋਈ ਸੀ ਪਰ ਉਦੋਂ ਮੁੜ ਸਿਫ਼ਾਰਸ਼ ਦਾ ਫ਼ੈਸਲਾ ਟਾਲ਼ ਦਿੱਤਾ ਗਿਆ ਸੀ। ਬਾਅਦ ਵਿੱਚ ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ ਜਸਟਿਸ ਚੇਲਾਮੇਸ਼ਵਰ ਨੇ ਜਸਟਿਸ ਜੋਜ਼ੇਫ ਦੇ ਨਾਂ ਦੀ ਮੁੜ ਸਿਫ਼ਾਰਸ਼ ਲਈ ਕੌਲਿਜੀਅਮ ਦੀ ਮੀਟਿੰਗ ਫ਼ੌਰੀ ਸੱਦਣ ਲਈ ਚੀਫ਼ ਜਸਟਿਸ ਨੂੰ ਪੱਤਰ ਲਿਖਿਆ ਸੀ।

ਜਾਣਕਾਰੀ ਮੁਤਾਬਕ ਕੌਲਿਜੀਅਮ ਵੱਲੋਂ ਕਲਕੱਤਾ, ਰਾਜਸਥਾਨ, ਤਿਲੰਗਾਨਾ ਤੇ ਆਂਧਰਾ ਪ੍ਰਦੇਸ਼ ਹਾਈ ਕੋਰਟਾਂ ਦੇ ਮੁੱਖ ਜੱਜਾਂ ਦੇ ਨਾਵਾਂ ਦੀ ਸਿਫ਼ਾਰਸ਼ ਵੀ ਸੁਪਰੀਮ ਕੋਰਟ ਦੇ ਜੱਜਾਂ ਵਜੋਂ ਤਰੱਕੀ ਲਈ ਭੇਜੇ ਜਾਣ 'ਤੇ ਗ਼ੌਰ ਕੀਤੀ ਜਾ ਰਹੀ ਹੈ।

## ਰੋਮਾਨੀਆਂ ਚ ਪੜ੍ਹਨ ਗਏ ਸੰਗਰੂਰ ਦੇ ਨੌਜਵਾਨ ਦਾ ਕਤਲ

ਵਾਸਤੇ ਪ੍ਰਧਾਨ ਮੰਤਰੀ ਰਿਲੀਫ਼ ਫੰਡ 'ਚੋਂ ਪੈਸਿਆਂ ਦਾ ਪ੍ਰਬੰਧ ਕੀਤਾ ਜਾਵੇ। ਫਰੀਦ ਨਗਰ ਦੇ ਵਸਨੀਕ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਤਾਇਨਾਤ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਉਸ ਦਾ ਛੋਟਾ ਪੁੱਤਰ ਅੰਮ੍ਰਿਤ ਸਿੰਘ 23 ਜਨਵਰੀ 2017 ਨੂੰ ਮਾਰਕੀਟਿੰਗ ਦਾ ਕੋਰਸ ਕਰਨ ਲਈ ਰੋਮਾਨੀਆ ਗਿਆ ਸੀ ਜੋ ਕਿ ਬੁਖਾਰੈਸਟ ਸ਼ਹਿਰ ਦੀ ਯੂਨੀਵਰਸਿਟੀ ਵਿੱਚ ਪੜ੍ਹਾਈ ਕਰ ਰਿਹਾ ਸੀ। ਉਸ ਨੇ ਦੱਸਿਆ ਕਿ 6 ਮਈ ਨੂੰ ਸਵੇਰੇ ਉਸ ਦੇ ਵੱਡੇ ਪੁੱਤਰ ਮਨਜੀਤ ਦੇ ਫੇਸਬੁੱਕ ਅਕਾਊਂਟ 'ਤੇ ਮੈਸੇਜ ਆਇਆ ਕਿ ਉਸ ਦਾ ਛੋਟਾ ਭਰਾ ਅੰਮ੍ਰਿਤ ਕਿਸੇ ਸੰਕਟ ਵਿੱਚ ਹੈ ਅਤੇ ਸ਼ਾਮ ਨੂੰ ਫੋਨ ਆਇਆ ਕਿ ਅੰਮ੍ਰਿਤ ਦੀ ਮੌਤ ਹੋ ਗਈ ਹੈ। ਪੁਲੀਸ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਅੰਮ੍ਰਿਤ ਚੌਥੀ ਮੰਜ਼ਿਲ ਤੋਂ ਹੇਠਾਂ ਡਿੱਗਿਆ ਹੈ ਅਤੇ ਉਸ ਦੇ ਸਿਰ ਦੇ ਪਿਛਲੇ ਹਿੱਸੇ 'ਚ ਜ਼ਖ਼ਮ ਹਨ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



Satnam Singh Khalsa

510-706-1300

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME®
Premium Bifacial Thin Film Solar

"A home is one of the most important assets that most people will ever buy. Homes are also where memories are made and you want to work with someone you can trust."

Warren Buffett, Chairman and CEO,
Berkshire Hathaway Inc.



## Office Address:
## 1983 Second Street,
## Livermore, CA 94550

BH HS
BERKSHIRE HATHAWAY
HomeServices

A Residential and Real Estate Company.
Serving East Bay and Valley Area
BUY SELL RESIDENTIAL RANCH AND AGRICULTURE FARM. Serving Fremont, Hayward Pleasanton, Dublin, Livermore, Tracy, Lathrop, Manteca, Ripon, Modesto, Stockton, Lodi.



ਕਿਸੇ ਕਿਸਮ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

# Priti Singh

(925) 999-0823

REALTOR®

CA BRE Licence #02024721

info@pritisingh.com

A Mamber of the Franchise System of BHHS Affiliates,LLC

HOSTED BY

# YUBA BROTHER FIELD HOCKEY CLUB

## & GADRI BABBE SPORTS CLUB


ਅਮਰਜੀਤ ਸਿੰਘ ਦੁਲਾਈ

UOP STOCKTON CA

ਮੁੱਖ ਮਹਿਮਾਨ

ਸਾਬਕਾ ਹਾਕੀ ਖਿਡਾਰੀ ਅਮਰਜੀਤ ਸਿੰਘ ਦੁਲਾਈ ਨੂੰ ਸਮਰਪਿਤ

# FIELD HOCKEY TOURNAMENT 2018


ਉਲੰਪੀਅਨ ਸੁਰਿੰਦਰ ਸਿੰਘ ਸੋਢੀ

**18, 19, 20 MAY 2018**
**FRIDAY, SATURDAY & SUNDY**

**UNIVERSITY OF PACIFIC**
**3601 Pacific Avel., Stockton CA**

ਪਹਿਲਾ ਇਨਾਮ


ਗਾਖਲ ਭਰਾਵਾਂ
ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ
ਤੇ ਇਕਬਾਲ ਸਿੰਘ ਗਾਖਲ
ਵਲੋਂ ਆਪਣੇ ਪਿਤਾ ਸਵ. ਨਸੀਬ ਸਿੰਘ ਗਾਖਲ
ਦੀ ਯਾਦ ਵਿਚ ਦਿੱਤਾ ਜਾਵੇਗਾ




ਦੂਜਾ ਇਨਾਮ


ਮਾਈਕ ਬੋਪਾਰਾਏ
ਬੋਪਾਰਾਏ ਭਰਾਵਾਂ ਵਲੋਂ ਦਿੱਤਾ ਜਾਵੇਗਾ

# GOLD SPONSORS

AMOLAK SINGH GAKHAL, IQBAL SINGH GAKHAL, PINDER SINGH GAKHAL, MANI GREWAL, FAST CARGO, ACCUTRAC, MALKIT SINGH BOPORAI AND BOPARAI BROTHERS, CENTRAL VALLEY SPORTS CLUB, KING'S SPORTS CLUB, SILVER SPONSORS, JAGJIT SINGH RAKKAR, SMANA SINGH RANA, US SHIPPING, GURNAM SINGH, RANJIT SINGH (PMP), WHITE HAWK STOCKTON, RAJINDER SINGH SAIKHON, DALJIT SINGH GILL, SARBJIT SINGH THIARA, COUGAR TRUCKLINE, UNION CITY TRANS, NARINDER SINGH SAHOTA, JUGRAJ SINGH SAHOTA, AVTAR SINGH SAHOTA, KULWINDER SINGH LALLY, KASHMIR SINGH THANDI, BALIHAR SINGH RANU, TAJINDER SINGH MANN, HARJINDER SINGH BOLINA, JASVIR SINGH SOHAL, TIRATH SINGH GAKHAL, LAKHA GAZIPURIA, NARINDER SINGH AUJLA, SABI SINGH (HSD), CARGO SOLUTIONS EXPRESS, BALJIT SINGH SAHOTA, KULWANT SINGH LASHER, LAKHBIR SINGH GILL, CFX TOOR BROS, PAVAN GREWAL, WHITE HAWK, LAKHVIR MAHAL, GURPREET KHEIRA, JASWANT SINGH HOTHI, BALJINDER SINGH KLAIR, SARUP SINGH SARAI, JOGA SINGH BATH, SANTOKH SINGH JUDGE, RAGHBIR SINGH SHERGILL, SURINDER SINGH ATWAL, JAGROOP SINGH, J. SINGH, JUS & JAG SAHOTA, MANJIT SINGH BRAR, FAST CARGO, LEGEND TRANSPORT, NIRMAL SINGH JANDA, CHARN KANG, HARWINDER JANDA, RAMAN DHALIWAL, JOHN SINGH GILL, BALJINDER SINGH BAJWA, BILLA SANGHERA, SUCHA SINGH, SUMEL SINGH, PETER SIDHU, SODHI SIDHU, JATINDER SINGH BAINS, ATUL KAPOOR, REX DHUTT, MAX SINGH, AMRITPAL SINGH TIWANA, GURMEJ SINGH GILL, TOD CARIER, DR. SUNNY BADYAL, GURJANT GILL, RANJIT SANDHU, DR. MANN, ANOOP CHEEMA, AJAIB MAHIL, HARJIT S. GILL, JAY CHEEMA, SONU GAKHAL, GOPI GAKHAL, VICKI GAKHAL, BHARINDER ANG, JUDGE FARMS, SUNNY DARAPURIA, SD TRUCKING, BULLET EXPRESS, BASRA TRUCKING, MONU SANDHU, DAVINDER NIJJAR, RUBY SINGH CHEEMA CANADA, SUKWINDER SINGH GABAR CANADA, MALWINDER SINGH, JASWINDER LASHER, PLATINUM YUBA CITY, PINDER LALLY, KULWINDER GILL, PINDER SANGHA, TAJINDER DOSANJH, JOHN FURTADA, BRONZE SPONSORS, BAL TRANSPORT

ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ

**For more information | www.ybfhc.us**

Jeetu Dhaliwal 916-633-4768
Teja Shokar 408-903-7578

Email: tjuppal@hotmail.com
Email: daveatwal@yahoo.com

Surjit Nijjar 530-682-9596
Harnek Singh Atwal 2019-351-5965


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com